


PUNJABSTAR.COM

# ਪੰਜਾਬ ਸਟਾਰ





Phone: 905-673-7666 , Fax: 1-289-206-8611 | 31 ਜੁਲਾਈ ਤੋਂ 06 ਅਗਸਤ, 2025 | Email :- editor@punjabstar.com, Vo. 20. Issue:1196


# ਰੂਸ ਵਿੱਚ ਭੂਚਾਲ ਨੇ ਹਿਲਾਈ ਧਰਤੀ

## ਰੂਸ 'ਚ ਆਏ ਭੂਚਾਲ ਕਾਰਨ ਅਮਰੀਕਾ ਸਣੇ ਇਹਨਾਂ ਦੇਸ਼ਾਂ 'ਚ ਸੁਨਾਮੀ ਦਾ ਖਤਰਾ, ਲਹਿਰਾਂ ਉੱਠਣੀਆਂ ਸ਼ੁਰੂ

### 30 ਵਾਰ ਮਹਿਸੂਸ ਕੀਤੇ ਗਏ ਭੂਚਾਲ ਦੇ ਝਟਕੇ



(ਪੰਜਾਬ ਸਟਾਰ ਬਿਊਰੋ)

ਰੂਸ ਦੇ ਪੂਰਬੀ ਤੱਟ 'ਤੇ ਕਾਮਚਟਕਾ ਪ੍ਰਾਇਦੀਪ ਦੇ ਨੇੜੇ ਆਏ ਭੂਚਾਲ ਨੇ ਤਬਾਹੀ ਮਚਾ ਦਿੱਤੀ ਹੈ। ਰਿਕਟਰ ਪੈਮਾਨੇ 'ਤੇ 8.7 ਦੀ ਤੀਬਰਤਾ ਵਾਲੇ ਭੂਚਾਲ ਕਾਰਨ ਧਰਤੀ ਹਿੱਲ ਗਈ ਹੈ। ਲੋਕਾਂ 'ਚ ਡਰ ਦਾ ਮਾਹੌਲ ਹੈ। ਰੂਸੀ ਏਜੰਸੀ ਦਾ ਕਹਿਣਾ ਹੈ ਕਿ ਭੂਚਾਲ ਤੋਂ ਬਾਅਦ ਕਾਮਚਟਕਾ ਵਿੱਚ 30 ਤੋਂ ਵੱਧ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਹਨ। ਤਬਾਹੀ ਦੀ ਸੰਭਾਵਨਾ ਨੂੰ ਮਹਿਸੂਸ ਕਰਦੇ ਹੋਏ, ਲੋਕ ਆਪਣੇ ਘਰਾਂ ਤੋਂ ਬਾਹਰ ਭੱਜਣ ਲੱਗੇ। ਭੂਚਾਲ ਤੋਂ ਬਾਅਦ, ਰੂਸ ਦੇ ਕੁਰਿਲ ਟਾਪੂਆਂ ਅਤੇ ਜਾਪਾਨ ਦੇ ਵੱਡੇ ਉੱਤਰੀ ਟਾਪੂ ਹੋਕਾਈਡੋ ਦੇ ਤੱਟਵਰਤੀ ਖੇਤਰਾਂ ਵਿੱਚ ਸੁਨਾਮੀ ਆਈ ਹੈ। ਕਈ ਇਲਾਕਿਆਂ ਲਈ ਸੁਨਾਮੀ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਇਸ ਨਾਲ ਲੋਕਾਂ ਦੀ ਮੁਸੀਬਤ ਵਧ ਗਈ ਹੈ।

ਬਾਕੀ ਸਫਾ 2 'ਤੇ

## ਚੀਨ 'ਚ ਹੜ੍ਹਾਂ ਕਾਰਨ ਮੱਚੀ ਤਬਾਹੀ, 30 ਮੌਤਾਂ



(ਪੰਜਾਬ ਸਟਾਰ ਬਿਊਰੋ)

ਚੀਨ ਵਿਚ ਹੜ੍ਹਾਂ ਦੇ ਕਾਰਨ ਹੁਣ ਤੱਕ 30 ਵਿਅਕਤੀਆਂ ਦੀ ਮੌਤ ਹੋ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਮੌਤਾਂ ਬੀਜਿੰਗ ਦੇ ਉੱਤਰੀ ਪਹਾੜੀ ਜ਼ਿਲ੍ਹੇ ਵਿੱਚ ਹੋਈਆਂ ਹਨ, ਜਿਨ੍ਹਾਂ ਵਿੱਚੋਂ 28 ਮਿਯੂੰ (Miyun) ਅਤੇ 2 ਯਾਨਕਿੰਗ (Yanqing) ਦੇ ਸ਼ਹਿਰ ਲੋਕ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਹੋਈ ਤਬਾਹੀ ਵਿਚ ਸੜਕਾਂ ਟੁੱਟ ਗਈਆਂ ਹਨ ਅਤੇ ਬਿਜਲੀ ਸਪਲਾਈ ਵੀ ਠੱਪ ਹੈ। ਜਿਸ ਕਾਰਨ ਲੋਕਾਂ ਨੂੰ ਵੱਡੇ ਪੱਧਰ ਪ੍ਰਭਾਵਿਤ

ਬਾਕੀ ਸਫਾ 2 'ਤੇ

## ਸ੍ਰੀ ਹਰਿਮੰਦਰ ਸਾਹਿਬ ਨੂੰ ਉਡਾਉਣ ਦੀ ਫਿਰ ਮਿਲੀ ਧਮਕੀ

### ਪੁਲਿਸ ਈਮੇਲ ਭੇਜਣ ਵਾਲੇ ਮੁਲਜ਼ਮ ਦਾ ਨਹੀਂ ਲਗਾ ਸਕੀ ਪਤਾ



ਅੰਮ੍ਰਿਤਸਰ, (ਪੰਜਾਬ ਸਟਾਰ ਬਿਊਰੋ): ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ਨੂੰ ਆਰਡੀਐਕਸ ਨਾਲ ਉਡਾਉਣ ਦੀ ਇੱਕ ਹੋਰ ਧਮਕੀ ਮਿਲੀ ਹੈ। ਇਹ ਧਮਕੀ ਸੋਮਵਾਰ ਨੂੰ ਐਸਜੀਪੀਸੀ ਈ-ਮੇਲ 'ਤੇ ਭੇਜੀ ਗਈ ਸੀ। ਈਮੇਲ ਵਿੱਚ ਲਿਖੇ ਸੁਨੇਹੇ ਦਾ ਅੰਦਾਜ਼ ਉਹੀ ਹੈ ਜੋ ਪਹਿਲਾਂ ਦਿੱਤੀਆਂ ਗਈਆਂ 13 ਧਮਕੀਆਂ ਵਿੱਚ ਲਿਖਿਆ ਸੀ।

ਬਾਕੀ ਸਫਾ 2 'ਤੇ

## ਕੈਨੇਡਾ 'ਚ ਭਾਰਤੀ ਕਾਰੋਬਾਰੀਆਂ 'ਤੇ ਗੋਲੀਬਾਰੀ ਦੇ ਮਾਮਲੇ 3 ਗੁਣਾ ਵਧੇ



ਸਰੀ (ਸੇਖਾ): ਕੈਨੇਡਾ ਵਿਚ ਗੋਲੀਆਂ ਦਾ ਨਿਸ਼ਾਨਾ ਬਣ ਰਹੇ ਭਾਰਤੀ ਪਰਵਾਰਾਂ ਦੀ ਗਿਣਤੀ ਪਿਛਲੇ 2 ਮਹੀਨੇ ਵਿਚ ਤਿੰਨ ਗੁਣਾ ਵਧ ਚੁੱਕੀ ਹੈ ਅਤੇ ਜਾਨ-ਮਾਲ ਦੀ ਰਾਖੀ ਲਈ ਨਿਜੀ ਸੁਰੱਖਿਆ ਗਾਰਡ ਰੱਖਣ ਲਈ ਮਜਬੂਰ ਹਨ। ਸਰੀ ਪੁਲਿਸ ਜੂਨ ਦੇ ਪਹਿਲੇ ਹਫ਼ਤੇ ਤੱਕ ਜਬਰੀ ਵਸੂਲੀ ਦੇ 10 ਮਾਮਲਿਆਂ ਦੀ ਪੜਤਾਲ ਕਰ ਰਹੀ ਸੀ ਪਰ ਹੁਣ ਇਹ ਅੰਕੜਾ 26 ਹੋ ਚੁੱਕਾ ਹੈ। ਉਧਰ ਐਡਮਿੰਟਨ ਵਿਖੇ

ਬਾਕੀ ਸਫਾ 2 'ਤੇ

## ਟਰੰਪ ਨੇ ਭਾਰਤ ਨੂੰ 'ਦੋਸਤ' ਦੱਸਿਆ

### 25 ਫ਼ੀਸਦੀ ਟੈਰਿਫ ਦਾ ਐਲਾਨ



ਅਮਰੀਕਾ (ਪੰਜਾਬ ਸਟਾਰ ਬਿਊਰੋ): ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅੱਜ ਕਿਹਾ ਕਿ 1 ਅਗਸਤ ਤੋਂ ਭਾਰਤ ਤੋਂ ਆਯਾਤ 'ਤੇ 25 ਫ਼ੀਸਦੀ ਟੈਰਿਫ ਲਗਾਇਆ ਜਾਵੇਗਾ ਅਤੇ ਨਾਲ ਹੀ ਰੂਸ ਤੋਂ ਤੇਲ ਅਤੇ ਫ਼ੌਜੀ ਉਪਕਰਨ ਖਰੀਦਣ 'ਤੇ ਜੁਰਮਾਨਾ ਲਗਾਇਆ ਜਾਵੇਗਾ।

ਟਰੰਪ ਨੇ ਠਰੁਟਹ ਸ਼ੋਚਿਓਲ 'ਤੇ ਕਿਹਾ, ''ਸਾਡਾ ਭਾਰਤ ਨਾਲ ਭਾਰੀ ਵਪਾਰ ਘਾਟਾ ਹੈ। ... ਸਭ ਕੁਝ ਠੀਕ ਨਹੀਂ ਹੈ! ਇਸ ਲਈ ਭਾਰਤ 25 ਫ਼ੀਸਦੀ ਟੈਰਿਫ ਦਾ ਭੁਗਤਾਨ ਕਰੇਗਾ, ਇਸ ਤੋਂ ਇਲਾਵਾ ਇਸ ਸਭ ਲਈ

ਬਾਕੀ ਸਫਾ 2 'ਤੇ

## ਕੈਨੇਡੀਅਨ ਬਾਰਡਰ ਅਧਿਕਾਰੀਆਂ ਨੂੰ 600 ਅਪਰਾਧਿਕ ਰਿਕਾਰਡ ਵਾਲੇ ਵਿਦੇਸ਼ੀ ਨਾਗਰਿਕਾਂ ਦੀ ਡਿਪੋਰਟੇਸ਼ਨ ਲਈ ਭਾਲ





ਔਟਵਾ, ਕੈਨੇਡਾ (ਕੁਲਤਰਨ ਸਿੰਘ ਪਧਿਆਣਾ): ਕੈਨੇਡੀਅਨ ਬਾਰਡਰ ਸੇਵਾ ਏਜੰਸੀ (ਸੀਬੀਐਸਏ) ਵੱਲੋਂ ਲਗਭਗ 600 ਵਿਦੇਸ਼ੀ ਨਾਗਰਿਕਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਨ੍ਹਾਂ ਦੇ ਅਪਰਾਧਿਕ ਰਿਕਾਰਡ ਹਨ ਅਤੇ ਜਿਨ੍ਹਾਂ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਵਿੱਚੋਂ 431 ਵਿਅਕਤੀਆਂ ਨੂੰ ਗੰਭੀਰ ਅਪਰਾਧਾਂ ਜਿਵੇਂ ਕਿ ਜਿਨਸੀ ਸ਼ੋਸ਼ਣ ਵਰਗੇ ਜੁਰਮਾਂ ਦਾ ਦੋਸ਼ੀ ਪਾਇਆ ਗਿਆ ਹੈ। ਸੀਬੀਐਸਏ ਦੇ ਅੰਕੜਿਆਂ ਅਨੁਸਾਰ, 1,635 ਵਿਦੇਸ਼ੀ ਨਾਗਰਿਕ ਜਿਨ੍ਹਾਂ ਨੇ ਕੈਨੇਡਾ ਵਿੱਚ ਅਪਰਾਧ ਕੀਤੇ ਹਨ, ਨੂੰ ਡਿਪੋਰਟੇਸ਼ਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਇਨ੍ਹਾਂ ਵਿੱਚੋਂ 599 ਜਣੇ ਡਿਪੋਰਟੇਸ਼ਨ ਪ੍ਰਕਿਰਿਆ ਵਿੱਚ ਸ਼ਾਮਲ ਨਹੀਂ ਹੋਏ ਅਤੇ ਏਜੰਸੀ ਦੀ "ਵਾਂਟਿਡ" ਸੂਚੀ ਵਿੱਚ ਸ਼ਾਮਲ ਕੀਤੇ ਗਏ ਹਨ ਅਤੇ ਇਹਨਾਂ ਨੂੰ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ।

ਸੀਬੀਐਸਏ ਦੇ ਅੰਕੜਿਆਂ ਅਨੁਸਾਰ, ਇਨ੍ਹਾਂ 599 ਜਣਿਆਂ ਵਿੱਚੋਂ 315

ਬਾਕੀ ਸਫਾ 2 'ਤੇ

## ਕੈਨੇਡਾ ਫਲਸਤੀਨੀ ਨੂੰ ਮਾਨਤਾ ਦਵੇਗਾ!: PM ਕਾਰਨੀ



(ਪੰਜਾਬ ਸਟਾਰ ਬਿਊਰੋ)

ਫਰਾਂਸ ਅਤੇ ਯੂਨਾਈਟਿਡ ਕਿੰਗਡਮ ਤੋਂ ਬਾਅਦ, ਹੁਣ ਕੈਨੇਡਾ ਨੇ ਵੀ ਐਲਾਨ ਕੀਤਾ ਹੈ ਕਿ ਉਹ ਸਤੰਬਰ ਵਿੱਚ ਸੰਯੁਕਤ ਰਾਸ਼ਟਰ ਮਹਾਸਭਾ ਦੇ 80ਵੇਂ ਸੈਸ਼ਨ ਵਿੱਚ ਫਲਸਤੀਨ ਰਾਜ ਨੂੰ ਰਸਮੀ ਤੌਰ 'ਤੇ ਮਾਨਤਾ ਦੇਵੇਗਾ। ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਕਿ ਕੈਨੇਡਾ ਹਮੇਸ਼ਾ ਫਲਸਤੀਨ ਅਤੇ ਇਜ਼ਰਾਈਲ ਵਿਚਕਾਰ ਟਕਰਾਅ ਵਿੱਚ ਦੋ-ਰਾਜ ਹੱਲ ਦਾ ਸਮਰਥਨ ਕਰਦਾ ਰਿਹਾ ਹੈ, ਪਰ ਹੁਣ "ਦੋ-ਰਾਜ ਹੱਲ ਦੀਆਂ ਸੰਭਾਵਨਾਵਾਂ ਲਗਾਤਾਰ ਅਤੇ ਗੰਭੀਰ ਰੂਪ ਵਿੱਚ ਖਤਮ ਹੋ ਗਈਆਂ ਹਨ"।

ਪ੍ਰਧਾਨ ਮੰਤਰੀ ਕਾਰਨੀ ਨੇ ਜ਼ੋਰ ਦਿੱਤਾ ਕਿ ਇਜ਼ਰਾਈਲੀ ਸਰਕਾਰ ਗਾਜ਼ਾ ਵਿੱਚ ਤੇਜ਼ੀ ਨਾਲ ਵਿਗੜ ਰਹੀ ਮਨੁੱਖੀ ਤਬਾਹੀ ਨੂੰ ਰੋਕਣ ਵਿੱਚ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਦੋ-ਰਾਜ ਹੱਲ ਦਾ ਅਰਥ "ਹਿੰਸਾ ਦੀ ਬਜਾਏ ਸ਼ਾਂਤੀ ਨੂੰ ਚੁਣਨ ਵਾਲੇ ਸਾਰੇ ਲੋਕਾਂ ਨਾਲ ਖੜ੍ਹਾ ਹੋਣਾ" ਹੈ। ਕਾਰਨੀ ਦੇ ਬਿਆਨ ਵਿੱਚ ਕਿਹਾ ਗਿਆ ਹੈ, "ਨਾਗਰਿਕਾਂ ਦੇ ਵਧਦੇ ਦੁੱਖ ਸ਼ਾਂਤੀ, ਸੁਰੱਖਿਆ ਅਤੇ ਸਾਰੇ ਮਨੁੱਖੀ ਜੀਵਨ ਦੇ ਸਨਮਾਨ ਦਾ ਸਮਰਥਨ ਕਰਨ ਲਈ ਤਾਲਮੇਲ ਵਾਲੀ ਅੰਤਰਰਾਸ਼ਟਰੀ ਕਾਰਵਾਈ ਵਿੱਚ ਦੇਰੀ ਲਈ ਕੋਈ ਥਾਂ ਨਹੀਂ ਛੱਡਦੇ।" ਉਨ੍ਹਾਂ ਨੇ ਅੱਗੇ ਕਿਹਾ

ਬਾਕੀ ਸਫਾ 2 'ਤੇ

## ਪਟਾਕਿਆਂ ਦੀ ਫੈਕਟਰੀ 'ਚ ਧਮਾਕਾ, ਨੌਂ ਲੋਕਾਂ ਦੀ ਮੌਤ

ਬੈਂਕਾਕ, (ਪੰਜਾਬ ਸਟਾਰ ਬਿਊਰੋ): ਪਟਾਕਿਆਂ ਦੀ ਇੱਕ ਫੈਕਟਰੀ ਵਿੱਚ ਧਮਾਕਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਮੱਧ ਥਾਈਲੈਂਡ ਵਿੱਚ ਹੋਏ ਇਸ ਧਮਾਕੇ ਵਿੱਚ ਘੱਟੋ-ਘੱਟ ਨੌਂ ਲੋਕਾਂ ਦੀ ਮੌਤ ਹੋ ਗਈ। ਸਥਾਨਕ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਇਹ ਧਮਾਕਾ ਬੈਂਕਾਕ ਤੋਂ ਲਗਭਗ 95 ਕਿਲੋਮੀਟਰ ਉੱਤਰ-ਪੱਛਮ ਵਿੱਚ ਸੁਫਾਨ ਬੁਰੀ ਪ੍ਰਾਂਤ ਵਿੱਚ ਹੋਇਆ। ਧਮਾਕੇ ਦਾ ਕਾਰਨ ਅਜੇ ਪਤਾ ਨਹੀਂ ਲੱਗ ਸਕਿਆ ਹੈ। 'ਸਮਰਾਕੁਨ

ਬਾਕੀ ਸਫਾ 2 'ਤੇ



## ਕੈਨੇਡਾ: ਬੈਟਲ ਰਿਵਰ ਕ੍ਰੋਫੁਟ ਦੀ ਜ਼ਿਮਨੀ ਚੋਣ ਲਈ 117 ਉਮੀਦਵਾਰ ਮੈਦਾਨ 'ਚ

(ਬਲਜਿੰਦਰ ਸੇਖਾ)

ਕੈਨੇਡਾ ਦੀ ਮੁੱਖ ਵਿਰੋਧੀ ਪਾਰਟੀ ਦੇ ਆਗੂ ਪੀਅਰ ਪੋਲੀਵਰ ਇੱਕ ਵਾਰ ਫਿਰ ਸੰਸਦ ਵਿੱਚ ਦਾਖਲ ਹੋਣ ਲਈ ਚੋਣ ਲੜ ਰਹੇ ਹਨ। ਓਟਵਾ ਦੇ ਨੇਪੀਅਨ ਕਾਰਲਟਨ ਹਲਕੇ ਤੋਂ ਪਹਿਲਾਂ 7 ਵਾਰ ਜਿੱਤ ਚੁੱਕੇ ਪੋਲੀਵਰ ਇਸ ਸਾਲ 28 ਅਪ੍ਰੈਲ ਨੂੰ ਹੋਈਆਂ ਚੋਣਾਂ ਵਿੱਚ ਲਿਬਰਲ ਪਾਰਟੀ ਦੇ ਬਰੂਸ ਫਰੈਂਜ਼ੋ ਤੋਂ 4513 ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਇਸ ਹਾਰ ਦਾ ਕਾਰਨ ਮੁੱਖ ਤੌਰ 'ਤੇ 52 ਉਮੀਦਵਾਰਾਂ ਦੀ ਮੌਜੂਦਗੀ ਮੰਨਿਆ ਗਿਆ ਸੀ, ਜਿਸ ਨਾਲ ਵੋਟਾਂ ਵੰਡੀਆਂ ਗਈਆਂ ਸਨ।

ਬਾਕੀ ਸਫਾ 2 'ਤੇ







ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?


ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor

www.MakeMeDebtFree.ca 416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090



Vik Mehmi
Broker
416-500-6262

# ਪੇਜ ਇੱਕ ਦੀ ਬਾਕੀ

## ਰੂਸ ਵਿੱਚ ਭੂਚਾਲ...

ਭੂਚਾਲ ਦੇ ਕਈ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਹਨ। ਰੂਸ ਦੇ ਕਾਮਚਟਕਾ ਵਿੱਚ ਆਏ ਭੂਚਾਲ ਦੇ ਝਟਕਿਆਂ ਦੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਹਨ। ਇਸ ਵਿੱਚ ਦਿਖਾਇਆ ਗਿਆ ਹੈ ਕਿ ਇੱਕ ਘਰ ਦੀਆਂ ਚੀਜ਼ਾਂ ਬੁਰੀ ਤਰ੍ਹਾਂ ਹਿੱਲ ਰਹੀਆਂ ਹਨ। ਉਪਭੋਗਤਾਵਾਂ ਨੇ ਲੋਕਾਂ ਨੂੰ ਸਾਵਧਾਨ ਰਹਿਣ ਦੀ ਚੇਤਾਵਨੀ ਦਿੱਤੀ ਹੈ। ਇੱਕ ਹੋਰ ਵੀਡੀਓ ਵਿੱਚ, ਇੱਕ ਕੈਂਪ ਵਿੱਚ ਰੱਖੀਆਂ ਚੀਜ਼ਾਂ ਹਿੱਲਦੀਆਂ ਦਿਖਾਈ ਦੇ ਰਹੀਆਂ ਹਨ। ਲੋਕਾਂ ਦਾ ਕਹਿਣਾ ਹੈ ਕਿ ਭੂਚਾਲ ਦੇ ਝਟਕੇ ਇੰਝ ਮਹਿਸੂਸ ਹੋਏ ਜਿਵੇਂ ਕੋਈ ਸਾਨੂੰ ਤੇਜ਼ੀ ਨਾਲ ਹਿਲਾ ਰਿਹਾ ਹੋਵੇ। ਭੂਚਾਲ ਦੇ ਝਟਕੇ ਮਹਿਸੂਸ ਕਰਨ ਤੋਂ ਬਾਅਦ ਲੋਕ ਆਪਣੇ ਘਰਾਂ ਤੋਂ ਬਾਹਰ ਭੱਜ ਗਏ। ਇਸ ਦੇ ਨਾਲ ਹੀ, ਰੂਸੀ ਏਜੰਸੀ ਨੇ ਕਿਹਾ ਕਿ ਭੂਚਾਲ ਤੋਂ ਬਾਅਦ, 2 ਤੋਂ 5 ਤੀਬਰਤਾ ਦੇ 30 ਹੋਰ ਝਟਕੇ ਕਈ ਵਾਰ ਮਹਿਸੂਸ ਕੀਤੇ ਗਏ ਹਨ। ਰੂਸੀ ਨਿਊਜ਼ ਏਜੰਸੀ ਦੇ ਅਨੁਸਾਰ, ਭੂਚਾਲ ਦੌਰਾਨ ਹਵਾਈ ਅੱਡੇ ਸਮੇਤ ਕਈ ਥਾਵਾਂ 'ਤੇ ਬਹੁਤ ਸਾਰੇ ਲੋਕਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ।

ਭੂਚਾਲ ਤੋਂ ਬਾਅਦ ਰੂਸ ਦੇ ਸਭ ਤੋਂ ਵੱਡੇ ਸ਼ਹਿਰ ਪੈਟ੍ਰੋਪਾਵਲੋਵਸਕ-ਕਾਮਚੈਟਸਕੀ ਦੀਆਂ ਸੜਕਾਂ 'ਤੇ ਲੋਕ ਉਤਰ ਆਏ। ਘਰਾਂ ਦੇ ਅੰਦਰ ਸ਼ੈਲਫ ਡਿੱਗ ਪਏ, ਸ਼ੀਸ਼ੇ ਟੁੱਟ ਗਏ, ਸੜਕ 'ਤੇ ਕਾਰਾਂ ਨੂੰ ਨੁਕਸਾਨ ਪਹੁੰਚਿਆ ਅਤੇ ਇਮਾਰਤਾਂ ਹਿੱਲਦੀਆਂ ਦੇਖੀਆਂ ਗਈਆਂ ਹਨ। ਜੁਲਾਈ ਦੇ ਸ਼ੁਰੂ ਵਿੱਚ, ਕਾਮਚਟਕਾ ਦੇ ਨੇੜੇ ਸਮੁੰਦਰ ਵਿੱਚ ਪੰਜ ਸ਼ਕਤੀਸ਼ਾਲੀ ਭੂਚਾਲ ਆਏ - ਜਿਨ੍ਹਾਂ ਵਿੱਚੋਂ ਸਭ ਤੋਂ ਵੱਡੇ ਭੂਚਾਲ ਦੀ ਤੀਬਰਤਾ 7.4 ਸੀ। ਸਭ ਤੋਂ ਵੱਡਾ ਭੂਚਾਲ 20 ਕਿਲੋਮੀਟਰ ਦੀ ਡੂੰਘਾਈ 'ਤੇ ਅਤੇ 180,000 ਦੀ ਆਬਾਦੀ ਵਾਲੇ ਪੈਟ੍ਰੋਪਾਵਲੋਵਸਕ-ਕਾਮਚਟਸਕੀ ਸ਼ਹਿਰ ਤੋਂ 144 ਕਿਲੋਮੀਟਰ ਪੂਰਬ ਵੱਲ ਸੀ। 4 ਨਵੰਬਰ, 1952 ਨੂੰ ਕਾਮਚਟਕਾ ਵਿੱਚ 9.0 ਤੀਬਰਤਾ ਦੇ ਭੂਚਾਲ ਨੇ ਭਾਰੀ ਨੁਕਸਾਨ ਕੀਤਾ।

ਰੂਸ : ਰੂਸ ਦੇ ਕਾਮਚਟਕਾ ਵਿੱਚ ਬੁੱਧਵਾਰ ਸਵੇਰੇ 4:54 ਵਜੇ (ਭਾਰਤੀ ਸਮੇਂ ਅਨੁਸਾਰ) 8.8 ਤੀਬਰਤਾ ਦਾ ਭੂਚਾਲ ਆਇਆ, ਜੋ ਦੁਨੀਆ ਦਾ ਛੇਵਾਂ ਸਭ ਤੋਂ ਵੱਡਾ ਭੂਚਾਲ ਸੀ। ਇਸ ਦੀ ਤੀਬਰਤਾ ਇੰਨੀ ਜ਼ਿਆਦਾ ਸੀ ਕਿ ਪ੍ਰਸ਼ਾਂਤ ਮਹਾਸਾਗਰ ਦੇ ਨੇੜਲੇ ਦੇਸ਼ਾਂ ਵਿੱਚ ਸੁਨਾਮੀ ਦਾ ਖਤਰਾ ਪੈਦਾ ਹੋ ਗਿਆ। ਇਸ ਨੇ 2011 ਵਿੱਚ ਜਾਪਾਨ ਦੀ ਤਬਾਹੀ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ। ਕਈ ਦੇਸ਼ਾਂ ਵਿੱਚ ਸੁਨਾਮੀ ਚਿ ਚੇਤਾਵਨੀ ਜਾਰੀ ਕਰ ਦਿੱਤੀ ਗਈ ਹੈ। ਆਓ ਜਾਣਦੇ ਹਾਂ ਉਹਨਾਂ ਦੇਸ਼ਾਂ ਬਾਰੇ ਜਿੱਥੇ ਸੁਨਾਮੀ ਦਾ ਖਤਰਾ ਮੰਡਰਾ ਰਿਹਾ ਹੈ।

ਸੁਨਾਮੀ ਦੀਆਂ ਲਹਿਰਾਂ ਸ਼ੁਰੂ

ਭੂਚਾਲ ਤੋਂ ਬਾਅਦ ਸੁਨਾਮੀ ਦੀਆਂ ਲਹਿਰਾਂ ਨੇ ਜਾਪਾਨ, ਅਮਰੀਕਾ ਅਤੇ ਰੂਸ ਦੇ ਤਟਾਂ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਅਮਰੀਕਾ ਦੇ ਤਟੀ ਸੂਬਿਆਂ ਵਿੱਚ ਸੁਨਾਮੀ ਦਾ ਖਤਰਾ ਵਧਦਾ ਜਾ ਰਿਹਾ ਹੈ। ਹਵਾਈ ਦੇ ਤਟ ਨਾਲ ਸੁਨਾਮੀ ਦੀਆਂ ਲਹਿਰਾਂ ਟਕਰਾਉਣ ਲੱਗੀਆਂ ਹਨ। ਹਾਲਾਂਕਿ ਲਹਿਰਾਂ ਦੀ ਉਚਾਈ ਅਜੇ ਘੱਟ ਹੈ, ਪਰ ਇਹ ਆਉਣ ਵਾਲੇ ਵੱਡੇ ਖਤਰੇ ਦਾ ਸੰਕੇਤ ਦੇ ਰਹੀਆਂ ਹਨ। ਹਵਾਈ ਦੇ ਤਟੀ ਖੇਤਰਾਂ ਨੂੰ ਖਾਲੀ ਕਰਵਾ ਦਿੱਤਾ ਗਿਆ ਹੈ।

ਕਿੱਥੇ-ਕਿੱਥੇ ਸੁਨਾਮੀ ਦਾ ਖਤਰਾ?

ਰੂਸ, ਜਾਪਾਨ, ਅਮਰੀਕਾ, ਕੈਨੇਡਾ, ਇਕਵਾਡੋਰ, ਪੇਰੂ, ਮੈਕਸੀਕੋ, ਨਿਊਜ਼ੀਲੈਂਡ, ਚੀਨ, ਫਿਲੀਪੀਨਜ਼, ਤਾਈਵਾਨ ਅਤੇ ਇੰਡੋਨੇਸ਼ੀਆ ਵਿੱਚ ਸੁਨਾਮੀ ਦਾ ਖਤਰਾ ਮੰਡਰਾ ਰਿਹਾ ਹੈ। ਤਟੀ ਖੇਤਰਾਂ ਤੋਂ ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਤਬਦੀਲ ਕੀਤਾ ਜਾ ਰਿਹਾ ਹੈ। ਤਾਈਵਾਨ ਅਤੇ ਇੰਡੋਨੇਸ਼ੀਆ ਵਿੱਚ ਸੁਨਾਮੀ ਦੀ ਚਿਤਾਵਨੀ ਨੇ ਲੋਕਾਂ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਹੈ।

ਅਮਰੀਕਾ 'ਤੇ ਕੀ ਹੋ ਸਕਦਾ ਹੈ ਅਸਰ?

ਅਮਰੀਕਾ ਵਿੱਚ ਸੁਨਾਮੀ ਦਾ ਅਸਰ ਲਗਭਗ 10 ਕਰੋੜ ਲੋਕਾਂ 'ਤੇ ਪੈ ਸਕਦਾ ਹੈ। 9 ਸੂਬਿਆਂ ਵਿੱਚ ਸੁਨਾਮੀ ਦੀ ਦਹਿਸ਼ਤ ਹੈ। ਹਵਾਈ ਦੀ 15 ਲੱਖ ਅਤੇ ਅਲਾਸਕਾ ਦੀ ਸਾਢੇ ਸੱਤ ਲੱਖ ਦੀ ਅਬਾਦੀ ਪ੍ਰਭਾਵਿਤ ਹੋ ਸਕਦੀ ਹੈ। ਅਮਰੀਕਾ ਦੇ ਸਭ ਤੋਂ ਵੱਡੇ ਸੂਬੇ ਕੈਲੀਫੋਰਨੀਆ, ਜਿੱਥੇ 3.90 ਕਰੋੜ ਲੋਕ ਰਹਿੰਦੇ ਹਨ, 'ਤੇ ਵੀ ਸੁਨਾਮੀ ਦਾ ਅਸਰ ਪੈ ਸਕਦਾ ਹੈ। ਵਾਸ਼ਿੰਗਟਨ, ਓਰੇਗਾਨ, ਟੈਕਸਸ, ਨਿਊ ਮੈਕਸੀਕੋ, ਐਰੀਜ਼ੋਨਾ ਅਤੇ ਲੂਸੀਆਨਾ ਵਿੱਚ ਵੀ ਸੁਨਾਮੀ ਦੀਆਂ ਲਹਿਰਾਂ ਦਾ ਖੌਫ ਹੈ।

ਜਾਪਾਨ ਦਾ ਕੀ ਹਾਲ ਹੈ?

ਜਾਪਾਨ ਦੇ ਤਟੀ ਖੇਤਰਾਂ ਨਾਲ ਸੁਨਾਮੀ ਦੀਆਂ ਲਹਿਰਾਂ ਟਕਰਾ ਰਹੀਆਂ ਹਨ। ਪ੍ਰਸ਼ਾਂਤ ਮਹਾਸਾਗਰ ਵਿੱਚ ਉੱਚੀਆਂ ਲਹਿਰਾਂ ਉੱਠ ਰਹੀਆਂ ਹਨ, ਜਿਸ ਕਾਰਨ ਤਟੀ ਖੇਤਰਾਂ ਨੂੰ ਖਾਲੀ ਕਰਵਾਇਆ ਜਾ ਰਿਹਾ ਹੈ। 20 ਲੱਖ ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਤਬਦੀਲ ਕਰ ਦਿੱਤਾ ਗਿਆ ਹੈ। ਜਾਪਾਨ ਦੇ ਮੌਸਮ ਵਿਭਾਗ ਨੇ ਪੂਰਬੀ ਤਟ ਲਈ ਸੁਨਾਮੀ ਦੀ ਚੇਤਾਵਨੀ ਜਾਰੀ ਕੀਤੀ ਹੈ। ਹੋਕਾਇਡੋ ਤੋਂ ਕਿਓਸ਼ੂ ਤੱਕ ਅਲਰਟ ਜਾਰੀ ਹੈ, ਅਤੇ ਲੋਕਾਂ ਨੂੰ ਤਟੀ ਖੇਤਰਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਗਈ ਹੈ।

## ਚੀਨ 'ਚ ਹੜ੍ਹਾਂ ਕਾਰਨ...

ਇਲਾਕਿਆਂ ਵਿੱਚੋਂ ਬਾਹਰ ਕੱਢਿਆ ਜਾ ਰਿਹਾ ਹੈ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਅਧਿਕਾਰੀਆਂ ਨੂੰ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪੁਖ਼ਤਾ ਪ੍ਰਬੰਧ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਮਲਬੇ ਦੇ ਹੇਠਾਂ ਦਬੇ ਲੋਕਾਂ ਨੂੰ ਲੱਭਣ ਲਈ ਬਚਾਅ ਕਾਰਜ ਜਾਰੀ ਹਨ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ ਲੋਕਾਂ ਨੂੰ ਸੁਰੱਖਿਅਤ ਥਾਵਾਂ ਉੱਤੇ ਪਹੁੰਚਾਇਆ ਜਾ ਰਿਹਾ ਹੈ।

ਵੇਰਵਿਆਂ ਅਨੁਸਾਰ ਮਹਿਜ਼ ਬੀਜਿੰਗ ਵਿੱਚ 80,000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਹੜ੍ਹ ਕਾਰਨ 31 ਸੜਕਾਂ ਨੂੰ ਨੁਕਸਾਨ ਪਹੁੰਚਿਆ ਅਤੇ 136 ਪਿੰਡਾਂ ਵਿੱਚ ਬਿਜਲੀ ਸਪਲਾਈ ਠੱਪ ਹੋ ਗਈ ਹੈ। ਸੀਯੂਆਈ ਡੀ (Cui Di) ਦੇ ਡਿਪਟੀ ਚੀਫ਼ ਨੇ ਦੱਸਿਆ ਕਿ ਸ਼ਨਿਚਵਾਰ ਰਾਤ ਤੋਂ ਹੀ ਭਾਰੀ ਮੀਂਹ ਪੈ ਰਿਹਾ ਹੈ, ਜਿਸ ਕਰਕੇ ਸ਼ਹਿਚਹਏਨਗ ਅਤੇ ਨਿ. ਵਿੱਚ ਹੜ੍ਹ ਦੀ ਸਥਿਤੀ ਪੈਦਾ ਹੋ ਗਈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਹੋਰ ਥਾਵਾਂ 'ਤੇ ਪਹੁੰਚਾਇਆ ਗਿਆ ਉਨ੍ਹਾਂ ਲਈ ਜ਼ਰੂਰੀ ਵਸਤਾਂ ਜਿਵੇਂ ਦੁੱਧ, ਅੰਡੇ, ਬਰੈੱਡ ਅਤੇ ਕੰਬਲ ਆਦਿ ਪਹੁੰਚਾਏ ਜਾ ਰਹੇ ਹਨ।

## ਸ੍ਰੀ ਹਰਿਮੰਦਰ ਸਾਹਿਬ ਨੂੰ...

ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਹੁਣ ਤੱਕ ਪੁਲਿਸ ਈਮੇਲ ਭੇਜਣ ਵਾਲੇ ਮੁਲਜ਼ਮ ਦਾ ਪਤਾ ਨਹੀਂ ਲਗਾ ਸਕੀ ਹੈ।

ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ, ਈ-ਮੇਲ ਭੇਜਣ ਵਾਲੇ ਵਿਅਕਤੀ ਦੀ ਲੋਕੇਸ਼ਨ ਵਾਰ-ਵਾਰ ਬਦਲ ਰਹੀ ਹੈ। ਉਸਦਾ ਆਈਪੀ ਐਡਰੈੱਸ ਕਦੇ ਦੇਸ਼ ਦੇ ਰਾਜਾਂ ਵਿੱਚ ਅਤੇ ਕਦੇ ਵਿਦੇਸ਼ਾਂ ਵਿੱਚ ਟਰੇਸ ਕੀਤਾ ਜਾਂਦਾ ਹੈ। ਇਨ੍ਹਾਂ ਹਾਲਾਤਾਂ ਵਿੱਚ, ਪੁਲਿਸ ਲਈ ਦੋਸ਼ੀ ਤੱਕ ਪਹੁੰਚਣਾ ਬਹੁਤ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਇਸ ਸਬੰਧੀ ਪੰਜਾਬ ਪੁਲਿਸ ਦਾ ਸਟੇਟ ਸਾਈਬਰ ਸੈੱਲ ਡੇਟਾ ਪ੍ਰਦਾਨ ਕਰਨ ਵਾਲੀ ਕੰਪਨੀ ਦੇ ਸੰਪਰਕ ਵਿੱਚ ਹੈ। ਪਰ ਈ-ਮੇਲ ਨਾਲ ਸਬੰਧਿਤ ਡੇਟਾ ਪੁਲਿਸ ਤੱਕ ਪਹੁੰਚਣ ਵਿੱਚ ਇੱਕ ਤੋਂ ਡੇਢ ਮਹੀਨਾ ਲੱਗ ਸਕਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਵਕੀਲ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਹੁਣ ਤੱਕ ਸ੍ਰੀ ਹਰਿਮੰਦਰ ਸਾਹਿਬ ਨੂੰ 14 ਧਮਕੀਆਂ ਮਿਲੀਆਂ ਹਨ ਅਤੇ ਇਹ ਸਿਲਸਿਲਾ ਜਾਰੀ ਹੈ। ਅਜੇ ਤੱਕ ਪੁਲਿਸ ਅਧਿਕਾਰੀ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਬਾਰੇ ਕੁਝ ਨਹੀਂ ਕਹਿ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ 22 ਜੁਲਾਈ ਨੂੰ ਪੁਲਿਸ ਅਧਿਕਾਰੀਆਂ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਸੁਰੱਖਿਆ ਦਾ ਨਿਰੀਖਣ ਕੀਤਾ ਸੀ। ਇਸ ਤੋਂ ਬਾਅਦ, ਮੁਲਜ਼ਮਾਂ ਨੇ ਈਮੇਲ ਰਾਹੀਂ ਆਰਡੀਐਕਸ ਲਗਾ ਕੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਉਡਾਉਣ ਦੀ ਧਮਕੀ ਵੀ ਦਿੱਤੀ ਸੀ।

## ਕੈਨੇਡਾ 'ਚ ਭਾਰਤੀ...

ਜਬਰੀ ਵਸੂਲੀ ਦੇ ਨਵੇਂ ਮਾਮਲੇ ਸਾਹਮਣੇ ਆਉਣ ਮਗਰੋਂ ਭਾਈਚਾਰੇ ਨੇ ਇਕ ਵੱਡਾ ਇਕੱਠ ਕੀਤਾ ਜਿਸ ਦੌਰਾਨ ਉਹ ਲੋਕ ਵੀ ਸ਼ਾਮਲ ਹੋਏ ਜਿਨ੍ਹਾਂ ਨੂੰ ਕਦੇ ਕੋਈ ਐਕਸਟੋਰਸ਼ਨ ਕਾਲ ਨਹੀਂ ਆਈ। ਟਾਊਨ ਹਾਲ ਵਿਚ ਸ਼ਾਮਲ ਸਨੀ ਜੌਹਲ ਨੇ ਦੱਸਿਆ ਕਿ ਉਸ ਦੇ ਘਰ ਦੇ ਬਿਲਕੁਲ ਨੇੜੇ ਹਿੰਸਕ ਵਾਰਦਾਤਾਂ ਹੋ ਰਹੀਆਂ ਹਨ ਅਤੇ ਐਡਮਿੰਟਨ ਸ਼ਹਿਰ ਵਿਚ ਅਜਿਹੇ ਲੋਕਾਂ ਦੀ ਕੋਈ ਕਮੀ ਨਹੀਂ।

ਐਡਮਿੰਟਨ ਵਿਖੇ ਇਕੱਠ ਵਿਚ ਸ਼ਾਮਲ ਹੋਏ ਭਾਈਚਾਰੇ ਦੇ ਲੋਕ

ਇਸੇ ਦੌਰਾਨ ਜਸਪ੍ਰੀਤ ਕਾਕੜਾ ਨੇ ਕਿਹਾ ਕਿ ਕਮਿਊਨਿਟੀ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੀ ਜਿਸ ਦੇ ਮੱਦੇਨਜ਼ਰ ਪੁਲਿਸ ਨੂੰ ਸਾਊਥ ਏਸ਼ੀਅਨ ਭਾਈਚਾਰੇ ਦਾ ਵਿਸ਼ਵਾਸ ਜਿੱਤਣ ਲਈ ਪੜਤਾਲ ਦੀ ਪ੍ਰਕਿਰਿਆ ਤੋਂ ਕਿਤੇ ਅੱਗੇ ਹੋ ਕੇ ਕੰਮ ਕਰਨਾ ਹੋਵੇਗਾ। ਸਾਊਥਵੁੱਡ ਕਮਿਊਨਿਟੀ ਲੀਗ ਵਿਖੇ ਹੋਏ ਟਾਊਨ ਹਾਲ ਦੌਰਾਨ ਪੁਲਿਸ ਨੇ ਕਿਹਾ ਕਿ ਧਮਕੀਆਂ, ਅਗਜ਼ਨੀ ਅਤੇ ਗੋਲੀਬਾਰੀ ਦੀਆਂ ਵਾਰਦਾਤਾਂ ਨਾਲ ਸਬੰਧਤ ਪ੍ਰੋਜੈਕਟ ਗੈਸਲਾਈਟ ਤੋਂ ਮਿਲੇ ਸਬਕ, ਨਵੇਂ ਸਿਰੇ ਤੋਂ ਵਿੱਢੀ ਪੜਤਾਲ ਵਿਚ ਵਰਤੇ ਜਾ ਰਹੇ ਹਨ। ਐਡਮਿੰਟਨ ਦੇ ਅੰਤਰਮ ਪੁਲਿਸ ਮੁਖੀ ਵੈਰਨ ਡ੍ਰਾਈਸ਼ੈਲ ਨੇ ਦੱਸਿਆ ਕਿ ਨਵੀਂ ਅਤੇ ਪੁਰਾਣੀ ਪੜਤਾਲ ਕਈ ਪਹਿਲੂਆਂ ਤੋਂ ਬਿਲਕੁਲ ਵੱਖਰੀ ਪਰ ਕਈ ਪਹਿਲੂਆਂ ਤੋਂ ਬਿਲਕੁਲ ਇਕੋ ਜਿਹੀ ਹੈ। ਪੁਲਿਸ ਵੱਲੋਂ ਸਾਊਥ ਏਸ਼ੀਅਨ ਭਾਈਚਾਰੇ ਨੂੰ ਨੌਜਵਾਨਾਂ ਦੀਆਂ ਸ਼ੱਕੀ ਸਰਗਰਮੀਆਂ ਤੋਂ ਸੁਚੇਤ ਰਹਿਣ ਵਾਸਤੇ ਆਖਿਆ ਗਿਆ ਹੈ ਕਿਉਂਕਿ ਪ੍ਰੋਜੈਕਟ ਗੈਸਲਾਈਟ ਦੀ ਪੜਤਾਲ ਦੌਰਾਨ ਸਾਫ਼ ਤੌਰ 'ਤੇ ਉਭਰ ਕੇ ਸਾਹਮਣੇ ਆਇਆ ਕਿ ਜਬਰੀ ਵਸੂਲੀ ਕਰਨ ਵਾਲੇ ਪਰਦੇ ਪਿੱਛੇ ਰਹਿ ਕੇ ਕੰਮ ਕਰਦੇ ਹਨ ਜਦਕਿ ਨੌਜਵਾਨਾਂ ਨੂੰ ਪੈਸੇ ਦਾ ਲਾਲਚ ਦੇ ਕੇ ਵਾਰਦਾਤਾਂ ਕਰਵਾਈਆਂ ਜਾਂਦੀਆਂ ਹਨ। ਸੁਪਰਡੈਂਟ ਰਵਿੰਦਰ ਗਿੱਲ ਦਾ ਕਹਿਣਾ ਸੀ ਕਿ ਸਮਾਜ ਵਿਚ ਕਈ ਨੌਜਵਾਨ ਖੁਦ ਨੂੰ ਨਿਖੜਿਆ ਮਹਿਸੂਸ ਕਰਦੇ ਹਨ ਅਤੇ ਗੈਰਸਮਾਜਿਕ ਅਨਸਰ ਆਪਣਾ ਮਕਸਦ ਪੂਰਾ ਕਰਨ ਲਈ ਅਜਿਹੇ ਨੌਜਵਾਨਾਂ ਦਾ ਫਾਇਦਾ ਉਠਾਉਣ ਤੋਂ ਪਿੱਛੇ ਨਹੀਂ ਹਟਦੇ। ਸ਼ਹਿਰ ਵਿਚ ਵਸਦੇ ਹਰ ਪਰਵਾਰ ਨੂੰ ਆਪਣੇ ਬੱਚਿਆਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ ਕਿ ਕਿਤੇ ਅਚਾਨਕ ਉਸ ਦੀਆਂ ਜੇਬਾਂ ਵਿਚ ਨਕਦ ਰਕਮ ਵਧਣੀ ਸ਼ੁਰੂ ਤਾਂ ਨਹੀਂ ਹੋ ਗਈ ਅਤੇ ਉਹ ਆਪਣਾ ਜ਼ਿਆਦਾਤਰ ਸਮਾਂ ਕਿਸ ਨਾਲ ਗੁਜ਼ਾਰ ਰਿਹਾ ਹੈ।

ਪੀੜਤ ਪਰਵਾਰਾਂ ਦੇ ਗੁਆਂਢੀਆਂ ਵਿਚ ਵੀ ਫੈਲਿਆ ਸਹਿਮ

ਦੂਜੇ ਪਾਸੇ ਸਰੀ ਪੁਲਿਸ ਦਾ ਕਹਿਣਾ ਸੀ ਕਿ ਕੁਝ ਪੁਰਾਣੇ ਮਾਮਲਿਆਂ ਦੀ ਸ਼ਿਕਾਇਤ ਹਾਲ ਹੀ ਵਿਚ ਦਰਜ ਕਰਵਾਈ ਗਈ ਜਿਸ ਮਗਰੋਂ ਪੜਤਾਲ ਅਧੀਨ ਮਾਮਲਿਆਂ ਦੀ ਗਿਣਤੀ ਵਧੀ ਹੈ। ਪੁਲਿਸ ਨੇ ਦਾਅਵਾ ਕੀਤਾ ਕਿ ਸ਼ਹਿਰ ਵਾਸੀਆਂ ਨੂੰ ਸੁਖਾਵਾਂ ਮਾਹੌਲ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਅਤੇ ਗੈਰਸਮਾਜੀ ਅਨਸਰਾਂ ਵਿਰੁੱਧ ਸਖਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਦੱਸ ਦੇਈਏ ਕਿ ਸਰੀ ਵਿਖੇ ਉਨ੍ਹਾਂ ਭਾਰਤੀ ਪਰਵਾਰਾਂ ਵਿਚ ਵੀ ਸਹਿਮ ਦਾ ਮਾਹੌਲ ਹੈ ਜੋ ਮੋਟੀਆਂ ਰਕਮਾਂ ਮੰਗਣ ਵਾਲਿਆਂ ਦੇ ਨਿਸ਼ਾਨੇ 'ਤੇ ਨਹੀਂ ਪਰ ਗੋਲੀਬਾਰੀ ਦਾ ਸ਼ਿਕਾਰ ਬਣ ਰਹੇ ਘਰਾਂ ਦੇ ਆਂਢ-ਗੁਆਂਢ ਵਿਚ ਰਹਿੰਦੇ ਹਨ। ਜੂਨ ਵਿਚ ਐਬਸਫੋਰਡ ਦੇ ਇਕ ਕਾਰੋਬਾਰੀ ਦਾ ਸਰੀ ਵਿਖੇ ਕਤਲ ਕਰ ਦਿਤਾ ਗਿਆ ਜਿਸ ਦਾ ਕੋਈ ਅਪਰਾਧਕ ਪਿਛੋਕੜ ਨਹੀਂ ਸੀ।

## ਟਰੰਪ ਨੇ ਭਾਰਤ ਨੂੰ...

ਜੁਰਮਾਨਾ ਪਹਿਲੀ ਅਗਸਤ ਤੋਂ ਸ਼ੁਰੂ ਹੋਵੇਗਾ।"

ਅਮਰੀਕੀ ਰਾਸ਼ਟਰਪਤੀ ਨੇ ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ 'ਭਾਰਤ ਸਾਡਾ ਦੋਸਤ ਹੈ' ਪਰ ਅਮਰੀਕਾ ਨੇ ਉੱਚ ਟੈਰਿਫਾਂ ਕਾਰਨ ਨਵੀਂ ਦਿੱਲੀ ਨਾਲ ਮੁਕਾਬਲਤਨ ਘੱਟ ਕਾਰੋਬਾਰ ਕੀਤਾ ਹੈ। ਟਰੰਪ ਨੇ ਕਿਹਾ, "...ਉਨ੍ਹਾਂ (ਭਾਰਤ) ਦੇ ਟੈਰਿਫ ਬਹੁਤ ਜ਼ਿਆਦਾ ਹਨ, ਦੁਨੀਆ ਵਿੱਚ ਸਭ ਤੋਂ ਵੱਧ, ਅਤੇ ਉਨ੍ਹਾਂ ਕੋਲ ਕਿਸੇ ਵੀ ਦੇਸ਼ ਦੀਆਂ ਸਭ ਤੋਂ ਕਠਿਨ ਅਤੇ ਇਤਰਾਜਯੋਗ ਗੈਰ-ਮੁਦਰਾ ਵਪਾਰਕ ਰੁਕਾਵਟਾਂ ਹਨ।"

ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਅਜਿਹੇ ਸਮੇਂ ਜਦੋਂ ਹਰ ਕੋਈ ਚਾਹੁੰਦਾ ਹੈ ਕਿ ਰੂਸ ਯੂਕਰੇਨ ਵਿੱਚ ਕਤਲੇਆਮ ਬੰਦ ਕਰੇ, ਉਦੋਂ ਭਾਰਤ ਨੇ 'ਹਮੇਸ਼ਾ ਰੂਸ ਤੋਂ ਫ਼ੌਜੀ ਉਪਕਰਨਾਂ ਦਾ ਵੱਡਾ ਹਿੱਸਾ ਖਰੀਦਿਆ ਹੈ ਅਤੇ ਚੀਨ ਦੇ ਨਾਲ-ਨਾਲ ਰੂਸ ਦਾ ਊਰਜਾ ਦਾ ਸਭ ਤੋਂ ਵੱਡਾ ਖਰੀਦਦਾਰ ਹੈ।"

ਇਸ ਤੋਂ ਪਹਿਲਾਂ ਦਿਨ ਵਿੱਚ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਰਾਜ ਸਭਾ ਵਿੱਚ ਕਿਹਾ ਕਿ ਭਾਰਤ ਅਮਰੀਕਾ ਨਾਲ ਇੱਕ ਵਪਾਰ ਸਮਝੌਤੇ 'ਤੇ ਗੱਲਬਾਤ ਕਰ ਰਿਹਾ ਹੈ ਜੋ ਨਵੀਂ ਦਿੱਲੀ ਦੇ ਹਿੱਤਾਂ ਦੀ ਪੂਰਤੀ ਕਰੇਗਾ। ਉਨ੍ਹਾਂ ਕਿਹਾ, "ਅਸੀਂ (ਅਮਰੀਕਾ ਨਾਲ) ਇੱਕ ਵਪਾਰ ਸਮਝੌਤੇ 'ਤੇ ਗੱਲਬਾਤ ਕਰ ਰਹੇ ਹਾਂ...ਸਾਡੇ ਦਿਲ ਵਿੱਚ ਰਾਸ਼ਟਰੀ ਹਿੱਤ ਹੈ। ਅਸੀਂ ਇੱਕ ਅਜਿਹੇ ਸਮਝੌਤੇ 'ਤੇ ਗੱਲਬਾਤ ਕਰ ਰਹੇ ਹਾਂ ਜੋ ਸਾਡੇ ਰਾਸ਼ਟਰੀ ਹਿੱਤ ਦੀ ਪੂਰਤੀ ਕਰੇਗਾ। ਇਸ ਵਿੱਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਇਹ ਸਰਕਾਰ ਰਾਸ਼ਟਰੀ ਹਿੱਤ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ।" ਮੰਗਲਵਾਰ ਨੂੰ ਟਰੰਪ ਨੇ ਕਿਹਾ ਸੀ ਕਿ ਭਾਰਤ ਤੋਂ ਆਯਾਤ 'ਤੇ 20 ਤੋਂ 25 ਫ਼ੀਸਦੀ ਦੀ ਟੈਰਿਫ ਦਰ ਦਾ ਅਸਰ ਪੈ ਸਕਦਾ ਹੈ ਕਿਉਂਕਿ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਸਮਝੌਤੇ ਨੂੰ ਅਜੇ ਤੱਕ ਅੰਤਿਮ ਰੂਪ ਨਹੀਂ ਦਿੱਤਾ ਗਿਆ ਹੈ। ਟਰੰਪ ਨੇ ਇਹ ਟਿੱਪਣੀਆਂ ਭਾਰਤ ਸਣੇ ਵੱਖ-ਵੱਖ ਵਪਾਰਕ ਭਾਈਵਾਲਾਂ 'ਤੇ ਦੋਤਰਫ਼ਾ ਟੈਰਿਫ ਲਾਗੂ ਕਰਨ ਲਈ 1 ਅਗਸਤ ਦੀ ਸਮਾਂ ਸੀਮਾ ਤੋਂ ਪਹਿਲਾਂ ਕੀਤੀਆਂ ਹਨ।

## ਪਟਾਕਿਆਂ ਦੀ ਫੈਕਟਰੀ...

ਸੁਫਾਨ ਬੁਰੀ ਰੈਸਕਿਊ ਫਾਊਂਡੇਸ਼ਨ' ਨੇ ਹਾਦਸੇ ਵਿੱਚ ਨੌਂ ਮੌਤਾਂ ਦੀ ਰਿਪੋਰਟ ਦਿੱਤੀ ਹੈ ਅਤੇ ਕਿਹਾ ਹੈ ਕਿ ਦੋ ਲੋਕਾਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਹੈ। ਸੂਬਾਈ ਸਰਕਾਰ ਦੇ ਲੋਕ ਸੰਪਰਕ ਵਿਭਾਗ ਨੇ ਕਿਹਾ ਹੈ ਕਿ ਇਸ ਘਟਨਾ ਵਿੱਚ ਇੱਕ ਵਿਅਕਤੀ ਜ਼ਖਮੀ ਹੋ ਗਿਆ ਹੈ। ਲਾਪਤਾ ਲੋਕਾਂ ਦੀ ਗਿਣਤੀ ਅਜੇ ਸਪੱਸ਼ਟ ਨਹੀਂ ਹੈ। ਸੀਨੀਅਰ ਪੁਲਿਸ ਸਾਰਜੈਂਟ ਮੇਜਰ ਪਿਨਿਓ ਚੈਨਮਾਨੀ ਨੇ ਕਿਹਾ ਕਿ ਧਮਾਕਾ ਇੱਕ ਪਟਾਕੇ ਬਣਾਉਣ ਵਾਲੀ ਇਮਾਰਤ ਵਿੱਚ ਹੋਇਆ। ਇਹ ਸਪੱਸ਼ਟ ਨਹੀਂ ਹੈ ਕਿ ਫੈਕਟਰੀ ਨੂੰ ਪਟਾਕੇ ਬਣਾਉਣ ਦਾ ਲਾਇਸੈਂਸ ਦਿੱਤਾ ਗਿਆ ਸੀ ਜਾਂ ਨਹੀਂ। ਘਟਨਾ ਸਥਾਨ ਤੋਂ ਪ੍ਰਾਪਤ ਵੀਡੀਓ ਅਤੇ ਫੋਟੋਆਂ ਖੇਤਾਂ ਵਿੱਚ ਨੁਕਸਾਨੀਆਂ ਗਈਆਂ ਲੱਕੜ ਦੀਆਂ ਨੁਕਸਾਨੀਆਂ ਇਮਾਰਤਾਂ ਦੇਖੀਆਂ ਜਾ ਸਕਦੀਆਂ ਹਨ। ਜਨਵਰੀ 2024 ਵਿੱਚ ਇਸੇ ਇਲਾਕੇ ਵਿੱਚ ਹੋਈ ਇੱਕ ਇਸੇ ਤਰ੍ਹਾਂ ਦੀ ਘਟਨਾ ਵਿੱਚ ਲਗਭਗ 20 ਲੋਕ ਮਾਰੇ ਗਏ ਸਨ। ਅਧਿਕਾਰੀਆਂ ਅਨੁਸਾਰ ਜੁਲਾਈ 2023 ਵਿੱਚ ਦੱਖਣੀ ਥਾਈਲੈਂਡ ਵਿੱਚ ਇੱਕ ਪਟਾਕਿਆਂ ਦੇ ਗੋਦਾਮ ਵਿੱਚ ਹੋਏ ਇੱਕ ਵੱਡੇ ਧਮਾਕੇ ਵਿੱਚ ਘੱਟੋ-ਘੱਟ 10 ਲੋਕ ਮਾਰੇ ਗਏ ਸਨ ਅਤੇ 100 ਤੋਂ ਵੱਧ ਜ਼ਖਮੀ ਹੋਏ ਸਨ।

## ਕੈਨੇਡੀਅਨ ਬਾਰਡਰ...

ਨੇ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਡਿਪੋਰਟੇਸ਼ਨ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ, ਜਦਕਿ 46 ਜਣੇ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਅਧਿਕਾਰੀਆਂ ਤੋਂ ਬਚ ਰਹੇ ਹਨ। ਇਸ ਤੋਂ ਇਲਾਵਾ, 361 ਵਿਅਕਤੀ ਪਿਛਲੇ ਦੋ ਸਾਲਾਂ ਤੋਂ ਜ਼ਿਆਦਾ ਸਮੇਂ ਤੋਂ ਲੁਕਣ ਵਿੱਚ ਕਾਮਯਾਬ ਰਹੇ ਹਨ।

ਸੀਬੀਐਸਏ ਦੇ ਬੁਲਾਰੇ ਲੂਕ ਰੀਮਰ ਨੇ ਕਿਹਾ ਕਿ ਅਪਰਾਧਿਕਤਾ ਦੇ ਕਾਰਨ ਡਿਪੋਰਟੇਸ਼ਨ ਦਾ ਸਾਹਮਣਾ ਕਰ ਰਹੇ ਵਿਅਕਤੀਆਂ ਨੂੰ ਜਿੰਨੀ ਜਲਦੀ ਸੰਭਵ ਹੋ ਸਕੇ ਦੇਸ਼ ਤੋਂ ਬਾਹਰ ਕੀਤਾ ਜਾਂਦਾ ਹੈ ਤਾਂ ਜੋ ਕੈਨੇਡਾ ਅਤੇ ਇਸ ਦੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਨੇ ਅੱਗੇ ਕਿਹਾ ਕਿ ਜਿਹੜੇ ਵਿਅਕਤੀ ਇਮੀਗ੍ਰੇਸ਼ਨ ਅਧਿਕਾਰੀਆਂ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ, ਉਹ ਅਕਸਰ ਆਪਣੇ ਪਰਿਵਾਰ ਜਾਂ ਕਮਿਊਨਿਟੀ ਦੇ ਮੈਂਬਰਾਂ ਦੀ ਮਦਦ ਲੈਂਦੇ ਹਨ ਜਾਂ ਝੂਠੀ ਪਛਾਣ ਦੀ ਵਰਤੋਂ ਕਰਦੇ ਹਨ।

ਇਨ੍ਹਾਂ ਵਿੱਚੋਂ 401 ਵਿਅਕਤੀ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹਨ ਅਤੇ ਸਜ਼ਾ ਪੂਰੀ ਹੋਣ ਤੋਂ ਬਾਅਦ ਉਨ੍ਹਾਂ ਨੂੰ ਦੇਸ਼ ਛੱਡਣਾ ਪਵੇਗਾ। ਸੀਬੀਐਸਏ ਨੇ ਦੱਸਿਆ ਕਿ 29 ਵਿਦੇਸ਼ੀ ਨਾਗਰਿਕ, ਜਿਨ੍ਹਾਂ ਦੇ ਅਪਰਾਧਿਕ ਰਿਕਾਰਡ ਹਨ ਅਤੇ ਜਿਨ੍ਹਾਂ ਨੂੰ ਡਿਪੋਰਟ ਕੀਤਾ ਜਾਣਾ ਹੈ, ਨੂੰ ਹਿਰਾਸਤ ਵਿੱਚ ਰੱਖਿਆ ਗਿਆ ਹੈ।

## ਕੈਨੇਡਾ ਫਲਸਤੀਨੀ.

ਕਿ "ਦੋ-ਰਾਜ ਹੱਲ ਨੂੰ ਸੁਰੱਖਿਅਤ ਰੱਖਣ ਦਾ ਮਤਲਬ ਉਨ੍ਹਾਂ ਸਾਰੇ ਲੋਕਾਂ ਦੇ ਨਾਲ ਖੜ੍ਹੇ ਹੋਣਾ ਜੋ ਹਿੰਸਾ ਜਾਂ ਅੱਤਵਾਦ ਦੀ ਬਜਾਏ ਸ਼ਾਂਤੀ ਦੀ ਚੋਣ ਕਰਦੇ ਹਨ, ਅਤੇ ਇੱਕ ਸੁਰੱਖਿਅਤ ਅਤੇ ਖੁਸ਼ਹਾਲ ਭਵਿੱਖ ਲਈ ਇੱਕੋ ਇੱਕ ਰੋਡਮੈਪ ਵਜੋਂ ਇਜ਼ਰਾਈਲੀ ਅਤੇ ਫਲਸਤੀਨੀ ਰਾਜਾਂ ਦੇ ਸ਼ਾਂਤੀਪੂਰਨ ਸਹਿ-ਹੋਂਦ ਲਈ ਉਨ੍ਹਾਂ ਦੀ ਜਨਮਜਾਤ ਇੱਛਾ ਦਾ ਸਨਮਾਨ ਕਰਨਾ।"

ਸ਼ਰਤਾਂ ਅਤੇ ਹਮਾਸ ਨੂੰ ਅਪੀਲ

ਕੈਨੇਡਾ ਦਾ ਫਲਸਤੀਨੀ ਰਾਜ ਨੂੰ ਮਾਨਤਾ ਦੇਣ ਦਾ ਇਰਾਦਾ ਕੁਝ ਸ਼ਰਤਾਂ 'ਤੇ ਅਧਾਰਤ ਹੈ। ਇਨ੍ਹਾਂ ਵਿੱਚ "ਫਲਸਤੀਨੀ ਅਥਾਰਟੀ ਦੀ ਬਹੁਤ ਜ਼ਰੂਰੀ ਸੁਧਾਰਾਂ ਪ੍ਰਤੀ ਵਚਨਬੱਧਤਾ ਸ਼ਾਮਲ ਹੈ, ਜਿਸ ਵਿੱਚ ਫਲਸਤੀਨੀ ਅਥਾਰਟੀ ਦੇ ਰਾਸ਼ਟਰਪਤੀ ਅੱਬਾਸ ਦੁਆਰਾ ਆਪਣੇ ਸ਼ਾਸਨ ਨੂੰ ਬੁਨਿਆਦੀ ਤੌਰ 'ਤੇ ਸੁਧਾਰਨ, 2026 ਵਿੱਚ ਆਮ ਚੋਣਾਂ ਕਰਵਾਉਣ ਦੀਆਂ ਵਚਨਬੱਧਤਾਵਾਂ ਸ਼ਾਮਲ ਹਨ ਜਿਸ ਵਿੱਚ ਹਮਾਸ ਕੋਈ ਭੂਮਿਕਾ ਨਹੀਂ ਨਿਭਾ ਸਕਦਾ, ਅਤੇ ਫਲਸਤੀਨੀ ਰਾਜ ਨੂੰ ਗੈਰ-ਫੌਜੀ ਬਣਾਉਣਾ ਸ਼ਾਮਲ ਹੈ।" ਕਾਰਨੀ ਨੇ ਹਮਾਸ ਨੂੰ 7 ਅਕਤੂਬਰ, 2023 ਨੂੰ ਕੀਤੇ ਗਏ ਹਮਲੇ ਦੌਰਾਨ ਲਏ ਗਏ ਇਜ਼ਰਾਈਲੀ ਬੰਧਕਾਂ ਨੂੰ ਵਾਪਸ ਕਰਨ ਦੀ ਵੀ ਅਪੀਲ ਕੀਤੀ, ਜਿਸ ਕਾਰਨ ਚੱਲ ਰਹੀ ਜੰਗ ਸ਼ੁਰੂ ਹੋ ਗਈ।

ਇਜ਼ਰਾਈਲ ਵੱਲੋਂ ਫੈਸਲੇ ਦੀ ਨਿੰਦਾ

ਕੈਨੇਡਾ ਵਿੱਚ ਇਜ਼ਰਾਈਲੀ ਦੂਤਾਵਾਸ ਨੇ ਪ੍ਰਧਾਨ ਮੰਤਰੀ ਕਾਰਨੀ ਦੇ ਫਲਸਤੀਨ ਰਾਜ ਨੂੰ ਮਾਨਤਾ ਦੇਣ ਦੇ ਇਰਾਦੇ ਨੂੰ ਰੱਦ ਕਰ ਦਿੱਤਾ। ਕੈਨੇਡਾ ਵਿੱਚ ਇਜ਼ਰਾਈਲ ਦੇ ਰਾਜਦੂਤ, ਇਦੋ ਮੋਇਦ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਇਸਦੇ ਵਿਰੁੱਧ "ਅੰਤਰਰਾਸ਼ਟਰੀ ਦਬਾਅ ਦੀ ਵਿਗੜੀ ਹੋਈ ਮੁਹਿੰਮ" ਅੱਗੇ ਨਹੀਂ ਝੁਕੇਗਾ। ਮੋਇਦ ਨੇ ਕਿਹਾ, "ਅਸੀਂ ਆਪਣੇ ਪੁਰਖਿਆਂ ਦੇ ਵਤਨ 'ਤੇ ਇੱਕ ਜਿਹਾਦੀ ਰਾਜ ਥੋਪਣ ਦੀ ਇਜਾਜ਼ਤ ਦੇ ਕੇ ਆਪਣੀ ਹੋਂਦ ਦੀ ਕੁਰਬਾਨੀ ਨਹੀਂ ਦੇਵਾਂਗੇ ਜੋ ਸਾਡਾ ਵਿਨਾਸ਼ ਚਾਹੁੰਦਾ ਹੈ।" ਉਨ੍ਹਾਂ ਨੇ ਇਹ ਵੀ ਦੋਸ਼ ਲਗਾਇਆ ਕਿ "ਜਵਾਬਦੇਹ ਸਰਕਾਰ, ਕਾਰਜਸ਼ੀਲ ਸੰਸਥਾਵਾਂ, ਜਾਂ ਦਿਆਲੂ ਲੀਡਰਸ਼ਿਪ ਦੀ ਅਣਹੋਂਦ ਵਿੱਚ ਇੱਕ ਫਲਸਤੀਨੀ ਰਾਜ ਨੂੰ ਮਾਨਤਾ ਦੇਣਾ, 7 ਅਕਤੂਬਰ, 2023 ਨੂੰ ਹਮਾਸ ਦੀ ਭਿਆਨਕ ਬਰਬਰਤਾ ਨੂੰ ਇਨਾਮ ਦਿੰਦਾ ਹੈ ਅਤੇ ਜਾਇਜ਼ ਠਹਿਰਾਉਂਦਾ ਹੈ।" ਮੋਇਦ ਨੇ ਇਹ ਵੀ ਕਿਹਾ ਕਿ ਯੁੱਧ ਦੌਰਾਨ, ਇਜ਼ਰਾਈਲ ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਦੇ ਅਨੁਸਾਰ ਗਾਜ਼ਾ ਨੂੰ ਮਨੁੱਖੀ ਸਹਾਇਤਾ ਪਹੁੰਚਾਉਣ ਵਿੱਚ ਇੱਕ ਸਰਗਰਮ ਭਾਈਵਾਲ ਰਿਹਾ ਹੈ।

## ਕੈਨੇਡਾ: ਬੈਟਲ...

ਹੁਣ ਪੋਲੀਵਰ ਕੈਲਗਰੀ ਨੇੜਲੇ ਬੈਟਲ ਰਿਵਰ ਕ੍ਰੋਫੁਟ ਹਲਕੇ ਤੋਂ ਜ਼ਿਮਨੀ ਚੋਣ ਲੜ ਰਹੇ ਹਨ। ਸੰਸਦ ਵਿੱਚ ਵਿਰੋਧੀ ਧਿਰ ਦੇ ਆਗੂ ਵਜੋਂ ਆਪਣੀ ਭੂਮਿਕਾ ਜਾਰੀ ਰੱਖਣ ਲਈ ਪੋਲੀਵਰ ਨੂੰ ਸੀਟ ਦੀ ਲੋੜ ਸੀ। ਇਸ ਲਈ ਬੈਟਲ ਰਿਵਰ ਕ੍ਰੋਫੁਟ ਤੋਂ ਪਿਛਲੀ ਵਾਰ ਦੇ ਜੇਤੂ ਕੰਜ਼ਰਵੇਟਿਵ ਸੰਸਦ ਮੈਂਬਰ ਡੇਮੀਅਨ ਕੁਰਕ ਨੇ ਪੋਲੀਵਰ ਲਈ ਆਪਣੀ ਸੀਟ ਤੋਂ ਅਸਤੀਫਾ ਦੇ ਦਿੱਤਾ ਸੀ। ਇਹ ਜ਼ਿਮਨੀ ਚੋਣ 18 ਅਗਸਤ ਨੂੰ ਹੋਵੇਗੀ ਅਤੇ ਇਸ ਲਈ ਰਿਕਾਰਡ 177 ਉਮੀਦਵਾਰ ਮੈਦਾਨ ਵਿੱਚ ਹਨ, ਜਿਸ ਕਾਰਨ ਮੁਕਾਬਲਾ ਕਾਫੀ ਦਿਲਚਸਪ ਬਣ ਗਿਆ ਹੈ। 1,07,980 ਦੀ ਆਬਾਦੀ ਅਤੇ 81,123 ਵੋਟਰਾਂ ਵਾਲਾ ਇਹ ਹਲਕਾ ਭੂਗੋਲਿਕ ਤੌਰ 'ਤੇ ਵੱਡਾ ਹੋਣ ਕਰਕੇ ਇੱਥੇ ਚੋਣ ਪ੍ਰਚਾਰ ਕਰਨਾ ਵੀ ਮੁਸ਼ਕਲ ਹੈ। ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਪੋਲੀਵਰ ਨੂੰ ਪਾਰਟੀ ਆਗੂ ਹੋਣ ਦਾ ਫਾਇਦਾ ਜ਼ਰੂਰ ਮਿਲੇਗਾ, ਪਰ ਨਾਲ ਹੀ ਉਸ ਨੂੰ 'ਬਾਹਰਲੇ ਵਿਅਕਤੀ' ਹੋਣ ਕਾਰਨ ਕੁਝ ਵਿਰੋਧ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES!
YOU NEED A MORTGAGE?
WE'LL ARRANGE IT FOR YOU
NO MATTER WHAT YOUR REASON IS!
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre



# ਸਿੱਖ ਵਿਦਿਆਰਥੀਆਂ ਲਈ ਚੰਗੀ ਖ਼ਬਰ

## ਰਾਜਸਥਾਨ ਸਰਕਾਰ ਨੇ 5 ਕਕਾਰਾਂ ਨੂੰ ਲੈ ਕੇ ਲਿਆ ਵੱਡਾ ਫ਼ੈਸਲਾ


ਇੱਕ ਸਿੱਖ ਕੁੜੀ ਨੂੰ ਕਕਾਰ ਪਹਿਨਣ ਕਾਰਨ ਪ੍ਰੀਖਿਆ ਕੇਂਦਰਾਂ ਤੋਂ ਰੋਕੇ ਜਾਣ 'ਤੇ ਸਿੱਖ ਭਾਈਚਾਰੇ ਵਿੱਚ ਵਧ ਰਹੇ ਰੋਸ ਤੋਂ ਕੁਝ ਦਿਨ ਬਾਅਦ ਰਾਜਸਥਾਨ ਸਰਕਾਰ ਨੇ ਵੱਡਾ ਫੈਸਲਾ ਲੈਂਦੇ ਹੋਏ ਅਧਿਕਾਰਤ ਤੌਰ 'ਤੇ ਪ੍ਰਤੀਯੋਗੀ ਅਤੇ ਭਰਤੀ ਪ੍ਰੀਖਿਆਵਾਂ ਦੌਰਾਨ ਅੰਮ੍ਰਿਤਧਾਰੀ ਸਿੱਖ ਉਮੀਦਵਾਰਾਂ ਨੂੰ ਦਸਤਾਰ, ਕੜਾ ਅਤੇ ਕਿਰਪਾਨ ਪਹਿਨਣ ਦੀ ਇਜਾਜ਼ਤ ਦੇ ਦਿੱਤੀ ਹੈ। ਰਾਜਸਥਾਨ ਗ੍ਰਹਿ (ਗਰੁੱਪ-1) ਵਿਭਾਗ ਵੱਲੋਂ 29 ਜੁਲਾਈ ਨੂੰ ਜਾਰੀ ਕੀਤਾ ਗਿਆ ਇਹ ਨਿਰਦੇਸ਼, 2019 ਦੇ ਪਿਛਲੇ ਆਦੇਸ਼ ਦੀ ਪੁਸ਼ਟੀ ਕਰਦਾ ਹੈ, ਜਿਸ ਵਿੱਚ ਸਾਰੀਆਂ ਪ੍ਰੀਖਿਆ ਸੰਚਾਲਨ ਏਜੰਸੀਆਂ ਨੂੰ ਪ੍ਰੀਖਿਆ ਸੁਰੱਖਿਆ ਪ੍ਰੋਟੋਕੋਲ ਨੂੰ ਯਕੀਨੀ ਬਣਾਉਂਦੇ ਹੋਏ ਧਾਰਮਿਕ ਅਧਿਕਾਰਾਂ ਦਾ ਸਤਿਕਾਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਪੁਲਿਸ, ਸਿੱਖਿਆ ਅਤੇ ਲੋਕ ਸੇਵਾ ਕਮਿਸ਼ਨ ਸਮੇਤ ਵਿਭਾਗਾਂ ਨੂੰ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੇ ਗੈਰ-ਭੇਦਭਾਵਪੂਰਨ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ। ਰਾਜ ਸਰਕਾਰ ਵੱਲੋਂ ਜਾਰੀ ਕੀਤੇ ਗਏ ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਸਿੱਖ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਦੌਰਾਨ ਦਸਤਾਰ, ਕਿਰਪਾਨ ਅਤੇ ਕੜਾ ਵਰਗੇ ਧਾਰਮਿਕ ਚਿੰਨ੍ਹ ਪਹਿਨ ਕੇ ਪ੍ਰੀਖਿਆਵਾਂ ਵਿੱਚ ਬੈਠਣ ਦੀ ਇਜਾਜ਼ਤ ਦਿੱਤੀ ਜਾਵੇਗੀ, ਬਸ਼ਰਤੇ ਇਹ ਸਪੱਸ਼ਟ ਤੌਰ 'ਤੇ ਧਾਰਮਿਕ ਵਿਸ਼ਵਾਸ ਨਾਲ ਸਬੰਧਤ ਹੋਵੇ ਅਤੇ ਜਨਤਕ ਵਿਵਸਥਾ ਨੂੰ ਪ੍ਰਭਾਵਤ ਨਾ ਕਰੇ।

ਇਸ ਵਿਕਾਸ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸੁਖਬੀਰ ਸਿੰਘ ਬਾਦਲ ਨੇ ਰਾਜਸਥਾਨ ਸਰਕਾਰ ਦੇ ਜਵਾਬ ਦਾ ਸਵਾਗਤ ਕੀਤਾ, ਇਸ ਨੂੰ ਜਨਤਕ ਸੰਸਥਾਵਾਂ ਵਿੱਚ ਸਿੱਖ ਪਛਾਣ ਦੀ ਰੱਖਿਆ ਵੱਲ ਇੱਕ ਸਕਾਰਾਤਮਕ ਕਦਮ ਕਿਹਾ। ਉਨ੍ਹਾਂ ਕਿਹਾ ਕਿ ਮੈਂ ਰਾਜਸਥਾਨ ਸਰਕਾਰ ਦੇ ਸਿੱਖ ਵਿਦਿਆਰਥੀਆਂ ਨੂੰ ਪ੍ਰੀਖਿਆ ਕੇਂਦਰਾਂ ਵਿੱਚ ਦਸਤਾਰ, ਕੜਾ ਅਤੇ ਕਿਰਪਾਣ ਸਮੇਤ ਆਪਣੇ ਧਰਮ ਦੇ ਚਿੰਨ੍ਹ ਪਹਿਨਣ ਦੀ ਆਗਿਆ ਦੇਣ ਦੇ ਫੈਸਲੇ ਦਾ ਸਵਾਗਤ ਕਰਦਾ ਹਾਂ।"

ਉਨ੍ਹਾਂ ਅੱਗੇ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ "ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਾਡੀ ਬੇਨਤੀ ਦਾ ਹਾਂਪੱਖੀ ਅਤੇ ਤੁਰੰਤ ਜਵਾਬ ਦਿੱਤਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਅੰਮ੍ਰਿਤਧਾਰੀ ਸਿੱਖਾਂ ਨਾਲ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਨਾ ਕੀਤਾ ਜਾਵੇ।" ਹਾਲਾਂਕਿ, ਸੁਖਬੀਰ ਬਾਦਲ ਨੇ ਖਾਸ ਮਾਮਲਿਆਂ ਵਿੱਚ ਸੁਧਾਰਾਤਮਕ ਉਪਾਵਾਂ ਲਈ ਵੀ ਜ਼ੋਰਦਾਰ ਅਪੀਲ ਕੀਤੀ ਜਿੱਥੇ ਸਿੱਖ ਉਮੀਦਵਾਰਾਂ ਨੂੰ ਗਲਤ ਤਰੀਕੇ ਨਾਲ ਦਾਖਲੇ ਤੋਂ ਇਨਕਾਰ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ "ਮੈਂ ਰਾਜਸਥਾਨ ਦੇ ਮੁੱਖ ਮੰਤਰੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਅਧਿਕਾਰੀਆਂ ਨੂੰ ਗੁਰਪ੍ਰੀਤ ਕੌਰ ਅਤੇ ਹੋਰਾਂ ਵਰਗੇ ਵਿਦਿਆਰਥੀਆਂ ਨੂੰ ਇੱਕ ਵਿਸ਼ੇਸ਼ ਮੌਕਾ ਪ੍ਰਦਾਨ ਕਰਨ ਲਈ ਨਿਰਦੇਸ਼ ਦੇਣ ਜਿਨ੍ਹਾਂ ਨੂੰ ਉਨ੍ਹਾਂ ਦੇ ਪਵਿੱਤਰ ਕਕਾਰ ਪਹਿਨਣ ਲਈ ਗਲਤ ਤਰੀਕੇ ਨਾਲ ਪ੍ਰੀਖਿਆਵਾਂ ਵਿੱਚ ਦਾਖਲੇ ਤੋਂ ਇਨਕਾਰ ਕੀਤਾ ਗਿਆ ਸੀ। ਸੁਖਬੀਰ ਬਾਦਲ ਨੇ ਇਕਸਾਰ ਸਕ੍ਰੀਨਿੰਗ ਪ੍ਰਕਿਰਿਆਵਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਜੋ ਕਿਸੇ ਵੀ ਧਾਰਮਿਕ ਸਮੂਹ ਨੂੰ ਨਿਸ਼ਾਨਾ ਨਾ ਬਣਾਇਆ ਜਾਵੇ।

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service







WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh



BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace
Special Rates with Installation
CAT Batteries 1000c Under Warranty $550 Installation Include
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.



# ਸਲਾਨਾ ਦੋ ਰੋਜ਼ਾ ਕੈਮਬ੍ਰਿਜ਼ ਪੰਜਾਬੀ ਖੇਡ ਮੇਲੇ ਦੀਆਂ ਤਿਆਰੀਆਂ ਜ਼ੋਰਾਂ 'ਤੇ




ਸਟਾਰ ਨਿਊਜ਼:- ਜਿਵੇ ਕਿ ਤੁਸੀਂ ਜਾਣਦੇ ਹੋ ਕਿ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੈਂਮਬ੍ਰਿਜ ਗੁਰਦੁਆਰਾ ਸਾਹਿਬ ਵੱਲੋਂ ਕੈਮਬ੍ਰਿਜ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਹਰ ਸਾਲ ਦੀ ਤਰਾਂ ਇਸ ਸਾਲ ਵੀ ਅਗਸਤ 02 ਅਤੇ 03 ਦਿਨ ਸ਼ਨਿੱਚਰਵਾਰ ਤੇ ਐਤਵਾਰ ਨੂੰ ਰਿਵਰਸਾਈਡ ਸੌਕਰ ਫੀਲਡਜ਼, 49 ਕਿੰਗ ਸਟ੍ਰੀਟ, ਕੈਮਬ੍ਰਿਜ ਦੀਆਂ ਗਰਾਊਡਾਂ ਵਿੱਚ ਦੋ ਰੋਜ਼ਾ ਸਲਾਨਾ ਖੇਡ ਮੇਲਾ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਫੁੱਟਬਾਲ, ਵਾਲੀਬਾਲ, ਰੱਸਾ ਕੱਸੀ, ਬੱਚਿਆਂ ਦੀਆਂ ਦੌੜਾਂ, ਬਾਬਿਆਂ ਦੀਆਂ ਦੋੜਾ, ਕਬੱਡੀ, ਗਾਗਰ ਰੇਸ, ਮਿਉਜੀਕਲ ਚੇਅਰ, ਬੈਂਚ ਪ੍ਰੈਸ ਤੇ ਹੋਰ ਬਹੁਤ ਸਾਰੀਆਂ ਖੇਡਾਂ ਕਰਵਾਈਆਂ ਜਾਣਗੀਆਂ।

ਲੰਘੇ ਐਤਵਾਰ ਖੇਡ ਮੇਲੇ ਦੇ ਵਲੰਟੀਅਰਜ਼ ਦੀ ਇੱਕ ਮੀਟਿੰਗ ਗੁਰਦੁਆਰਾ ਸਾਹਿਬ ਵਿਖੇ ਹੋਈ, ਜਿਸ ਵਿੱਚ ਮੇਲੇ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰੇ ਹੋਏ। ਸਮੂਹ ਮੈਂਬਰਾਂ ਵਲੋਂ ਸਾਰੇ ਪਰਿਵਾਰਾਂ ਨੂੰ ਬੇਨਤੀ ਹੈ ਕਿ ਦੋਨੇ ਦਿਨ ਸਮੇਂ ਸਿਰ ਆਪਣੇ ਬੱਚਿਆਂ ਸਮੇਤ ਪਹੁੰਚਣ ਦੀ ਕਿਰਪਾਲਤਾ ਕਰਨੀ। ਮੇਲੇ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਤਕਰੀਬਨ ਇਸ ਸ਼ੁੱਕਰਵਾਰ ਤੱਕ ਸਾਰੀਆਂ ਤਿਆਰੀਆਂ ਮੁਕੰਮਲ ਹੋ ਜਾਣੀਆਂ ਹਨ। ਇਸ ਬਾਰ ਮੇਲੇ 'ਤੇ ਸਪਾਂਸਪਰਜ਼ ਦੀ ਪਰਮੋਸ਼ਨ ਲਈ ਵੱਡੀ ਡਿਜੀਟਲ ਸਕਰੀਨ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਬਹੁਤ ਸਾਰੀਆਂ ਵੱਡੀਆਂ ਹਸਤੀਆਂ ਵਲੋਂ ਇਸ ਮੇਲੇ ਵਿੱਚ ਸ਼ਿਰਕਤ ਕੀਤੀ ਜਾਵੇਗਾ। ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਵਿਖੇ 519-658-1070 'ਤੇ ਫੋਨ ਕੀਤਾ ਜਾ ਸਕਦਾ ਹੈ।

# ਮਸ਼ਹੂਰ ਅਮਰੀਕੀ ਪੌਪ ਸਟਾਰ ਕੈਟੀ ਪੈਰੀ ਅਤੇ ਜਸਟਿਨ ਟਰੂਡੋ ਇਕੱਠੇ ਡਿਨਰ ਕਰਦੇ ਆਏ ਨਜ਼ਰ

ਮਾਂਟਰੀਅਲ : ਮਸ਼ਹੂਰ ਅਮਰੀਕੀ ਪੌਪ ਸਟਾਰ ਕੈਟੀ ਪੈਰ ਅਤੇ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਹਾਲ ਹੀ ਵਿੱਚ ਇਕੱਠੇ ਡਿਨਰ ਕਰਦੇ ਦੇਖਿਆ ਗਿਆ ਹੈ ਟੀਐੱਮਜ਼ੈੱਡ ਦੀ ਇੱਕ ਰਿਪੋਰਟ ਅਨੁਸਾਰ, ਦੋਵੇਂ 2 ਜੁਲਾਈ, 2025 ਦੀ ਰਾਤ ਨੂੰ ਮਾਂਟਰੀਅਲ ਦੇ ਲੇ ਵਾਇਲੋ ਰੈਸਟੋਰੈਂਟ ਵਿੱਚ ਮਿਲੇ ਸਨ। ਰੈਸਟੋਰੈਂਟ ਨੂੰ ਇਸ ਸਾ ਕੈਨੇਡਾ ਦਾ 11ਵਾਂ ਸਭ ਤੋਂ ਵਧੀਆ ਰੈਸਟੋਰੈਂਟ ਦਰਜਾ ਦਿੱ ਗਿਆ ਹੈ ਅਤੇ ਮਿਸ਼ੇਲਿਨ ਸਿਫਾਰਸ਼ ਕੀਤਾ ਗਿਆ ਅਹੁਦ ਪ੍ਰਾਪਤ ਹੋਇਆ ਹੈ।



ਰੈਸਟੋਰੈਂਟ ਪ੍ਰਬੰਧਕਾਂ ਨੇ ਪੁਸ਼ਟੀ ਕੀਤੀ ਕਿ ਦੋਨ ਨੇ ਸੋਮਵਾਰ ਰਾਤ ਨੂੰ ਨਿਯਮਤ ਸੇਵਾ ਦੌਰਾਨ ਉੱਥੇ ਖਾਣਾ ਖਾਧਾ ਅਤੇ ਉਹ ਬਾਕੀ ਮਹਿਮਾਨਾਂ ਵਾਂਗ ਬੈਠੇ ਸਨ। ਉਨ੍ਹਾਂ ਕਿਹਾ ਕਿ ਜਾਣ ਤੋਂ ਪਹਿਲਾਂ, ਉਹ ਸਟਾਫ ਦਾ ਨਿੱਜੀ ਤੌਰ 'ਤੇ ਧੰਨਵਾਦ ਕਰਨ ਲਈ ਰਸੋਈ ਵਿੱਚ ਆਏ। ਉਨ੍ਹਾਂ ਦੀ ਮੇਜ਼ਬਾਨੀ ਕਰਨਾ ਸੱਚਮੁੱਚ ਖੁਸ਼ੀ ਵਾਲੀ ਗੱਲ ਸੀ। ਪੈਰੀ ਅਤੇ ਟਰੂਡੋ ਨੇ ਸ਼ੈੱਫ ਦੇ ਸਵਾਦ ਵਾਲੇ ਮੇਨਿਯੂ ਦੀ ਚੋਣ ਕੀਤੀ, ਜਿਸ ਵਿੱਚ ਟੂਨਾ ਅਤੇ ਟਮਾਟਰ, ਬੀਫ ਟਾਰਟੇਅਰ, ਝੀਂਗਾ ਅਤੇ ਐਸਪੈਰਗਸ, ਗਨੋਚੀ ਅਤੇ ਲੇਲਾ ਸ਼ਾਮਿਲ ਸਨ। ਇਕ ਵੈੱਬਸਾਈਟ ਵੱਲੋਂ ਪ੍ਰਾਪਤ ਫੋਟੋਆਂ ਵਿੱਚੋਂ ਇੱਕ ਵਿੱਚ, ਪੈਰੀ ਨੂੰ ਮੁਸਕਰਾਉਂਦੇ ਹੋਏ ਅਤੇ ਰੈਸਟੋਰੈਂਟ ਦੇ ਅੰਦਰ ਟਰੂਡੋ ਦੇ ਨੇੜੇ ਬੈਠਾ ਦੇਖਿਆ ਗਿਆ ਹੈ। ਉਨ੍ਹਾਂ ਨੂੰ ਰਾਤ ਦੇ ਖਾਣੇ ਤੋਂ ਪਹਿਲਾਂ ਸੜਕ 'ਤੇ ਸੈਰ ਕਰਦੇ ਵੀ ਦੇਖਿਆ ਗਿਆ ਸੀ।

ਇਸ ਮੁਲਾਕਾਤ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਵੀਡੀਓ ਵਿੱਚ, ਕੈਟੀ ਪੈਰੀ ਅਤੇ ਟਰੂਡੋ ਇੱਕੋ ਮੇਜ਼ 'ਤੇ ਆਹਮੋ-ਸਾਹਮਣੇ ਬੈਠੇ ਅਤੇ ਗੱਲਾਂ ਕਰਦੇ ਦਿਖਾਈ ਦੇ ਰਹੇ ਹਨ। ਦੋਨਾਂ ਨੂੰ ਇਕੱਠੇ ਦੇਖ ਕੇ ਉਨ੍ਹਾਂ ਵਿਚਕਾਰ ਰੋਮਾਂਸ ਦੀਆਂ ਅਟਕਲਾਂ ਤੇਜ਼ ਹੋ ਗਈਆਂ ਹਨ।

ਇਹ ਡਿਨਰ ਇੱਕ ਨਿੱਜੀ ਡੇਟ ਵਰਗਾ ਲੱਗ ਰਿਹਾ ਸੀ, ਪਰ ਦੋਵੇਂ ਇਕੱਲੇ ਨਹੀਂ ਸਨ। ਉਨ੍ਹਾਂ ਦੇ ਨਾਲ ਕਈ ਸੁਰੱਖਿਆ ਗਾਰਡ ਸਨ ਜੋ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਰਹੇ ਸਨ। ਸੁਰੱਖਿਆ ਕਰਮਚਾਰੀ ਨੇੜਲੀਆਂ ਸੀਟਾਂ 'ਤੇ ਬੈਠੇ ਸਨ ਅਤੇ ਸ਼ੀਸ਼ੇ ਦੀ ਕੰਧ ਰਾਹੀਂ ਨਿਗਰਾਨੀ ਕਰ ਰਹੇ ਸਨ। ਰਿਪੋਰਟ ਅਨੁਸਾਰ, ਪੈਰੀ ਅਤੇ ਟਰੂਡੋ ਨੇ ਰੈਸਟੋਰੈਂਟ ਵਿੱਚ ਕਈ ਪਕਵਾਨ ਖਾਧੇ ਪਰ ਦੋਵਾਂ ਨੇ ਕੋਈ ਸ਼ਰਾਬ ਨਹੀਂ ਪੀਤੀ। ਰਾਤ ਦੇ ਖਾਣੇ ਤੋਂ ਬਾਅਦ, ਰੈਸਟੋਰੈਂਟ ਦਾ ਮੁੱਖ ਸ਼ੈੱਫ ਖੁਦ ਦੋਵਾਂ ਨੂੰ ਮਿਲਣ ਆਇਆ ਅਤੇ ਉਨ੍ਹਾਂ ਦਾ ਸਵਾਗਤ ਕੀਤਾ। ਖਾਣਾ ਖਤਮ ਹੋਣ ਤੋਂ ਬਾਅਦ, ਪੈਰੀ ਅਤੇ ਟਰੂਡੋ ਦੋਵੇਂ ਰਸੋਈ ਵਿੱਚ ਗਏ ਅਤੇ ਸਟਾਫ ਦਾ ਨਿੱਜੀ ਤੌਰ 'ਤੇ ਧੰਨਵਾਦ ਕੀਤਾ। ਰੈਸਟੋਰੈਂਟ ਵਿੱਚ ਮੌਜੂਦ ਲੋਕਾਂ ਨੇ ਕਿਹਾ ਕਿ ਦੋਵੇਂ ਬਹੁਤ ਦੋਸਤਾਨਾ ਸਨ ਅਤੇ ਉਹ ਕਾਫ਼ੀ ਦੇਰ ਤੱਕ ਗੱਲਾਂ ਕਰਦੇ ਰਹੇ। ਉਹ ਰੈਸਟੋਰੈਂਟ ਦੇ ਇੱਕ ਸ਼ਾਂਤ ਕੋਨੇ ਵਿੱਚ ਬੈਠੇ ਸਨ ਅਤੇ ਇਕੱਠੇ ਪੀਣ ਵਾਲੇ ਪਦਾਰਥਾਂ ਅਤੇ ਪਕਵਾਨਾਂ ਦਾ ਆਨੰਦ ਮਾਣ ਰਹੇ ਸਨ। ਚਸ਼ਮਦੀਦਾਂ ਅਨੁਸਾਰ, ਕੈਟੀ ਪੈਰੀ ਗੱਲਬਾਤ ਵਿੱਚ ਬਹੁਤ ਦਿਲਚਸਪੀ ਦਿਖਾ ਰਹੇ ਸਨ।

ਪੈਰੀ ਇਸ ਸਮੇਂ ਆਪਣੇ ਨਵੇਂ ਐਲਬਮ 143 ਨੂੰ ਪ੍ਰਮੋਟ ਕਰਨ ਲਈ ਕੈਨੇਡਾ ਦੌਰੇ 'ਤੇ ਹਨ। ਉਨ੍ਹਾਂ ਨੇ ਹਾਲ ਹੀ ਵਿੱਚ ਵਿਨੀਪੈਗ ਵਿੱਚ ਪ੍ਰੋਗਰਾਮ ਕੀਤਾ ਅਤੇ ਅਗਲਾ ਸ਼ੋਅ ਓਟਵਾ ਵਿੱਚ ਹੋਵੇਗਾ। ਇਸ ਦੇ ਨਾਲ ਹੀ, ਜਨਵਰੀ 2025 ਵਿੱਚ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਟਰੂਡੋ ਜ਼ਿਆਦਾ ਸੁਰਖੀਆਂ ਵਿੱਚ ਨਹੀਂ ਰਹੇ ਹਨ। 2023 ਵਿੱਚ, ਉਨ੍ਹਾਂ ਨੇ ਆਪਣੀ ਪਤਨੀ ਸੋਫੀ ਨਾਲ ਆਪਣਾ 18 ਸਾਲ ਪੁਰਾਣਾ ਵਿਆਹ ਖਤਮ ਕਰ ਦਿੱਤਾ।

ਦਿਲਚਸਪ ਗੱਲ ਇਹ ਹੈ ਕਿ ਕੈਟੀ ਪੈਰੀ ਨੇ ਇਸ ਸਾਲ ਦੇ ਸ਼ੁਰੂ ਵਿੱਚ ਅਦਾਕਾਰ ਓਰਲੈਂਡੋ ਬਲੂਮ ਨਾਲ ਵੀ ਬ੍ਰੇਕਅੱਪ ਕਰ ਲਿਆ। ਦੋਨਾਂ ਦੀ ਇੱਕ ਬੇਟੀ ਹੈ ਅਤੇ ਉਹ ਹਾਲੇ ਵੀ ਇੱਕ ਚੰਗੇ ਰਿਸ਼ਤੇ ਵਿੱਚ ਹਨ ਅਤੇ ਉਸਨੂੰ ਇਕੱਠੇ ਪਾਲ ਰਹੇ ਹਨ। ਹਾਲਾਂਕਿ ਕੁਝ ਲੋਕਾਂ ਨੂੰ ਲੱਗਦਾ ਹੈ ਕਿ ਇਹ ਡਿਨਰ ਇੱਕ ਨਵੇਂ ਰਿਸ਼ਤੇ ਦੀ ਸ਼ੁਰੂਆਤ ਹੋ ਸਕਦਾ ਹੈ, ਪਰ ਹੁਣ ਤੱਕ ਦੋਨਾਂ ਵਿੱਚੋਂ ਕਿਸੇ ਵੱਲੋਂ ਵੀ ਕੋਈ ਬਿਆਨ ਨਹੀਂ ਆਇਆ ਹੈ। ਸੋਸ਼ਲ ਮੀਡੀਆ 'ਤੇ ਇਸ ਮੁਲਾਕਾਤ ਬਾਰੇ ਬਹੁਤ ਚਰਚਾ ਹੋ ਰਹੀ ਹੈ।

# ਭਾਰਤੀ ਫੌਜ ਦੇ ਵਾਹਨ 'ਤੇ ਡਿੱਗਿਆ ਵੱਡਾ ਪੱਥਰ

## ਇੱਕ ਅਫਸਰ ਸਣੇ 3 ਜਵਾਨ ਸ਼ਹੀਦ



ਲੱਦਾਖ: ਲੱਦਾਖ 'ਚ ਭਾਰਤੀ ਫੌਜ ਦੇ ਇੱਕ ਵਾਹਨ 'ਤੇ ਚੱਟਾਨ ਡਿੱਗਣ ਕਾਰਨ ਇੱਕ ਅਫਸਰ ਅਤੇ ਦੋ ਜਵਾਨਾਂ ਦੀ ਮੌਤ ਹੋ ਗਈ, ਜਦਕਿ ਇੱਕ ਅਫਸਰ ਅਤੇ ਦੋ ਜਵਾਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਹਨ।

ਸਵੇਰੇ 11:30 ਵਜੇ ਵਾਪਰਿਆ ਹਾਦਸਾ

ਅਧਿਕਾਰੀਆਂ ਨੇ ਦੱਸਿਆ ਕਿ ਸਵੇਰੇ ਲਗਭਗ 11:30 ਵਜੇ ਦੁਰਬੁਕ ਵਿੱਚ ਇੱਕ ਫੌਜੀ ਵਾਹਨ ਦੇ ਚੱਟਾਨ ਨਾਲ ਟਕਰਾਉਣ ਕਾਰਨ ਇਹ ਹਾਦਸਾ ਵਾਪਰਿਆ। ਰਾਹਤ ਅਤੇ ਬਚਾਅ ਕਾਰਜ ਜਾਰੀ ਹਨ। ਪਿਛਲੇ ਕੁਝ ਦਿਨਾਂ ਤੋਂ ਲੱਦਾਖ ਵਿੱਚ ਭਾਰੀ ਮੀਂਹ ਅਤੇ ਬਰਫਬਾਰੀ ਹੋ ਰਹੀ ਹੈ, ਜਿਸ ਕਾਰਨ ਸੜਕ ਹਾਦਸਿਆਂ ਵਿੱਚ ਵਾਧਾ ਹੋਇਆ ਹੈ। ਕੁਝ ਦਿਨ ਪਹਿਲਾਂ ਵੀ ਅਜਿਹੀ ਹੀ ਇੱਕ ਘਟਨਾ ਵਿੱਚ ਦੋ ਲੋਕ ਜ਼ਖਮੀ ਹੋਏ ਸਨ, ਜਿਨ੍ਹਾਂ ਨੂੰ ਭਾਰਤੀ ਫੌਜ ਦੀ ਫਾਇਰ ਐਂਡ ਫਿਊਰੀ ਕੋਰ ਨੇ ਬਚਾਇਆ ਅਤੇ ਇਲਾਜ ਲਈ ਕਾਰੂ ਦੇ ਹਸਪਤਾਲ ਭੇਜਿਆ ਸੀ।

ਫਾਇਰ ਐਂਡ ਫਿਊਰੀ ਕੋਰ, ਲੇਹ ਨੇ 21 ਜੁਲਾਈ ਨੂੰ ਕਿਹਾ ਸੀ ਕਿ ਅਗਨੀਵੀਰ ਹਰੀਓਮ ਨਾਗਰ ਨੇ 20 ਜੁਲਾਈ ਨੂੰ ਲੱਦਾਖ ਵਿੱਚ ਡਿਊਟੀ ਦੌਰਾਨ ਬਲਿਦਾਨ ਦਿੱਤਾ। ਰੱਖਿਆ ਸਟਾਫ ਨੇ ਇੱਕ ਪੋਸਟ ਵਿੱਚ ਕਿਹਾ, "ਜਨਰਲ ਅਨਿਲ ਚੌਹਾਨ, ਸੀਡੀਐਸ ਅਤੇ ਭਾਰਤੀ ਸੈਨਿਕ ਬਲਾਂ ਦੇ ਸਾਰੇ ਰੈਂਕ ਅਗਨੀਵੀਰ ਹਰੀਓਮ ਨਾਗਰ ਦੇ ਬਲਿਦਾਨ ਨੂੰ ਸਲਾਮ ਕਰਦੇ ਹਨ।" ਐਚਕਿਊ ਆਈਡੀਐਸ ਨੇ ਕਿਹਾ, "ਸਾਡੀਆਂ ਡੂੰਘੀਆਂ ਸੰਵੇਦਨਾਵਾਂ ਸ਼ੋਕਗ੍ਰਸਤ ਪਰਿਵਾਰ ਨਾਲ ਹਨ; ਇਸ ਦੁੱਖ ਦੀ ਘੜੀ ਵਿੱਚ ਅਸੀਂ ਤੁਹਾਡੇ ਨਾਲ ਮਜ਼ਬੂਤੀ ਨਾਲ ਖੜ੍ਹੇ ਹਾਂ।" ਫੌਜ ਮੁਖੀ ਜਨਰਲ ਉਪੇਂਦਰ ਦਵਿੱਦੀ ਨੇ ਵੀ 21 ਜੁਲਾਈ ਨੂੰ ਅਗਨੀਵੀਰ ਨਾਗਰ ਦੇ ਦਿਹਾਂਤ

# ਅਮਰੀਕਾ ਨੇ ਇਰਾਨੀ ਪੈਟਰੋਲੀਅਮ ਉਤਪਾਦਾਂ ਦੇ ਵਪਾਰ ਲਈ 6 ਭਾਰਤੀ ਕੰਪਨੀਆਂ 'ਤੇ ਪਾਬੰਦੀਆਂ ਲਗਾਈਆਂ

ਟਰੰਪ ਪ੍ਰਸ਼ਾਸਨ ਨੇ ਇਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ ਦੀ ਮਹੱਤਵਪੂਰਨ ਵਿਕਰੀ ਅਤੇ ਖਰੀਦਦਾਰੀ ਲਈ ਛੇ ਭਾਰਤੀ ਕੰਪਨੀਆਂ 'ਤੇ ਪਾਬੰਦੀਆਂ ਲਗਾ ਦਿੱਤੀਆਂ ਹਨ। ਇਰਾਨੀ ਪੈਟਰੋਲੀਅਮ, ਪੈਟਰੋਲੀਅਮ ਉਤਪਾਦਾਂ ਜਾਂ ਪੈਟਰੋ-ਕੈਮੀਕਲ ਵਪਾਰ ਵਿੱਚ ਲੱਗੀਆਂ 20 ਆਲਮੀ ਸੰਸਥਾਵਾਂ 'ਤੇ ਪਾਬੰਦੀਆਂ ਲਗਾਉਣ ਮੌਕੇ ਵਿਦੇਸ਼ ਵਿਭਾਗ ਨੇ ਬੁੱਧਵਾਰ ਨੂੰ ਕਿਹਾ, "ਇਰਾਨੀ ਸ਼ਾਸਨ ਮੱਧ ਪੂਰਬ ਵਿੱਚ ਸੰਘਰਸ਼ ਨੂੰ ਹਵਾ ਦੇਣਾ ਜਾਰੀ ਰੱਖ ਰਿਹਾ ਹੈ ਤਾਂ ਜੋ ਆਪਣੀਆਂ ਅਸਥਿਰਤਾ ਫੈਲਾਉਣ ਵਾਲੀਆਂ ਗਤੀਵਿਧੀਆਂ ਲਈ ਫੰਡ ਜੁਟਾ ਸਕੇ। ਅੱਜ, ਸੰਯੁਕਤ ਰਾਜ ਅਮਰੀਕਾ ਉਸ ਮਾਲੀਏ ਦੇ ਪ੍ਰਵਾਹ ਨੂੰ ਰੋਕਣ ਲਈ ਕਾਰਵਾਈ ਕਰ ਰਿਹਾ ਹੈ ਜਿਸਦੀ ਵਰਤੋਂ ਸ਼ਾਸਨ ਵਿਦੇਸ਼ਾਂ ਵਿੱਚ ਅਤਿਵਾਦ ਦਾ ਸਮਰਥਨ ਕਰਨ ਅਤੇ ਆਪਣੇ ਹੀ ਲੋਕਾਂ 'ਤੇ ਜ਼ੁਲਮ ਕਰਨ ਲਈ ਕਰਦਾ ਹੈ।"

ਵਿਦੇਸ਼ ਵਿਭਾਗ ਨੇ ਕਿਹਾ ਕਿ ਭਾਰਤ, ਸੰਯੁਕਤ ਅਰਬ ਅਮੀਰਾਤ, ਤੁਰਕੀ ਅਤੇ ਇੰਡੋਨੇਸ਼ੀਆ ਦੀਆਂ ਕਈ ਕੰਪਨੀਆਂ ਨੂੰ ਇਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ ਦੀ ਮਹੱਤਵਪੂਰਨ ਵਿਕਰੀ ਅਤੇ ਖਰੀਦਦਾਰੀ ਲਈ ਨਾਮਜ਼ਦ ਕੀਤਾ ਜਾ ਰਿਹਾ ਹੈ।



ਇਸ ਵਿਚ ਕਿਹਾ ਗਿਆ ਹੈ ਕਿ, "ਜਿਵੇਂ ਕਿ ਰਾਸ਼ਟਰਪਤੀ ਟਰੰਪ ਨੇ ਕਿਹਾ ਹੈ, ਕੋਈ ਵੀ ਦੇਸ਼ ਜਾਂ ਵਿਅਕਤੀ ਜੋ ਇਰਾਨੀ ਤੇਲ ਜਾਂ ਪੈਟਰੋ-ਕੈਮੀਕਲ ਖਰੀਦਣ ਦੀ ਚੋਣ ਕਰਦਾ ਹੈ, ਉਹ ਆਪਣੇ ਆਪ ਨੂੰ ਅਮਰੀਕੀ ਪਾਬੰਦੀਆਂ ਦੇ ਖਤਰੇ ਵਿੱਚ ਪਾਉਂਦਾ ਹੈ ਅਤੇ ਉਸ ਨੂੰ ਸੰਯੁਕਤ ਰਾਜ ਨਾਲ ਵਪਾਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।" ਇਰਾਨ ਦੇ ਪੈਟਰੋ-ਕੈਮੀਕਲ ਵਪਾਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਅਮਰੀਕਾ ਨੇ ਕਈ ਅਧਿਕਾਰ ਖੇਤਰਾਂ ਵਿੱਚ 13 ਸੰਸਥਾਵਾਂ ਨੂੰ ਨਾਮਜ਼ਦ ਕੀਤਾ ਹੈ ਜੋ ਇਰਾਨ-ਮੂਲ ਦੇ ਪੈਟਰੋ-ਕੈਮੀਕਲਾਂ ਦੀ ਟ੍ਰਾਂਸਸ਼ਿਪਮੈਂਟ, ਵਿਕਰੀ ਅਤੇ ਖਰੀਦ ਵਿੱਚ ਸ਼ਾਮਲ ਹਨ। ਨਾਮਜ਼ਦ ਕੀਤੀਆਂ ਗਈਆਂ ਭਾਰਤ-ਅਧਾਰਤ ਕੰਪਨੀਆਂ ਕੰਚਨ ਪੋਲੀਮਰਜ਼, ਇਸ ਨੇ ਫਰਵਰੀ ਅਤੇ ਜੁਲਾਈ 2024 ਦਰਮਿਆਨ ਯੂਏਈ-ਅਧਾਰਤ ਟੈਨਿਸ ਟਰੇਡਿੰਗ ਤੋਂ 1.3 ਮਿਲੀਅਨ ਡਾਲਰ ਤੋਂ ਵੱਧ ਦੇ ਇਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ, ਜਿਸ ਵਿੱਚ ਪੋਲੀਥੀਨ ਵੀ ਸ਼ਾਮਲ ਹੈ, ਦੀ ਦਰਾਮਦ ਅਤੇ ਖਰੀਦਦਾਰੀ ਕੀਤੀ। ਅਲਕੈਮੀਕਲ ਸੋਲਿਊਸ਼ਨਜ਼, ਇਹ ਇੱਕ ਪੈਟਰੋ-ਕੈਮੀਕਲ ਵਪਾਰਕ ਕੰਪਨੀ ਹੈ ਜਿਸ ਨੇ ਜਨਵਰੀ ਅਤੇ ਦਸੰਬਰ 2024 ਦਰਮਿਆਨ ਕਈ ਕੰਪਨੀਆਂ ਤੋਂ 84 ਮਿਲੀਅਨ ਡਾਲਰ ਤੋਂ ਵੱਧ ਦੇ ਇਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ ਦੀ ਦਰਾਮਦ ਅਤੇ ਖਰੀਦ ਕੀਤੀ ਹੈ।

ਰਾਮਨਿਕਲਾਲ ਐੱਸ ਗੋਸਾਲੀਆ ਐਂਡ ਕੰਪਨੀ, ਇਸ ਨੇ ਜਨਵਰੀ 2024 ਅਤੇ ਜਨਵਰੀ 2025 ਦਰਮਿਆਨ ਕਈ ਕੰਪਨੀਆਂ ਤੋਂ ਮੀਥੇਨੌਲ ਅਤੇ ਟੋਲੂਇਨ ਸਮੇਤ 22 ਮਿਲੀਅਨ ਡਾਲਰ ਤੋਂ ਵੱਧ ਦੇ ਇਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ ਦੀ ਦਰਾਮਦ ਅਤੇ ਖਰੀਦ ਕੀਤੀ।

ਇਸੇ ਤਰ੍ਹਾਂ ਜੁਪੀਟਰ ਡਾਈ ਕੈਮ ਪ੍ਰਾਈਵੇਟ ਲਿਮਟਿਡ ਵੀ ਪਾਬੰਦੀਆਂ ਦੀ ਸੂਚੀ ਵਿੱਚ ਹੈ, ਜਿਸਨੇ ਜਨਵਰੀ 2024 ਅਤੇ ਜਨਵਰੀ 2025 ਦਰਮਿਆਨ ਕਈ ਕੰਪਨੀਆਂ ਤੋਂ ਟੋਲੂਇਨ ਸਮੇਤ 49 ਮਿਲੀਅਨ ਡਾਲਰ ਤੋਂ ਵੱਧ ਦੇ ਇਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ ਦੀ ਦਰਾਮਦ ਅਤੇ ਖਰੀਦ ਕੀਤੀ।

ਬਾਕੀ ਦੋ ਪਾਬੰਦੀਸ਼ੁਦਾ ਭਾਰਤੀ ਕੰਪਨੀਆਂ ਗਲੋਬਲ ਇੰਡਸਟਰੀਅਲ ਕੈਮੀਕਲਜ਼ ਲਿਮਟਿਡ ਅਤੇ ਪਰਸਿਸਟੈਂਟ ਪੈਟਰੋਕੈਮ ਪ੍ਰਾਈਵੇਟ ਲਿਮਟਿਡ ਹਨ, ਜਿਨ੍ਹਾਂ ਨੇ ਮੁੱਖ ਤੌਰ 'ਤੇ ਪਿਛਲੇ ਸਾਲ ਦੌਰਾਨ ਕਈ ਕੰਪਨੀਆਂ ਨਾਲ ਕ੍ਰਮਵਾਰ 51 ਮਿਲੀਅਨ ਡਾਲਰ ਅਤੇ 14 ਮਿਲੀਅਨ ਡਾਲਰ ਤੋਂ ਵੱਧ ਦਾ ਕਾਰੋਬਾਰ ਕੀਤਾ ਹੈ।

ਇਨ੍ਹਾਂ ਕੰਪਨੀਆਂ ਨੂੰ ਇਰਾਨ ਤੋਂ ਪੈਟਰੋ-ਕੈਮੀਕਲ ਉਤਪਾਦਾਂ ਦੀ ਖਰੀਦ, ਪ੍ਰਾਪਤੀ, ਵਿਕਰੀ, ਆਵਾਜਾਈ ਜਾਂ ਮਾਰਕੀਟਿੰਗ ਲਈ ਜਾਣਬੁੱਝ ਕੇ ਇੱਕ ਮਹੱਤਵਪੂਰਨ ਲੈਣ-ਦੇਣ ਵਿੱਚ ਸ਼ਾਮਲ ਹੋਣ ਲਈ ਨਾਮਜ਼ਦ ਕੀਤਾ ਗਿਆ ਹੈ। ਪਾਬੰਦੀਆਂ-ਸਬੰਧਤ ਕਾਰਵਾਈਆਂ ਦੇ ਨਤੀਜੇ ਵਜੋਂ, ਨਾਮਜ਼ਦ ਵਿਅਕਤੀਆਂ ਦੀ ਸਾਰੀ ਜਾਇਦਾਦ ਅਤੇ ਜਾਇਦਾਦ ਵਿੱਚ ਹਿੱਤ ਜੋ ਸੰਯੁਕਤ ਰਾਜ ਵਿੱਚ ਹਨ ਜਾਂ ਅਮਰੀਕੀ ਵਿਅਕਤੀਆਂ ਦੇ ਕਬਜ਼ੇ ਜਾਂ ਨਿਯੰਤਰਣ ਵਿੱਚ ਹਨ, ਨੂੰ ਬਲੌਕ ਕਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਅਮਰੀਕੀ ਖਜ਼ਾਨਾ ਵਿਭਾਗ 50 ਤੋਂ ਵੱਧ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਨਾਮਜ਼ਦ ਕਰ ਰਿਹਾ ਹੈ। ਖਜ਼ਾਨਾ ਵਿਭਾਗ ਦੇ ਬਿਆਨ ਵਿੱਚ ਯੂਏਈ-ਅਧਾਰਤ ਭਾਰਤੀ ਨਾਗਰਿਕ ਪੰਕਜ ਨਾਗਜੀਭਾਈ ਪਟੇਲ ਦਾ ਵੀ ਨਾਮ ਹੈ, ਜਿਸ ਨੇ ਹੁਸੈਨ ਦੇ ਨੈਟਵਰਕ ਵਿੱਚ ਕਈ ਸ਼ਿਪਿੰਗ ਕੰਪਨੀਆਂ, ਜਿਵੇਂ ਕਿ ਟਿਓਡੋਰ ਸ਼ਿਪਿੰਗ, ਵਿੱਚ ਇੱਕ ਕਾਰਜਕਾਰੀ ਵਜੋਂ ਸੇਵਾ ਨਿਭਾਈ ਹੈ। ਉਸ ਨੂੰ ਪਾਬੰਦੀਆਂ ਦੀ ਸੂਚੀ ਵਿੱਚ ਰੱਖਿਆ ਗਿਆ ਹੈ।

# UNSC ਦੀ ਪਾਬੰਦੀ ਨਿਗਰਾਨੀ ਟੀਮ ਨੇ ਪਹਿਲਗਾਮ ਅੱਤਵਾਦੀ ਹਮਲੇ ਸਬੰਧੀ ਦਿੱਤੀ ਰਿਪੋਰਟ

ਸੰਯੁਕਤ ਰਾਸ਼ਟਰ: ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (UNSC) ਦੀ ਪਾਬੰਦੀ ਨਿਗਰਾਨੀ ਟੀਮ ਨੇ ਪਹਿਲਗਾਮ ਅੱਤਵਾਦੀ ਹਮਲੇ ਸਬੰਧੀ ਇੱਕ ਬਹੁਤ ਹੀ ਸਨਸਨੀਖੇਜ਼ ਰਿਪੋਰਟ ਦਿੱਤੀ ਹੈ। ਸੰਯੁਕਤ ਰਾਸ਼ਟਰ ਨੇ ਕਿਹਾ ਹੈ ਕਿ ਦ ਰੇਸਿਸਟੈਂਸ ਫਰੰਟ (ਟੀਆਰਐਫ) ਨੇ ਪਹਿਲਗਾਮ ਅੱਤਵਾਦੀ ਹਮਲੇ ਦੀ ਦੋ ਵਾਰ ਜ਼ਿੰਮੇਵਾਰੀ ਲਈ ਹੈ ਅਤੇ ਘਟਨਾ ਵਾਲੀ ਥਾਂ ਦੀ ਇੱਕ ਤਸਵੀਰ ਵੀ ਪ੍ਰਕਾਸ਼ਤ ਕੀਤੀ ਹੈ। ਸੰਯੁਕਤ ਰਾਸ਼ਟਰ ਨੇ ਆਪਣੀ ਰਿਪੋਰਟ ਵਿੱਚ ਇਹ ਵੀ ਕਿਹਾ ਹੈ ਕਿ ਇਹ ਹਮਲਾ ਪਾਕਿਸਤਾਨ ਸਥਿਤ ਲਸ਼ਕਰ-ਏ-ਤੋਇਬਾ (LeT) ਦੇ ਸਮਰਥਨ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ ਸੀ।



ਇਸਲਾਮਿਕ ਸਟੇਟ, ਅਲ-ਕਾਇਦਾ ਅਤੇ ਉਨ੍ਹਾਂ ਨਾਲ ਜੁੜੇ ਵਿਅਕਤੀਆਂ ਅਤੇ ਸੰਸਥਾਵਾਂ 'ਤੇ ਵਿਸ਼ਲੇਸ਼ਣਾਤਮਕ ਸਹਾਇਤਾ ਅਤੇ ਪਾਬੰਦੀਆਂ ਨਿਗਰਾਨੀ ਟੀਮ ਦੀ 36ਵੀਂ ਰਿਪੋਰਟ ਵਿੱਚ 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦਾ ਜ਼ਿਕਰ ਕੀਤਾ ਗਿਆ ਹੈ। ਇਸ ਹਮਲੇ ਵਿੱਚ ਅੱਤਵਾਦੀਆਂ ਨੇ 26 ਲੋਕਾਂ ਨੂੰ ਉਨ੍ਹਾਂ ਦਾ ਧਰਮ ਪੁੱਛਣ 'ਤੇ ਗੋਲੀ ਮਾਰ ਦਿੱਤੀ ਸੀ। ਰਿਪੋਰਟ ਅਨੁਸਾਰ, ਹਮਲੇ ਵਿੱਚ ਪੰਜ ਅੱਤਵਾਦੀ ਸ਼ਾਮਿਲ ਸਨ।

ਸੰਯੁਕਤ ਰਾਸ਼ਟਰ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਟੀਆਰਐਫ ਨੇ 22 ਅਪ੍ਰੈਲ ਨੂੰ ਹੋਏ ਹਮਲੇ ਦੀ ਜ਼ਿੰਮੇਵਾਰੀ ਲਈ ਸੀ ਅਤੇ ਘਟਨਾ ਵਾਲੀ ਥਾਂ ਦੀ ਤਸਵੀਰ ਵੀ ਪ੍ਰਕਾਸ਼ਿਤ ਕੀਤੀ ਸੀ। ਟੀਆਰਐਫ ਨੇ ਅਗਲੇ ਦਿਨ ਦੁਬਾਰਾ ਹਮਲੇ ਦੀ ਜ਼ਿੰਮੇਵਾਰੀ ਲਈ, ਪਰ 26 ਅਪ੍ਰੈਲ ਨੂੰ ਆਪਣਾ ਦਾਅਵਾ ਵਾਪਿਸ ਲੈ ਲਿਆ। ਇਹ ਰਿਪੋਰਟ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ 1267 ਆਈਐਸਆਈਐਲ (ਦਾਏਸ਼) ਅਤੇ ਅਲ-ਕਾਇਦਾ ਪਾਬੰਦੀਆਂ ਕਮੇਟੀ ਨੂੰ ਸੌਂਪੀ ਗਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਇਸ ਤੋਂ ਬਾਅਦ ਟੀਆਰਐਫ ਵੱਲੋਂ ਕੋਈ ਹੋਰ ਬਿਆਨ ਨਹੀਂ ਆਇਆ ਅਤੇ ਨਾ ਹੀ ਕਿਸੇ ਹੋਰ ਸਮੂਹ ਨੇ ਜ਼ਿੰਮੇਵਾਰੀ ਲਈ ਹੈ।

ਭਾਰਤ ਦੇ ਦਾਅਵੇ ਨੂੰ ਸਹੀ ਸਾਬਿਤ ਕਰਦੇ ਹੋਏ, ਸੰਯੁਕਤ ਰਾਸ਼ਟਰ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਇਹ ਹਮਲਾ ਪਾਕਿਸਤਾਨ ਸਥਿਤ ਲਸ਼ਕਰ-ਏ-ਤੋਇਬਾ ਦੇ ਸਮਰਥਨ ਤੋਂ ਬਿਨਾਂ ਸੰਭਵ ਨਹੀਂ ਸੀ ਅਤੇ ਟੀਆਰਐਫ ਅਤੇ ਲਸ਼ਕਰ ਵਿਚਕਾਰ ਸਬੰਧ ਹਨ। ਇਹ ਗੱਲ ਸੰਯੁਕਤ ਰਾਸ਼ਟਰ ਦੇ ਇੱਕ ਮੈਂਬਰ ਦੇਸ਼ ਦੇ ਹਵਾਲੇ ਨਾਲ ਕਹੀ ਗਈ ਹੈ। ਇੱਕ ਹੋਰ ਮੈਂਬਰ ਦੇਸ਼ ਨੇ ਕਿਹਾ ਕਿ ਇਹ ਹਮਲਾ ਟੀਆਰਐਫ ਦੁਆਰਾ ਕੀਤਾ ਗਿਆ ਸੀ, ਜੋ ਕਿ ਲਸ਼ਕਰ ਦਾ ਇੱਕ ਹੋਰ ਨਾਮ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਖੇਤਰੀ ਸਬੰਧ ਨਾਜ਼ੁਕ ਬਣੇ ਹੋਏ ਹਨ ਅਤੇ "ਇਹ ਡਰ ਹੈ ਕਿ ਅੱਤਵਾਦੀ ਸੰਗਠਨ ਇਨ੍ਹਾਂ ਖੇਤਰੀ ਤਣਾਅ ਦਾ ਫਾਇਦਾ ਉਠਾ ਸਕਦੇ ਹਨ।"

ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਅਮਰੀਕਾ ਨੇ ਜੁਲਾਈ ਵਿੱਚ ਟੀਆਰਐਫ ਨੂੰ ਇੱਕ ਵਿਦੇਸ਼ੀ ਅੱਤਵਾਦੀ ਸੰਗਠਨ ਅਤੇ ਇੱਕ ਵਿਸ਼ੇਸ਼ ਤੌਰ 'ਤੇ ਮਨੋਨੀਤ ਗਲੋਬਲ ਅੱਤਵਾਦੀ ਵਜੋਂ ਸੂਚੀਬੱਧ ਕੀਤਾ। 25 ਅਪ੍ਰੈਲ ਨੂੰ, ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਅਜਿਹੇ ਘਿਨਾਉਣੇ ਅੱਤਵਾਦੀ ਕੰਮਾਂ ਲਈ ਜ਼ਿੰਮੇਵਾਰ ਅਪਰਾਧੀਆਂ, ਸਾਜ਼ਿਸ਼ਕਾਰਾਂ, ਵਿੱਤਦਾਤਾਵਾਂ ਅਤੇ ਸਪਾਂਸਰਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣਾ ਜ਼ਰੂਰੀ ਹੈ। ਹਾਲਾਂਕਿ, ਪਾਕਿਸਤਾਨ ਦੇ ਦਬਾਅ ਹੇਠ ਉਸ ਬਿਆਨ ਵਿੱਚ ਟੀਆਰਐਫ ਦਾ ਨਾਮ ਸ਼ਾਮਲ ਨਹੀਂ ਕੀਤਾ ਗਿਆ ਸੀ। ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਸੋਮਵਾਰ ਨੂੰ ਸੰਸਦ ਵਿੱਚ ਕਿਹਾ ਕਿ ਸੁਰੱਖਿਆ ਪ੍ਰੀਸ਼ਦ ਵਿੱਚ ਬਿਆਨ 'ਤੇ ਚਰਚਾ ਦੌਰਾਨ, ਪਾਕਿਸਤਾਨ ਨੇ ਟੀਆਰਐਫ ਦੇ ਨਾਮ ਦੇ ਕਿਸੇ ਵੀ ਜ਼ਿਕਰ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਸੀ।

# ਐਸੋਸੀਏਸ਼ਨ ਆਫ਼ ਸੀਨੀਅਰਜ ਕਲੱਬਜ਼ ਬਰੈਂਪਟਨ ਵੱਲੋਂ 9 ਅਗਸਤ ਦਿਨ ਸ਼ਨਿੱਚਰਵਾਰ ਨੂੰ ਕਨੇਡਾ ਡੇਅ ਤੇ ਮਲਟੀਕਲਚਰਲ ਫੈਸਟੀਵਲ ਮਨਾਉਣ ਦਾ ਫ਼ੈਸਲਾ

ਕੈਨੇਡਾ ਦੀ ਲੰਬੀ, ਅਕਾਉ ਸਰਦ ਰੁੱਤ ਤੋਂ ਬਾਅਦ ਬਸੰਤ ਬਹਾਰ ਤੇ ਗਰਮੀਆਂ ਦੇ ਮੌਸਮ ਦੇ ਸ਼ੁਰੂ ਹੁੰਦਿਆ ਹੀ, ਬਰਫ ਤੇ ਠੰਡ ਨਾਲ ਝੰਬੇ, ਵੀਰਾਨ ਖੜੇ ਰੁੱਖਾਂ ਦੀਆਂ ਟਾਹਣੀਆਂ, ਨਵੀਂਆਂ ਨਿਕਲ ਰਹੀਆਂ ਕਰੂਬਲਾ ਤੇ ਫੁਲ ਪਤਿਆਂ ਨਾਲ ਭਰਨ ਲੱਗ ਜਾਂਦੀਆਂ ਹਨ। ਦਿਨਾਂ ਵਿੱਚ ਹੀ ਚਾਰੇ ਪਾਸੇ ਸੂਰਜ ਦੀ ਤਪਸ਼ ਨਾਲ ਕਮਿਊਨਿਟੀ ਪਾਰਕ ਤੇ ਵੱਡੇ ਵੱਡੇ ਮੀਲਾਂ ਤਕ ਫੈਲੇ ਕਣਕ, ਮੱਕੀ ਤੇ ਸਬਜੀਆਂ ਦੇ ਫਾਰਮਾਂ ਤੇ ਹਰਿਆਲੀ ਆਉਣ ਲਗਦੀ ਹੈ। ਨਾਲ ਹੀ ਮਹੀਨਿਆਂ ਵਧੀ ਸਰਦੀਆਂ ਦੇ ਸਖਤ ਮੌਸਮ ਦੀ ਮਾਰ ਨਾਲ ਠਰੇ ਹੋਏ ਮਨੁੱਖੀ ਮਨ ਵੀ ਮੁੜ ਖਿੜ ਉਠਦੇ ਨੇ। ਸਿਹਤਮੰਦ ਜਿੰਦਗੀ ਜਿਉਣ ਲਈ ਤਹਿ ਕੀਤੇ ਲਾਈਫ ਸਟਾਈਲ ਤੇ ਅਮਲ ਕਰਨ ਵਾਲੇ ਸੀਨੀਅਰਜ ਸਵੇਰ ਦੀ ਸੈਰ ਤੇ ਹਸਦੇ, ਮੁਸਕਰਾਹਟਾਂ ਵੰਡਦੇ, ਲੰਮੀਆਂ ਪੁਲਾਂਘਾਂ ਪੁੱਟਣ ਲਗਦੇ ਨੇ। ਹਰ ਕਮਿਊਨਟੀ ਪਾਰਕ ਵਿੱਚ ਸੀਨੀਅਰਜ, ਔਰਤਾਂ ਤੇ ਬਚਿਆਂ ਦੀ ਭਰਪੂਰ ਆਮਦ ਨਾਲ ਜਿੰਦਗੀ ਮੁੜ ਧੜਕਣ ਲਗਦੀ ਹੈ। ਨਾਲ ਹੀ ਨਿਰੰਤਰ ਸ਼ੁਰੂ ਹੋ ਜਾਂਦੇ ਨੇ, ਗੀਤ ਸੰਗੀਤ ਦੀਆਂ ਧੁਨਾਂ ਤੇ ਲੰਮੀਆਂ ਹੇਕਾਂ ਵਾਲੇ ਪੰਜਾਬੀ ਗਾਇਕਾਂ ਦੇ ਸੁਰੀਲੇ ਬੋਲ ਤੇ ਭਗੜੇ, ਗਿੱਧੇ ਦੀਆ ਧਮਕਾਂ। ਪੰਜਾਬ ਦੀਆ ਗੇੜੀਆਂ ਤੋਂ ਵਾਪਸ ਆ ਚੁਕੇ ਸੀਨੀਅਰਜ ਵੀ ਆਪੋ ਅਪਣੇ ਪਾਰਕਾਂ ਵਿਚ ਮੁੜ ਸਰਗਰਮ ਹੁੰਦਿਆ ਸਭ ਤੋਂ ਪਹਿਲਾਂ ਵਿਸਾਖੀ ਦੇ ਮੇਲੇ ਨੂੰ ਰਲ ਕੇ ਮਨਾਉਂਦੇ ਹਨ। ਇਸ ਦੇ ਨਾਲ ਹੀ ਉਹ ਬਰੈਂਪਟਨ ਵਿੱਚ ਲੱਗਭਗ ਸਾਰੀਆਂ ਸੀਨੀਅਰ ਕਲੱਬਾਂ 'ਚ ਆਪਸੀ ਸਾਂਝ ਤੇ ਤਾਲਮੇਲ ਰੱਖਣ ਲਈ ਤੇ ਉਹਨਾ ਦੇ ਹਿੱਤਾ ਨੂੰ ਪ੍ਰਮੋਟ ਕਰਨ ਲਈ ਬਣੀ ਹੋਈ ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਦੀਆ ਲਗਾਤਾਰ ਚਲਣ ਵਾਲੀਆਂ ਗਤੀਵਿਧੀਆ ਨਾਲ ਜੁੜ ਜਾਂਦੇ ਹਨ। ਉਹ ਐਸੋਸੀਏਸ਼ਨ ਵਲੋਂ ਉਲੀਕੇ ਜਾਂਦੇ ਹਰ ਫੰਕਸ਼ਨ ਵਿੱਚ ਖੁਭ ਕੇ ਹਿੱਸਾ ਲੈਣ ਲਗਦੇ ਹਨ। ਇਸੇ ਸਬੰਧ ਵਿੱਚ ਬਰੈਂਪਟਨ ਦੀਆਂ ਸਾਰੀਆਂ ਸਰਗਰਮ ਸੀਨੀਅਰ ਕਲੱਬਾਂ ਦੇ ਸਹਿਯੋਗ ਨਾਲ ਪ੍ਰਧਾਨ ਜੰਗੀਰ ਸਿੰਘ ਸੈਂਬੀਂ ਤੇ ਅਗਜ਼ੈਕਟਿਵ ਕਮੇਟੀ ਦੀ ਅਗਵਾਈ ਵਿੱਚ, ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਬਰੈਂਪਟਨ ਵਲੋਂ 9 ਅਗਸਤ ਦਿਨ ਸਨਿਚਰਵਾਰ ਨੂੰ ਮਲਟੀਕਲਚਰਲ ਫੈਸਟੀਵਲ ਤੇ ਕਨੇਡਾ ਡੇਅ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਟੀਵਲ ਸੇਵ ਮੈਕਸ ਸੋਕਰ ਸੈਂਟਰ ਜੋ ਡੈਕਸੀ ਰੋਡ ਅਤੇ ਸੈਂਡਲਵੁਡ ਪਾਰਕ ਵੇ ਦੇ ਇੰਟਰ ਸ਼ੈਕਸ਼ਨ ਤੇ ਸਥਿਤ ਹੈ, ਵਿਖੇ ਖੁਲੇ ਹਾਲ ਵਿੱਚ ਸਵੇਰੇ 11ਵਜੇ ਤੋਂ ਸ਼ਾਮ ਦੇ 4 ਵਜੇ ਤਕ ਲਗਾਤਾਰ ਚੱਲੇਗਾ। ਕਨੇਡਾ ਡੇਅ ਦੇ ਇਸ ਫੈਸਟੀਵਲ ਤੇ ਫੈਡਰਲ ਮਨਿਸਟਰ ਮਨਿੰਦਰ ਸਿੰਘ ਸਿੱਧੂ ਮੁਖ ਮਹਿਮਾਨ ਹੋਣਗੇ।




ਇਸ ਤੋਂ ਇਲਾਵਾ ਪਰੋਵੈਨਸ ਤੇ ਸਿਟੀ ਦੇ ਅਹੁਦੇਦਾਰ ਤੇ ਨੁਮਾਇੰਦੇ ਵੀ ਸੀਨੀਅਰਜ ਦੇ ਇਸ ਫੰਕਸ਼ਨ ਵਿੱਚ ਹਾਜਰ ਰਹਿਣਗੇ। ਆਪਣੀਆਂ ਅਗਾਂਹਵਧੂ ਲਿਖਤਾਂ ਤੇ ਵਿਚਾਰਾ ਰਾਹੀ ਕਨੇਡਾ ਦੇ ਸਮਾਜਿਕ ਤੇ ਰਾਜਨੀਤਕ ਜੀਵਨ ਵਿਚ ਪ੍ਰਮੁੱਖਤਾ ਨਾਲ ਯੋਗਦਾਨ ਪਾ ਰਹੇ ਰਾਜਨੀਤਕ ਅਹੁਦੇਦਾਰ, ਬੁੱਧੀਜੀਵੀ ਤੇ ਲਿਖਾਰੀ ਆਪਣੇ ਵਿਚਾਰ ਰੱਖਣਗੇ। ਮੀਡੀਏ ਨਾਲ ਜੁੜੇ ਹੋਏ "ਸਰੋਕਾਰਾਂ ਦੀ ਅਵਾਜ" ਵਾਲੇ ਹਰਬੰਸ ਸਿੰਘ ਤੇ ਦਵਿੰਦਰ ਸਿੰਘ ਤੂਰ ਵਲੋਂ ਅਗਾਹ ਵਧੂ ਸਹਿਤ ਦੀਆਂ ਪ੍ਰਮੁੱਖ ਕਿਤਾਬਾਂ ਦਾ ਸਟਾਲ ਲਾਇਆ ਜਾਵੇਗਾ। ਇਸਦੇ ਨਾਲ ਪੰਜਾਬੀ ਸਭਿਆਚਾਰ ਨਾਲ ਜੁੜੇ ਹੋਏ ਕਲਾਕਾਰਾਂ ਵਲੋਂ ਸੰਗੀਤਕ ਪ੍ਰੋਗਰਾਮ ਪੇਸ਼ ਕਰਦਿਆ ਸਹਿਤਕ ਰੰਗ ਵਖੇਰੇ ਜਾਣਗੇ। ਪੰਜਾਬੀ ਕਲਚਰ ਨੂੰ ਪ੍ਰਮੋਟ ਕਰਦੀ ਮਿਸੀਸਾਗਾ ਦੀ ਸੀਨੀਅਰ ਲੇਡੀਜ ਦੀ ਟੀਮ ਦੀ ਪ੍ਰਫਾਰਮਿੰਸ ਖਾਸ ਤੋਰ ਖਿੱਚ ਦਾ ਕੇਂਦਰ ਬਣੇਗੀ। ਗਿੱਧੇ, ਭੰਗੜੇ ਤੇ ਜਾਗੋ ਦੀਆ ਟੀਮਾਂ ਵੀ ਆਪਣੇ ਹੁਨਰ ਦੀ ਪੇਸ਼ਕਾਰੀ ਕਰਨਗੀਆਂ। ਸਾਰਾ ਸਮਾ ਫੂਡ ਟਰੱਕ ਰਾਹੀ ਗਰਮ ਤੇ ਤਾਜਾ ਸੁਆਦਲੀ ਖਾਣ ਪੀਣ ਦੀ ਸਪਲਾਈ ਲਗਾਤਾਰ ਜਾਰੀ ਰਹੇਗੀ। ਇਸ ਲਈ ਆਉ ਇਕ ਵਾਰ ਫਿਰ ਆਪਣੇ ਹਾਣੀਆਂ ਤੇ ਮਿਤਰ ਪਿਆਰਿਆ ਨਾਲ ਰਲ ਕੇ ਜਿੰਦਗੀ ਦੀ ਪੈ ਚੁੱਕੀ ਸ਼ਾਮ ਨੂੰ ਖੂਬਸੂਰਤ ਢੰਗ ਨਾਲ ਮਾਣੀਏ ਤੇ ਸਜ ਧਜ ਕੇ ਮਸਕਰਾਉਦੇ ਹੋਏ ਜੁੜ ਬੈਠ ਕੇ, ਗਰਮੀਆਂ ਦੇ ਬੀਤਦੇ ਜਾ ਰਹੇ ਮੌਸਮ ਦੇ ਇਸ ਆਖਰੀ ਵੱਡੇ ਫੈਸਟੀਵਲ ਦਾ ਹਿਸਾ ਬਣੀਏ। ਹੋਰ ਜਾਣਕਾਰੀ ਹੇਠ ਲਿਖੇ ਕਿਸੇ ਵੀ ਪ੍ਰਬੰਧਕ ਨੂੰ ਕਾਲ ਕੀਤੀ ਜਾ ਸਕਦੀ ਹੈ।

ਜੰਗੀਰ ਸਿੰਘ ਸੈਂਹਬੀ (ਪ੍ਰਧਾਨ) (416-409-0126)
ਰਣਜੀਤ ਸਿੰਘ ਤਗੜ (ਉਪ ਪ੍ਰਧਾਨ) (416-878-3711)
ਪ੍ਰੀਤਮ ਸਿੰਘ ਸਰਾਂ (ਸਕੱਤਰ) (416-833-0567)
ਅਮਰੀਕ ਸਿੰਘ ਕੁਮਰੀਆ (ਵਿਤ ਸਕੱਤਰ) (647-998-7253)
ਮਹਿੰਦਰ ਸਿੰਘ ਮੋਹੀ (ਮੀਡੀਆ ਐਡਵਾਈਜ਼ਰ) (416-659-1232)
ਇਕਬਾਲ ਸਿੰਘ ਵਿਰਕ ਡਾਇਰੈਕਟਰ, (647-704-7803)
ਲਾਲ ਸਿੰਘ ਬਰਾੜ ਡਾਇਰੈਕਟਰ, 416-617-3514
ਕੁਲਦੀਪ ਕੌਰ ਗਰੇਵਾਲ ਡਾਇਰੈਕਟਰ (647-856-2893)
ਰਜਨੀ ਸ਼ਰਮਾ ਡਾਇਰੈਕਟਰ (647-409-0731)

ਵੱਲੋਂ:- ਮਹਿੰਦਰ ਸਿੰਘ ਮੋਹੀ






# CM ਮਾਨ ਨੇ ਜੰਗਲਾਤ ਵਿਭਾਗ ਦੇ ਕਾਮਿਆਂ ਨੂੰ ਸੌਂਪੇ ਨਿਯੁਕਤੀ ਪੱਤਰ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਖੇ ਹੋਏ ਇੱਕ ਸਮਾਰੋਹ ਦੌਰਾਨ ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਵਿਭਾਗ ਦੇ ਹਾਲ ਹੀ ਵਿੱਚ ਰੈਗੂਲਰ ਕੀਤੇ ਗਏ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ। ਇਹ ਪ੍ਰੋਗਰਾਮ ਸਵੇਰੇ 11.30 ਵਜੇ ਸ਼ੁਰੂ ਹੋਇਆ ਅਤੇ ਮੁੱਖ ਮੰਤਰੀ ਨੇ ਨਿੱਜੀ ਤੌਰ 'ਤੇ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ। ਮੁੱਖ ਮੰਤਰੀ ਦਫ਼ਤਰ ਅਨੁਸਾਰ ਇਸ ਪਹਿਲਕਦਮੀ ਦਾ ਉਦੇਸ਼ ਕਰਮਚਾਰੀਆਂ ਨੂੰ ਸਥਾਈ ਸੇਵਾ ਦਾ ਲਾਭ ਦੇ ਕੇ ਉਨ੍ਹਾਂ ਦਾ ਮਨੋਬਲ ਵਧਾਉਣਾ ਅਤੇ ਵਿਭਾਗ ਦੀ ਕੁਸ਼ਲਤਾ ਨੂੰ ਮਜ਼ਬੂਤ ਕਰਨਾ ਹੈ। ਸਰਕਾਰ ਦਾ ਮੰਨਣਾ ਹੈ ਕਿ ਇਹ ਕਦਮ ਪੰਜਾਬ ਵਿੱਚ ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਦੇ ਕੰਮ ਵਿੱਚ ਨਵੀਂ ਊਰਜਾ ਅਤੇ ਗਤੀ ਲਿਆਏਗਾ। ਪ੍ਰੋਗਰਾਮ ਦੌਰਾਨ, ਨੌਕਰੀ ਮਿਲਣ ਤੋਂ ਬਾਅਦ, ਇੱਕ ਕਰਮਚਾਰੀ ਨੇ ਮੁੱਖ ਮੰਤਰੀ ਭਗਵੰਤ ਮਾਨ ਲਈ ਸ਼ਾਇਰੀ ਸੁਣਾਈ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ।

ਮੁੱਖ ਮੰਤਰੀ ਭਗਵੰਤ ਮਾਨ ਨੇ ਅੱਗੇ ਕਿਹਾ – ਜੰਗਲਾਤ ਵਿਭਾਗ ਵਿੱਚ ਇਹ ਦੇਖਿਆ ਗਿਆ ਕਿ ਕੁਝ 15 ਸਾਲਾਂ ਤੋਂ ਅਤੇ ਕੁਝ 20 ਸਾਲਾਂ ਤੋਂ ਕੰਮ ਕਰ ਰਹੇ ਹਨ, ਪਰ ਉਹ ਸਥਾਈ ਨਹੀਂ ਸਨ। ਜਦੋਂ ਸਾਡੀ ਸਰਕਾਰ ਨੇ ਇਸ ਵੱਲ ਧਿਆਨ ਦਿੱਤਾ ਤਾਂ ਇਸ 'ਤੇ ਤੁਰੰਤ ਪ੍ਰਭਾਵ ਨਾਲ ਰਣਨੀਤੀ ਬਣਾਈ ਗਈ ਅਤੇ ਇਸਨੂੰ ਸਥਾਈ ਕਰਨ ਦੀਆਂ ਤਿਆਰੀਆਂ ਕੀਤੀਆਂ ਗਈਆਂ। ਵਿਭਾਗ ਦੀ ਸੁਰੱਖਿਆ ਲਈ ਵੀ ਕਈ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ। ਅੱਜ ਉਕਤ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਦੇ ਪਰਿਵਾਰ ਦਾ ਸਥਾਈ ਮੈਂਬਰ ਬਣਾਇਆ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਸਾਰੇ ਕਰਮਚਾਰੀਆਂ ਨੇ ਪੰਜਾਬ ਨੂੰ ਪੰਜਾਬ ਬਣਾਉਣ ਵਿੱਚ ਬਹੁਤ ਯੋਗਦਾਨ ਪਾਇਆ ਹੈ। ਅੱਜ ਪੂਰੀ ਦੁਨੀਆ ਕੁਦਰਤ ਦੇ ਕਹਿਰ ਨਾਲ ਜੂਝ ਰਹੀ ਹੈ। ਜੇਕਰ ਤੁਸੀਂ ਸਾਰੇ ਉਨ੍ਹਾਂ ਰੁੱਖਾਂ ਦੇ ਰਖਵਾਲੇ ਹੋ, ਜੋ ਸਾਨੂੰ ਕੁਦਰਤ ਦੇ ਕਹਿਰ ਤੋਂ ਬਚਾ ਰਹੇ ਹਨ। ਇਹ 942 ਕਰਮਚਾਰੀ ਪੰਜਾਬ ਦੇ ਵਾਤਾਵਰਣ ਦੇ ਮਾਲੀ ਹਨ। ਮੈਂ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀ ਭਾਲਣ ਵਾਲੇ ਨਹੀਂ, ਸਗੋਂ ਨੌਕਰੀ ਦੇਣ ਵਾਲੇ ਬਣਾਉਣਾ ਚਾਹੁੰਦਾ ਹਾਂ।

# ਲੈਂਡ ਪੂਲਿੰਗ ਨੀਤੀ ਵਿਰੁੱਧ ਟਰੈਕਟਰ ਮਾਰਚ



ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਵੱਲੋਂ ਲੈਂਡ ਪੂਲਿੰਗ ਨੀਤੀ ਵਿਰੁੱਧ ਅੱਜ ਪੰਜਾਬ ਵਿੱਚ ਟਰੈਕਟਰ ਮਾਰਚ ਕੀਤੇ ਗਏ। ਪ੍ਰਦਰਸ਼ਨ ਵਿੱਚ ਐੱਸਕੇਐੱਮ ਨਾਲ ਸਬੰਧਤ ਕਿਸਾਨ ਜਥੇਬੰਦੀਆਂ ਤੋਂ ਇਲਾਵਾ ਕਿਸਾਨ ਮਜ਼ਦੂਰ ਮੋਰਚਾ (ਕੇਐੱਮਐੱਮ) ਅਤੇ ਹੋਰ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ। ਕਿਸਾਨ ਜਥੇਬੰਦੀਆਂ ਨੇ ਐਲਾਨ ਕੀਤਾ ਕਿ ਜਦੋਂ ਤੱਕ ਪੰਜਾਬ ਸਰਕਾਰ ਲੈਂਡ ਪੂਲਿੰਗ ਨੀਤੀ ਦਾ ਨੋਟੀਫਿਕੇਸ਼ਨ ਰੱਦ ਨਹੀਂ ਕਰਦੀ ਹੈ, ਉੱਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਟਰੈਕਟਰ ਮਾਰਚ ਦਾ ਕੇਂਦਰ ਬਿੰਦੂ ਲੁਧਿਆਣਾ ਜ਼ਿਲ੍ਹਾ ਰਿਹਾ ਜਿੱਥੇ 45,861 ਏਕੜ ਜ਼ਮੀਨ ਐਕੁਆਇਰ ਕਰਨ ਦੀ ਤਜਵੀਜ਼ ਹੈ। ਸੰਯੁਕਤ ਕਿਸਾਨ ਮੋਰਚਾ ਦੇ ਆਗੂ ਬਲਬੀਰ ਸਿੰਘ ਰਾਜੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਹਰਿੰਦਰ ਸਿੰਘ ਲੱਖੋਵਾਲ, ਨਿਰਭੈ ਸਿੰਘ ਢੁੱਡੀਕੇ, ਹਰਮੀਤ ਸਿੰਘ ਕਾਦੀਆਂ, ਬੂਟਾ ਸਿੰਘ ਬੁਰਜਗਿੱਲ, ਡਾ. ਦਰਸ਼ਨਪਾਲ ਸਣੇ ਹੋਰ ਆਗੂਆਂ ਨੇ ਵੱਖ-ਵੱਖ ਥਾਵਾਂ 'ਤੇ ਟਰੈਕਟਰ ਮਾਰਚਾਂ ਵਿੱਚ ਸ਼ਮੂਲੀਅਤ ਕੀਤੀ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਹਿਰੀਕਰਨ ਦੇ ਨਾਮ ਹੇਠ ਲੈਂਡ ਪੂਲਿੰਗ ਨੀਤੀ ਰਾਹੀਂ ਕਿਸਾਨਾਂ ਦੀ ਖੇਤੀਯੋਗ ਉਪਜਾਊ ਜ਼ਮੀਨ ਐਕੁਆਇਰ ਕਰਕੇ ਕਾਰਪੋਰੇਟ ਕੰਪਨੀਆਂ ਰਾਹੀਂ ਕਿਸਾਨਾਂ ਨੂੰ ਉਜਾੜਨ ਦੀ ਤਿਆਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨੀਤੀ ਵਿਰੁੱਧ ਮਤੇ ਪਾਉਣ ਵਾਲੀਆਂ ਪੰਚਾਇਤਾਂ ਨੂੰ ਧਮਕਾਇਆ ਜਾ ਰਿਹਾ ਹੈ। ਕਿਸਾਨਾਂ ਨੇ ਕਿਹਾ ਕਿ ਸਰਕਾਰ ਝੂਠੇ ਪ੍ਰਚਾਰ ਦਾ ਸਹਾਰਾ ਲੈ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਖੇਤੀ ਅਤੇ ਸਹਾਇਕ ਧੰਦਿਆਂ ਨੂੰ ਖੋਲ੍ਹਣ ਲਈ ਅਮਰੀਕਾ ਨਾਲ ਕਰ ਮੁਕਤ ਸਮਝੌਤਾ ਕਰਨ ਦੀ ਰਣਨੀਤੀ ਤਿਆਰ ਕਰਨ ਦਾ ਵੀ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਪੰਜਾਬ ਦੇ ਕਿਸਾਨਾਂ ਦੇ ਹਿੱਤ 'ਚ ਨਹੀਂ ਹੈ ਅਤੇ ਇਹ ਸਮਝੌਤਾ ਹੋਣ 'ਤੇ ਕਿਸਾਨ-ਮਜ਼ਦੂਰ ਤਬਾਹ ਹੋ ਜਾਣਗੇ। ਉਨ੍ਹਾਂ ਮੰਗ ਕੀਤੀ ਕਿ ਸਮਝੌਤੇ ਵਿਚੋਂ ਖੇਤੀ ਅਤੇ ਸਹਾਇਕ ਧੰਦਿਆਂ ਨੂੰ ਬਾਹਰ ਰੱਖਿਆ ਜਾਵੇ। ਇਸ ਮੌਕੇ ਕਿਸਾਨ ਆਗੂ ਜੰਗਵੀਰ ਸਿੰਘ ਚੌਹਾਨ, ਡਾ. ਸਤਨਾਮ ਸਿੰਘ ਅਜਨਾਲਾ, ਮਨਜੀਤ ਸਿੰਘ ਧਨੇਰ, ਬਿੰਦਰ ਸਿੰਘ ਗੋਲੇਵਾਲਾ, ਬਲਦੇਵ ਸਿੰਘ ਨਿਹਾਲਗੜ੍ਹ, ਬਲਵਿੰਦਰ ਸਿੰਘ ਮੱਲ੍ਹੀ ਨੰਗਲ, ਰੁਲਦੂ ਸਿੰਘ ਮਾਨਸਾ, ਬੂਟਾ ਸਿੰਘ ਸ਼ਾਦੀਪੁਰ, ਫੁਰਮਾਨ ਸਿੰਘ ਸੰਧੂ, ਪ੍ਰੇਮ ਸਿੰਘ ਭੰਗੂ, ਕੁਲਦੀਪ ਸਿੰਘ ਵਜੀਦਪੁਰ, ਵੀਰ ਸਿੰਘ ਬੜਵਾ, ਕਿਰਨਜੀਤ ਸਿੰਘ ਸੇਖੋਂ, ਸੁਖਦੇਵ ਸਿੰਘ ਅਰਾਈਆਂਵਾਲਾ, ਬਲਵਿੰਦਰ ਸਿੰਘ ਰਾਜੂ ਔਲਖ, ਹਰਜਿੰਦਰ ਸਿੰਘ ਟਾਂਡਾ, ਹਰਬੰਸ ਸਿੰਘ ਸੰਘਾ, ਬਲਜੀਤ ਸਿੰਘ ਗਰੇਵਾਲ, ਹਰਦੇਵ ਸਿੰਘ ਸੰਧੂ ਅਤੇ ਕੰਵਲਪ੍ਰੀਤ ਸਿੰਘ ਪੰਨੂ ਆਦਿ ਨੇ ਵੀ ਟਰੈਕਟਰ ਮਾਰਚ 'ਚ ਸ਼ਮੂਲੀਅਤ ਕੀਤੀ।

## ਲੈਂਡ ਪੂਲਿੰਗ ਨੀਤੀ ਕਿਸਾਨ ਹਿਤੈਸ਼ੀ: ਹਰਪਾਲ ਚੀਮਾ



ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਰਕਾਰ ਨੇ ਕਿਸਾਨਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਲੈਂਡ ਪੂਲਿੰਗ ਨੀਤੀ ਤਿਆਰ ਕੀਤੀ ਹੈ। ਉਨ੍ਹਾਂ ਕਿਹਾ ਕਿ ਨੀਤੀ 'ਚ ਕੁਝ ਸੋਧਾਂ ਵੀ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪ੍ਰਦਰਸ਼ਨ ਕਰਨਾ ਹਰ ਕਿਸੇ ਦਾ ਅਧਿਕਾਰ ਹੈ ਪਰ 'ਆਪ' ਸਰਕਾਰ ਵੱਲੋਂ ਹਰ ਫ਼ੈਸਲਾ ਲੋਕਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਹੈ।

# ਕੈਨੇਡਾ ਵਿਚ ਹਵਾਈ ਜਹਾਜ਼ ਕਰੈਸ਼, ਭਾਰਤੀ ਦੀ ਮੌਤ

## ਨਿਊਫਾਊਂਡਲੈਂਡ ਸੂਬੇ ਵਿਚ ਵਾਪਰਿਆ ਹਾਦਸਾ



ਟੋਰਾਂਟੋ : ਕੈਨੇਡਾ ਵਿਚ ਹਵਾਈ ਹਾਦਸੇ ਦੌਰਾਨ ਇਕ ਭਾਰਤੀ ਨਾਗਰਿਕ ਦੀ ਮੌਤ ਹੋ ਗਈ। ਟੋਰਾਂਟੋ ਸਥਿਤ ਭਾਰਤੀ ਕੌਂਸਲੇਟ ਨੇ ਦੱਸਿਆ ਕਿ ਨਿਊਫਾਊਂਡਲੈਂਡ ਐਂਡ ਲੈਬਰਾਡੋਰ ਸੂਬੇ ਦੇ ਡੀਅਰ ਲੇਕ ਇਲਾਕੇ ਵਿਚ ਇਕ ਛੋਟਾ ਹਵਾਈ ਜਹਾਜ਼ ਕਰੈਸ਼ ਹੋ ਗਿਆ ਜਿਸ ਵਿਚ ਗੌਤਮ ਸੰਤੋਸ਼ ਵੀ ਸਵਾਰ ਸੀ। ਕੌਂਸਲੇਟ ਅਧਿਕਾਰੀ ਗੌਤਮ ਸੰਤੋਸ਼ ਦੇ ਪਰਵਾਰ ਦੇ ਲਗਾਤਾਰ ਸੰਪਰਕ ਵਿਚ ਹਨ ਅਤੇ ਕੈਨੇਡੀਅਨ ਅਧਿਕਾਰੀਆਂ ਨਾਲ ਵੀ ਰਾਬਤਾ ਕਾਇਮ ਕੀਤਾ ਗਿਆ ਹੈ। ਕੌਂਸਲੇਟ ਨੇ ਗੌਤਮ ਸੰਤੋਸ਼ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੀੜਤ ਪਰਵਾਰ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ।

ਉਧਰ ਕੈਨੇਡਾ ਦੇ ਟ੍ਰਾਂਸਪੋਰਟੇਸ਼ਨ ਸੇਫ਼ਟੀ ਬੋਰਡ ਨੇ ਦੱਸਿਆ ਕਿ ਕਿਸਿਕ ਏਰੀਅਲ ਸਰਵੇਅ ਇਨਕਾਰਪੋਰੇਸ਼ਨ ਦੇ ਨਾਂ ਰਜਿਸਟਰਡ ਪਾਈਪਰ ਪੀ.ਏ. 31 ਜਹਾਜ਼ ਬੀਤੇ ਦਿਨੀਂ ਕਰੈਸ਼ ਹੋ ਗਿਆ। ਏਅਰ ਕਰੈਸ਼ ਦੇ ਮੱਦੇਨਜ਼ਰ ਆਰ.ਸੀ.ਐਮ.ਪੀ. ਵੱਲੋਂ ਡੀਅਰ ਲੇਕ ਏਅਰਪੋਰਟ ਨੇੜੇ ਟ੍ਰਾਂਸ-ਕੈਨੇਡਾ ਹਾਈਵੇਅ ਨੂੰ ਅਹਿਤਿਆਤੀ ਤੌਰ 'ਤੇ ਬੰਦ ਕਰ ਦਿਤਾ ਗਿਆ। ਪੁਲਿਸ ਨੇ ਦੱਸਿਆ ਕਿ ਹਵਾਈ ਜਹਾਜ਼ ਵਿਚ 54 ਸਾਲ ਅਤੇ 27 ਸਾਲ ਉਮਰ ਵਾਲੇ ਦੋ ਜਣੇ ਸਵਾਰ ਸਨ ਅਤੇ ਦੋਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

### ਭਾਰਤੀ ਕੌਂਸਲੇਟ ਵੱਲੋਂ ਪੀੜਤ ਪਰਵਾਰ ਦੀ ਕੀਤੀ ਜਾ ਰਹੀ ਮਦਦ

ਫ਼ਿਲਹਾਲ ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਅਤੇ ਟ੍ਰਾਂਸਪੋਰਟੇਸ਼ਨ ਸੇਫ਼ਟੀ ਬੋਰਡ ਵੱਲੋਂ ਪੜਤਾਲ ਕੀਤੀ ਜਾ ਰਹੀ ਹੈ। ਇਸੇ ਦੌਰਾਨ ਕਿਸਿਕ ਏਰੀਅਲ ਸਰਵੇਅ ਦੇ ਮਾਲਕ ਐਂਡਰਿਊ ਨੇਅਸਮਿਥ ਨੇ ਕਿਹਾ ਕਿ ਕੰਪਨੀ ਨੂੰ ਇਕ ਵੱਡਾ ਝਟਕਾ ਲੱਗਾ ਹੈ ਅਤੇ ਪੀੜਤ ਪਰਵਾਰਾਂ ਨਾਲ ਸੰਪਰਕ ਸਥਾਪਤ ਕਰਦਿਆਂ ਦੁੱਖ ਸਾਂਝਾ ਕੀਤਾ ਗਿਆ ਹੈ। ਕੰਪਨੀ ਵੱਲੋਂ ਹਾਦਸੇ ਦੀ ਪੜਤਾਲ ਵਿਚ ਟ੍ਰਾਂਸਪੋਰਟ ਸੇਫਟੀ ਬੋਰਡ ਨੂੰ ਮੁਕੰਮਲ ਸਹਿਯੋਗ ਦਿਤਾ ਜਾ ਰਿਹਾ ਹੈ।

# ਰਿਸ਼ਵਤ ਲੈਣ ਦਾ ਮਾਮਲਾ : ਅਦਾਲਤ ਨੇ ਇੰਸਪੈਕਟਰ ਅਰਸ਼ਪ੍ਰੀਤ ਕੌਰ ਨੂੰ ਐਲਾਨਿਆ ਭਗੌੜਾ



ਪਿਛਲੇ 9 ਮਹੀਨਿਆਂ ਪਹਿਲਾ ਰਿਸ਼ਵਤ ਲੈਣ ਦੇ ਦੋਸ਼ਾਂ ਚ ਘਿਰੀ ਮਹਿਲ ਪੁਲਿਸ ਇੰਸਪੈਕਟਰ ਨੂੰ ਅਦਾਲਤ ਵੱਲੋਂ ਭਗੌੜੀ ਐਲਾਨੇ ਜਾਣ ਮਗਰੋਂ ਸਸਪੈਂਡ ਇੰਸਪੈਕਟਰ ਖ਼ਿਲਾਫ਼ ਧਾਰਾ 2009 ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਸਦੇ ਖ਼ਿਲਾਫ਼ ਨਸ਼ਾ ਤਸਕਰਾਂ ਤੋਂ 5 ਲੱਖ ਰੁਪਏ ਲੈ ਕੇ ਛੱਡਣ ਦੇ ਮਾਮਲੇ 'ਚ ਭ੍ਰਿਸ਼ਟਾਚਾਰ ਐਕਟ ਅਧੀਨ ਵੀ ਕੇਸ ਦਰਜ ਸੀ।

ਥਾਣਾ ਕੋਟ ਇਸੇ ਖਾਂ ਦੇ ਸਬ ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਥਾਣੇ ਦੀ ਤਤਕਾਲੀਨ ਇੰਚਾਰਜ ਅਰਸ਼ਪ੍ਰੀਤ ਕੌਰ ਦੇ ਖ਼ਿਲਾਫ਼ 23 ਅਕਤੂਬਰ 2024 ਨੂੰ ਨਸ਼ਾ ਤਸਕਰ ਨੂੰ ਛੱਡਣ ਦੇ ਬਦਲੇ 5 ਲੱਖ ਰੁਪਏ ਰਿਸ਼ਵਤ ਲੈਣ ਦੇ ਮਾਮਲੇ 'ਚ ਕੇਸ ਦਰਜ ਹੋਇਆ ਸੀ। ਇਸ ਤੋਂ ਬਾਅਦ ਔਰਤ ਪੁਲਿਸ ਅਧਿਕਾਰੀ ਫਰਾਰ ਚੱਲ ਰਹੀ ਹੈ। ਉਸਦੀ ਜਮਾਨਤ ਦੀ ਅਰਜ਼ੀ ਵੀ ਰੱਦ ਹੋ ਚੁੱਕੀ ਹੈ।

ਕੇਸ ਦਰਜ ਹੋਣ ਦੇ 9 ਮਹੀਨੇ ਬਾਅਦ ਵੀ ਸਸਪੈਂਡ ਔਰਤ ਅਧਿਕਾਰੀ ਅਦਾਲਤ ਵਿਚ ਹਾਜ਼ਰ ਨਹੀਂ ਹੋਈ, ਜਿਸ ਕਰਕੇ ਉਸਨੂੰ ਅਦਾਲਤ ਨੇ ਭਗੌੜੀ ਐਲਾਨ ਦਿੱਤਾ। ਥਾਣਾ ਕੋਟਇਸੇ ਖਾਂ ਵਿਚ ਅਰਸ਼ਪ੍ਰੀਤ ਕੌਰ ਖ਼ਿਲਾਫ਼ ਧਾਰਾ 209 ਹੇਠ ਕੇਸ ਦਰਜ ਹੋਇਆ ਹੈ। ਪੁਲਿਸ ਤੇ ਦੱਸਣ ਮੁਤਾਬਕ 1 ਅਕਤੂਬਰ 2024 ਨੂੰ ਮੁਖਬਿਰ ਨੇ ਸੂਚਨਾ ਦਿੱਤੀ ਸੀ ਕਿ ਉਸੇ ਦਿਨ ਧਫਸ਼ ਐਕਟ ਦੇ ਮਾਮਲੇ 'ਚ ਥਾਣਾ ਕੋਟ ਇਸੇ ਖਾਂ ਦੀ ਪੁਲਿਸ ਨੇ ਅਮਰਜੀਤ ਸਿੰਘ ਨਿਵਾਸੀ ਕੋਟਇਸੇ ਖਾਂ ਨੂੰ ਸਕਾਰਪਿਓ ਗੱਡੀ ਅਤੇ 2 ਕਿਲੋ ਅਫੀਮ ਸਮੇਤ ਫੜਿਆ ਸੀ।

ਅਮਰਜੀਤ ਦੇ ਨਾਲ ਉਸਦਾ ਭਰਾ ਮਨਪ੍ਰੀਤ ਸਿੰਘ ਅਤੇ ਭਤੀਜਾ ਗੁਰਪ੍ਰੀਤ ਸਿੰਘ ਵੀ ਸੀ ਉਸ ਨੂੰ ਵੀ 3 ਕਿਲੋ ਅਫੀਮ ਸਮੇਤ ਮੌਕੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਇੰਸਪੈਕਟਰ ਅਰਸ਼ਪ੍ਰੀਤ ਕੌਰ ਨੇ ਥਾਣੇ ਦੇ ਮੁਨਸ਼ੀ ਗੁਰਪ੍ਰੀਤ ਸਿੰਘ ਅਤੇ ਬਲਖੰਡੀ ਚੌਕੀ ਦੇ ਮੁੰਸ਼ੀ ਰਾਜਪਾਲ ਸਿੰਘ ਨਾਲ ਮਿਲਕੇ 5 ਲੱਖ ਰੁਪਏ ਲਏ ਸਨ।

# ਬੱਚਿਆਂ ਦੇ ਉਤਪਾਦ ਚੋਰੀ ਕਰਕੇ ਨਸ਼ੀਲੇ ਪਦਾਰਥਾਂ ਲਈ ਬਦਲਣ ਵਾਲਾ ਗਿਰੋਹ ਕਾਬੂ



ਟੋਰਾਂਟੋ : ਪੀਲ ਪੁਲਿਸ ਨੇ ਇੱਕ ਸੰਗਠਿਤ ਪ੍ਰਚੂਨ ਅਪਰਾਧ ਸਮੂਹ ਦੀ ਮਹੀਨਿਆਂ ਦੀ ਜਾਂਚ ਤੋਂ ਬਾਅਦ ਲਗਭਗ ਇੱਕ ਦਰਜਨ ਗ੍ਰਿਫਤਾਰੀਆਂ ਕੀਤੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਗਰੁੱਪ ਉੱਚ-ਮੰਗ ਵਾਲੇ ਬੱਚਿਆਂ ਦੇ ਉਤਪਾਦਾਂ ਨੂੰ ਚੋਰੀ ਕਰ ਰਿਹਾ ਸੀ ਅਤੇ ਉਨ੍ਹਾਂ ਨੂੰ ਨਸ਼ੀਲੇ ਪਦਾਰਥਾਂ ਲਈ ਬਦਲ ਰਿਹਾ ਸੀ। ਪੁਲਿਸ ਨੇ ਕਿਹਾ ਕਿ 'ਪ੍ਰਾਜੈਕਟ ਬੰਗਾਲ' 2025 ਦੇ ਸ਼ੁਰੂ ਵਿੱਚ ਸ਼ੁਰੂ ਹੋਇਆ ਸੀ ਜਦੋਂ ਇੱਕ ਕਮਿਊਨਿਟੀ ਮੈਂਬਰ ਨੇ ਮਿਸੀਸਾਗਾ ਦੇ ਮੀਡੋਵੇਲ ਖੇਤਰ ਵਿੱਚ ਨਸ਼ੀਲੇ ਪਦਾਰਥਾਂ ਦੀ ਵਿਕਰੀ ਦੀ ਸ਼ਿਕਾਇਤ ਕੀਤੀ ਸੀ। ਜਾਂਚਕਰਤਾਵਾਂ ਨੇ ਬਾਅਦ ਵਿੱਚ ਇੱਕ ਸੰਗਠਿਤ ਅਪਰਾਧ ਸਮੂਹ ਦੀ ਪਛਾਣ ਕੀਤੀ ਜੋ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਵਪਾਰਕ ਪ੍ਰਚੂਨ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਉਣ, ਦੋਵਾਂ ਵਿੱਚ ਸ਼ਾਮਲ ਸੀ।

ਪੀਲ ਖੇਤਰੀ ਪੁਲਿਸ ਨੇ ਕਿਹਾ ਹੈ ਕਿ ਸਮੂਹ ਕਥਿਤ ਤੌਰ 'ਤੇ ਸਥਾਨਕ ਪ੍ਰਚੂਨ ਵਿਕਰੇਤਾਵਾਂ ਤੋਂ ਉੱਚ-ਮੰਗ ਵਾਲੇ ਬੇਬੀ ਉਤਪਾਦ, ਜਿਵੇਂ ਕਿ ਬੇਬੀ ਫਾਰਮੂਲਾ ਅਤੇ ਵਿਟਾਮਿਨ, ਚੋਰੀ ਕਰ ਰਿਹਾ ਸੀ ਅਤੇ ਉਨ੍ਹਾਂ ਨੂੰ ਨਸ਼ੀਲੇ ਪਦਾਰਥਾਂ ਲਈ ਬਦਲ ਰਿਹਾ ਸੀ। ਨਿਗਰਾਨੀ ਅਤੇ ਜਾਂਚ ਤਕਨੀਕਾਂ ਦੀ ਵਰਤੋਂ ਨਾਲ, ਜਿਸ ਵਿੱਚ ਰੈਕਸਲ ਵਰਗੇ ਕਮਿਊਨਿਟੀ ਭਾਈਵਾਲਾਂ ਵੱਲੋਂ ਪ੍ਰਦਾਨ ਕੀਤੀ ਗਈ ਸੁਰੱਖਿਆ ਫੁਟੇਜ ਸ਼ਾਮਲ ਹੈ, ਅਧਿਕਾਰੀਆਂ ਨੇ ਮੁੱਖ ਸ਼ੱਕੀਆਂ ਦੀ ਪਛਾਣ ਕਰਨ ਅਤੇ ਸਬੰਧਤ ਘਟਨਾਵਾਂ ਦੀ ਇੱਕ ਲੜੀ ਜੋੜੀ ਹੈ। ਪੁਲਿਸ ਦਾ ਕਹਿਣਾ ਹੈ ਕਿ ਉਹ ਰਿੰਗ ਵੱਲੋਂ ਵਰਤੇ ਜਾਂਦੇ ਦੋ ਮੁੱਖ ਸਥਾਨ ਸਨ, ਇੱਕ ਚੋਰੀ ਕੀਤੇ ਸਮਾਨ ਨੂੰ ਸਟੋਰ ਕਰਨ ਲਈ ਅਤੇ ਦੂਜਾ ਜਿੱਥੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕੀਤੀ ਜਾ ਰਹੀ ਸੀ। ਪੁਲਿਸ ਨੇ ਦੋਵਾਂ ਥਾਵਾਂ 'ਤੇ ਇੱਕੋ ਸਮੇਂ ਛਾਪੇ ਮਾਰੇ।

ਛਾਪਿਆਂ ਦੇ ਨਤੀਜੇ ਵਜੋਂ ਪੁਲਿਸ ਨੇ ਅੱਧਾ ਕਿਲੋਗ੍ਰਾਮ ਤੋਂ ਵੱਧ ਕੋਕੀਨ ਅਤੇ ਹੋਰ ਗੈਰ-ਕਾਨੂੰਨੀ ਨਸ਼ੀਲੇ ਪਦਾਰਥ ਜ਼ਬਤ ਕੀਤੇ। ਨਸ਼ੀਲੇ ਪਦਾਰਥਾਂ ਤੋਂ ਇਲਾਵਾ, ਪੁਲਿਸ ਨੇ 30,000 ਡਾਲਰ ਦਾ ਚੋਰੀ ਕੀਤਾ ਸਾਮਾਨ ਤੇ 34,000 ਡਾਲਰ ਤੋਂ ਵੱਧ ਨਕਦੀ ਬਰਾਮਦ ਕੀਤੀ। ਡਿਪਟੀ ਚੀਫ਼ ਮਾਰਕ ਐਂਡਰਿਊਜ਼ ਨੇ ਕਿਹਾ ਕਿ ਜਾਂਚ ਸਹਿਯੋਗ ਦੀ ਸ਼ਕਤੀ ਅਤੇ ਸਾਡੇ ਆਂਢ-ਗੁਆਂਢ ਨੂੰ ਸੁਰੱਖਿਅਤ ਰੱਖਣ ਵਿੱਚ ਭਾਈਚਾਰਕ ਟਰੱਸਟ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਸਾਉਂਦੀ ਹੈ। ਪੁਲਿਸ ਨੇ 11 ਲੋਕਾਂ 'ਤੇ ਤਸਕਰੀ ਅਤੇ ਚੋਰੀ ਹੋਏ ਸਾਮਾਨ ਨਾਲ ਸਬੰਧਤ 33 ਸੰਯੁਕਤ ਅਪਰਾਧਿਕ ਦੋਸ਼ ਲਾਏ ਹਨ।

# ਏਅਰ ਨਿਊਜ਼ੀਲੈਂਡ ਨੇ ਨਿਖਿਲ ਰਵੀਸ਼ੰਕਰ ਨੂੰ ਅਪਣਾ ਅਗਲਾ ਸੀ.ਈ.ਓ ਨਿਯੁਕਤ ਕੀਤਾ



'ਏਅਰ ਨਿਊਜ਼ੀਲੈਂਡ' ਨੇ ਭਾਰਤੀ ਮੂਲ ਦੇ ਨਿਖਿਲ ਰਵੀਸ਼ੰਕਰ ਨੂੰ ਆਪਣਾ ਅਗਲਾ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ) ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਉਹ 20 ਅਕਤੂਬਰ 2025 ਨੂੰ ਮੌਜੂਦਾ ਸੀ.ਈ.ਓ ਸ੍ਰੀ ਗ੍ਰੇਗ ਫੋਰਨ ਦੀ ਥਾਂ ਲੈਣਗੇ, ਜੋ ਹਵਾਬਾਜ਼ੀ ਇਤਿਹਾਸ ਦੇ ਸਭ ਤੋਂ ਚੁਣੌਤੀਪੂਰਨ ਦੌਰ ਵਿਚੋਂ ਏਅਰਲਾਈਨ ਦੀ ਅਗਵਾਈ ਕਰਨ ਤੋਂ ਬਾਅਦ ਲਗਭਗ ਛੇ ਸਾਲਾਂ ਬਾਅਦ ਅਹੁਦਾ ਛੱਡ ਰਹੇ ਹਨ। ਨਿਖਿਲ ਰਵੀਸ਼ੰਕਰ, ਜੋ ਵਰਤਮਾਨ ਵਿਚ ਏਅਰਲਾਈਨ ਦੇ 'ਮੁੱਖ ਡਿਜੀਟਲ ਅਫ਼ਸਰ' ਹਨ, ਨੇ ਏਅਰ ਨਿਊਜ਼ੀਲੈਂਡ ਵਿਚ ਅਪਣੇ ਲਗਭਗ ਪੰਜ ਸਾਲਾਂ (ਸਤੰਬਰ 2021 ਤੋਂ) ਦੇ ਕਾਰਜਕਾਲ ਦੌਰਾਨ ਹਵਾਬਾਜ਼ੀ ਖੇਤਰ ਅਤੇ ਏਅਰਲਾਈਨ ਦੀ ਡੂੰਘੀ ਸਮਝ ਪ੍ਰਾਪਤ ਕੀਤੀ ਹੈ।



# ਬਿਕਰਮ ਮਜੀਠੀਆ ਦੀ ਜ਼ਮਾਨਤ ਅਰਜ਼ੀ 'ਤੇ ਹੋਈ ਸੁਣਵਾਈ

## 1 ਅਗਸਤ ਨੂੰ ਮੁੜ ਹੋਵੇਗੀ ਪਟੀਸ਼ਨ 'ਤੇ ਬਹਿਸ



ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿੱਚ ਗ੍ਰਿਫ਼ਤਾਰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਮੋਹਾਲੀ ਅਦਾਲਤ ਤੋਂ ਰਾਹਤ ਨਹੀਂ ਮਿਲੀ। ਉਨ੍ਹਾਂ ਦੀ ਜ਼ਮਾਨਤ ਪਟੀਸ਼ਨ 'ਤੇ ਅੱਜ ਸਵੇਰੇ 10.30 ਵਜੇ ਤੋਂ ਦੁਪਹਿਰ 3 ਵਜੇ ਤੱਕ ਸੁਣਵਾਈ ਹੋਈ, ਜਿਸ ਵਿੱਚ ਦੋਵਾਂ ਧਿਰਾਂ ਦੇ ਵਕੀਲਾਂ ਨੇ ਆਪਣੀਆਂ ਦਲੀਲਾਂ ਪੇਸ਼ ਕੀਤੀਆਂ।

ਅਦਾਲਤ ਨੇ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 1 ਅਗਸਤ ਤੱਕ ਮੁਲਤਵੀ ਕਰ ਦਿੱਤੀ ਹੈ, ਉਸ ਦਿਨ ਵੀ ਬਹਿਸ ਜਾਰੀ ਰਹੇਗੀ। ਪਿਛਲੀ ਸੁਣਵਾਈ ਵਿੱਚ ਸਰਕਾਰ ਨੇ ਮਜੀਠੀਆ ਦੀ ਬੈਰਕ ਬਦਲਣ ਨਾਲ ਸਬੰਧਤ ਪਟੀਸ਼ਨ 'ਤੇ ਜਵਾਬ ਦਾਇਰ ਕੀਤਾ ਸੀ। ਇਸ ਵੇਲੇ ਮਜੀਠੀਆ 2 ਅਗਸਤ ਤੱਕ ਨਿਆਂਇਕ ਹਿਰਾਸਤ ਵਿੱਚ ਹਨ ਅਤੇ ਪਟਿਆਲਾ ਦੀ ਨਵੀਂ ਨਾਭਾ ਜੇਲ੍ਹ ਵਿੱਚ ਬੰਦ ਹਨ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਵਫ਼ਦ ਅੱਜ ਮਜੀਠੀਆ ਨੂੰ ਮਿਲਣ ਲਈ ਨਵੀਂ ਨਾਭਾ ਜੇਲ੍ਹ ਪਹੁੰਚਿਆ। ਇਸ ਵਫ਼ਦ ਦੀ ਅਗਵਾਈ ਪਾਰਟੀ ਆਗੂ ਡਾ. ਦਲਜੀਤ ਸਿੰਘ ਚੀਮਾ ਕਰ ਰਹੇ ਹਨ, ਜਿਸ ਵਿੱਚ ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਸਿਕੰਦਰ ਸਿੰਘ ਮਲੂਕਾ ਵੀ ਸ਼ਾਮਲ ਹਨ। ਇਸ ਤੋਂ ਪਹਿਲਾਂ, ਮਜੀਠੀਆ ਦੀ ਪਤਨੀ ਗਨੀਵ ਕੌਰ ਨੇ ਦੋਸ਼ ਲਗਾਇਆ ਸੀ ਕਿ ਅਕਾਲੀ ਦਲ ਦੇ ਆਗੂਆਂ ਅਤੇ ਪਰਿਵਾਰਕ ਮੈਂਬਰਾਂ ਨੂੰ ਮਜੀਠੀਆ ਨੂੰ ਮਿਲਣ ਨਹੀਂ ਦਿੱਤਾ ਜਾ ਰਿਹਾ। ਮਜੀਠੀਆ ਨੂੰ ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ 'ਤੇ ਆਪਣੀ ਆਮਦਨ ਤੋਂ ਵੱਧ ਜਾਇਦਾਦ ਇਕੱਠੀ ਕਰਨ ਦਾ ਦੋਸ਼ ਹੈ।

# ਪੰਜਾਬ ਨੇ ਹਰਿਆਣਾ ਸਰਕਾਰ ਨੂੰ ਭੇਜਿਆ 113 ਕਰੋੜ ਰੁ. ਦਾ ਬਕਾਇਆ ਬਿੱਲ

## ਭਾਖੜਾ ਨਹਿਰ ਦਾ ਮੰਗਿਆ ਸੰਚਾਲਨ ਖਰਚ



ਪੰਜਾਬ ਸਰਕਾਰ ਨੇ ਭਾਖੜਾ ਨਹਿਰ ਦੇ ਸੰਚਾਲਨ ਤੇ ਰਖ-ਰਖਾਅ ਨਾਲ ਜੁੜੇ ਬਕਾਏ ਖਰਚ ਲਈ ਹਰਿਆਣਾ ਸਰਕਾਰ ਨੂੰ 113.24 ਕਰੋੜ ਰੁਪਏ ਦਾ ਬਿੱਲ ਭੇਜਿਆ ਹੈ। ਇਹ ਆਡਿਟ ਪੰਜਾਬ ਦੇ ਜਲ ਸਰੋਤ ਵਿਭਾਗ ਨੇ ਕਰਵਾਇਆ ਹੈ, ਜਿਸ ਵਿਚ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ। ਰਿਪੋਰਟ ਮੁਤਾਬਕ ਹਰਿਆਣਾ ਨੇ ਸਾਲ 2015-16 ਤੋਂ ਬਾਅਦ ਪੈਸੇ ਨਹੀਂ ਦਿੱਤੇ ਹਨ ਤੇ ਮੁਰੰਮਤ ਲਈ ਪੰਜਾਬ ਨੂੰ ਕੋਈ ਭੁਗਤਾਨ ਨਹੀਂ ਕੀਤਾ ਹੈ। ਪੰਜਾਬ ਦੇ ਜਲ ਸਰੋਤ ਵਿਭਾਗ ਨੇ ਹਰਿਆਣਾ ਦੇ ਸਿੰਚਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਚਿੱਠੀ ਲਿਖ ਕੇ ਇਹ ਰਕਮ ਚੁਕਾਉਣ ਨੂੰ ਕਿਹਾ ਹੈ। ਇਸ ਬਕਾਏ ਵਿਚ ਭਾਖੜਾ ਮੇਨ ਲਾਈਨ ਕੈਨਾਲ ਡਵੀਜ਼ਨ ਪਟਿਆਲਾ ਦੇ 103.92 ਕਰੋੜ ਰੁਪਏ ਤੇ ਮਾਨਸਾ ਕੈਨਾਲ ਡਵੀਜ਼ਨ ਜਵਾਹਰ ਦੇ 9.32 ਕਰੋੜ ਰੁਪਏ ਸ਼ਾਮਲ ਹਨ।

ਭਾਖੜਾ ਨਹਿਰ ਤੋਂ ਕੁੱਲ 12455 ਕਿਊਸਿਕ ਪਾਣੀ ਦੀ ਸਪਲਾਈ ਹੁੰਦੀ ਹੈ ਜਿਸ ਵਿਚੋਂ 7841 ਕਿਊਸਿਕ ਹਰਿਆਣਾ ਨੂੰ, 3108 ਪੰਜਾਬ ਨੂੰ, 850 ਕਿਊਸਿਕ ਰਾਜਸਥਾਨ ਨੂੰ, 496 ਕਿਊਸਿਕ ਦਿੱਲੀ ਤੇ 160 ਕਿਊਸਿਕ ਚੰਡੀਗੜ੍ਹ ਨੂੰ ਮਿਲਦੇ ਹਨ। ਭਾਖੜਾ ਨਹਿਰ ਪੰਜਾਬ ਤੋਂ ਹੋ ਕੇ ਲੰਘਦੀ ਹੈ, ਇਸ ਲਈ ਰੱਖ-ਰਖਾਅ ਤੇ ਸੰਚਾਲਨ ਦੀ ਜ਼ਿੰਮੇਵਾਰੀ ਪੰਜਬਾ ਸਰਕਾਰ ਦੀ ਹੁੰਦੀ ਹੈ। ਹੋਰ ਸੂਬਿਆਂ ਨੂੰ ਇਸ ਦੇ ਅਨੁਪਾਦਿਕ ਖਰਚ ਵਿਚ ਹਿੱਸਾ ਦੇਣਾ ਹੁੰਦਾ ਹੈ।

ਪੰਜਾਬ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਨਹਿਰ ਰਖ-ਰਖਾਅ, ਮੁਰੰਮਤ ਤੇ ਮੁਲਾਜ਼ਮਾਂ ਦੀ ਤਨਖਾਹ ਆਦਿ ਦੇ ਖਰਚ ਦਾ ਵੱਡਾ ਹਿੱਸਾ ਹਰਿਆਣਾ ਨੂੰ ਦੇਣਾ ਹੁੰਦਾ ਹੈ ਕਿਉਂਕਿ ਉਹ ਸਭ ਤੋਂ ਵੱਧ ਪਾਣੀ ਲੈਂਦਾ ਹੈ ਪਰ 2016-17 ਦੇ ਬਾਅਦ ਹਰਿਆਣਾ ਨੇ ਇਨ੍ਹਾਂ ਖਰਚਿਆਂ ਦੀ ਭਰਪਾਈ ਕਰਨਾ ਬੰਦ ਕਰ ਦਿੱਤਾ।

ਸਿਰਫ ਸਾਲ 2023-24 ਵਿਚ ਹਰਿਆਣਾ 'ਤੇ ਤਨਖਾਹ ਤੇ ਦਫਤਰ ਖਰਚ ਦੇ 22.20 ਕਰੋੜ ਰੁਪਏ ਬਕਾਏ ਹਨ। ਸਾਲ 1990 ਤੋਂ 2023-24 ਤੱਕ ਕੁੱਲ 318.24 ਕਰੋੜ ਰੁਪਏ ਦੀ ਰਕਮ ਤਨਖਾਹ ਤੇ ਪ੍ਰਸ਼ਾਸਨਿਕ ਰਕਮ ਹਰਿਆਣਾ ਨੂੰ ਦੇਣੀ ਚਾਹੀਦੀ ਸੀ।

# ਆਸਟਰੇਲੀਆ ਨੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਯੂਟਿਊਬ ਅਕਾਊਂਟ 'ਤੇ ਲਗਾਈ ਪਾਬੰਦੀ




ਆਸਟਰੇਲੀਆ ਸਰਕਾਰ ਨੇ ਯੂਟਿਊਬ ਨੂੰ ਵੀ ਉਨ੍ਹਾਂ ਸੋਸ਼ਲ ਮੀਡੀਆ ਮੰਚਾਂ 'ਚ ਸ਼ਾਮਲ ਕਰ ਦਿਤਾ ਹੈ ਜਿਨ੍ਹਾਂ ਨੂੰ ਦਸੰਬਰ ਤੋਂ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਬੰਦ ਕਰ ਦਿਤਾ ਜਾਵੇਗਾ। ਪਾਬੰਦੀ ਅਧੀਨ ਬੱਚੇ ਯੂਟਿਊਬ ਦੀ ਵਰਤੋਂ ਕਰ ਸਕਣਗੇ ਪਰ ਉਨ੍ਹਾਂ ਨੂੰ ਅਪਣੇ ਯੂਟਿਊਬ ਖਾਤੇ ਰੱਖਣ ਦੀ ਇਜਾਜ਼ਤ ਨਹੀਂ ਹੋਵੇਗੀ।

ਯੂਟਿਊਬ ਨੂੰ ਪਿਛਲੇ ਸਾਲ ਨਵੰਬਰ ਵਿਚ ਛੋਟ ਦੇ ਤੌਰ ਉਤੇ ਸੂਚੀਬੱਧ ਕੀਤਾ ਗਿਆ ਸੀ ਜਦੋਂ ਸੰਸਦ ਨੇ ਦੁਨੀਆਂ ਦਾ ਪਹਿਲਾ ਕਾਨੂੰਨ ਪਾਸ ਕੀਤਾ ਸੀ ਜਿਸ ਅਧੀਨ 16 ਸਾਲ ਤੋਂ ਘੱਟ ਉਮਰ ਦੇ ਆਸਟ੍ਰੇਲੀਆਈ ਬੱਚਿਆਂ ਉਤੇ ਫੇਸਬੁੱਕ, ਇੰਸਟਾਗ੍ਰਾਮ, ਸਨੈਪਚੈਟ, ਟਿਕਟਾਕ ਅਤੇ 'ਐਕਸ' ਵਰਗੇ ਮੰਚਾਂ ਦੇ ਪ੍ਰਯੋਗ ਉਤੇ ਪਾਬੰਦੀ ਹੋਵੇਗੀ।

ਸੰਚਾਰ ਮੰਤਰੀ ਅਨਿਕਾ ਵੇਲਜ਼ ਨੇ ਬੁਧਵਾਰ ਨੂੰ ਨਿਯਮ ਜਾਰੀ ਕੀਤੇ ਜੋ ਇਹ ਫੈਸਲਾ ਕਰਦੇ ਹਨ ਕਿ ਕਿਹੜੀਆਂ ਆਨਲਾਈਨ ਸੇਵਾਵਾਂ ਨੂੰ 'ਉਮਰ-ਸੀਮਤ ਸੋਸ਼ਲ ਮੀਡੀਆ ਮੰਚ' ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਅਤੇ ਕਿਹੜੀਆਂ ਉਮਰ ਸੀਮਾ ਤੋਂ ਬਚਦੀਆਂ ਹਨ।

ਇਕ ਸਰਕਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਉਮਰ ਦੀਆਂ ਪਾਬੰਦੀਆਂ 10 ਦਸੰਬਰ ਤੋਂ ਲਾਗੂ ਹੋਣਗੀਆਂ ਅਤੇ ਮੰਚਾਂ ਨੂੰ ਘੱਟ ਉਮਰ ਦੇ ਖਾਤਾਧਾਰਕਾਂ ਨੂੰ ਬਾਹਰ ਰੱਖਣ ਲਈ ਜ਼ਿੰਮੇਵਾਰ ਕਦਮ ਚੁੱਕਣ ਵਿਚ ਅਸਫਲ ਰਹਿਣ 'ਤੇ 5 ਕਰੋੜ ਆਸਟ੍ਰੇਲੀਆਈ ਡਾਲਰ ਤਕ ਦੇ ਜੁਰਮਾਨੇ ਦਾ ਸਾਹਮਣਾ ਕਰਨਾ ਪਵੇਗਾ। ਵੇਲਜ਼ ਨੇ ਯੂਟਿਊਬ ਉਤੇ ਪਾਬੰਦੀਆਂ ਲਾਗੂ ਕਰਨ ਦਾ ਬਚਾਅ ਕੀਤਾ ਅਤੇ ਕਿਹਾ ਕਿ ਸਰਕਾਰ ਪਲੇਟਫਾਰਮ ਦੇ ਅਮਰੀਕੀ ਮਾਲਕ ਅਲਫਾਬੇਟ ਇੰਕ ਤੋਂ ਕਾਨੂੰਨੀ ਕਾਰਵਾਈ ਦੀਆਂ ਧਮਕੀਆਂ ਤੋਂ ਨਹੀਂ ਡਰੇਗੀ।

# ਪੰਜਾਬੀ ਗਾਇਕ ਗਿੱਲ ਮਾਨੂੰਕੇ ਦੀ ਅਦਾਲਤ 'ਚ ਹੋਈ ਪੇਸ਼ੀ, ਇਸ ਮਾਮਲੇ 'ਚ ਪੁਲਿਸ ਨੇ ਕੀਤਾ ਸੀ ਗ੍ਰਿਫ਼ਤਾਰ




ਪੰਜਾਬੀ ਗਾਇਕ ਗਿੱਲ ਮਾਨੂੰਕੇ ਨੂੰ ਅੱਜ ਮੋਹਾਲੀ ਅਦਾਲਤ 'ਚ ਪੇਸ਼ ਕੀਤਾ ਗਿਆ। ਅਦਾਲਤ ਨੇ ਗਾਇਕ ਨੂੰ ਇੱਕ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜਿਆ। ਦੱਸ ਦੇਈਏ ਕਿ ਗਾਇਕ ਨੂੰ ਪੁਲਿਸ ਨੇ ਬੀਤੀ ਰਾਤ ਗ੍ਰਿਫਤਾਰ ਕੀਤਾ ਸੀ। ਉਸ ਨੇ ਬਹਿਸ ਦੌਰਾਨ ਇੱਕ ਬੰਦੇ 'ਤੇ ਪਿਸਤੌਲ ਤਾਣ ਲਈ ਸੀ, ਜਿਸ ਦੀ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ।

ਮੋਹਾਲੀ ਦੇ ਇੱਕ ਜਿਮ ਵਿੱਚ ਹੋਈ ਗਰਮਾ-ਗਰਮ ਬਹਿਸ ਤੋਂ ਬਾਅਦ ਪ੍ਰਸਿੱਧ ਪੰਜਾਬੀ ਗਾਇਕ ਅਤੇ ਗੀਤਕਾਰ ਗਿੱਲ ਮਾਨੂਕੇ ਨੂੰ ਪੁਲਿਸ ਨੇ ਪਿਸਤੌਲ ਤਾਣਨ ਅਤੇ ਇੱਕ ਵਿਅਕਤੀ ਨੂੰ ਧਮਕੀ ਦੇਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਸੂਤਰਾਂ ਮੁਤਾਬਕ ਇਹ ਘਟਨਾ ਮੋਹਾਲੀ ਦੇ ਇੱਕ ਸਥਾਨਕ ਜਿਮ ਵਿੱਚ ਵਾਪਰੀ, ਜਿੱਥੇ ਗਿੱਲ ਮਾਨੂੰਕੇ ਦਾ ਕਥਿਤ ਤੌਰ 'ਤੇ ਇੱਕ ਹੋਰ ਜਿਮ ਜਾਣ ਵਾਲੇ ਨਾਲ ਜ਼ੁਬਾਨੀ ਝਗੜਾ ਹੋ ਗਿਆ। ਬਹਿਸ ਵਧਣ 'ਤੇ ਗਾਇਕ ਨੇ ਕਥਿਤ ਤੌਰ 'ਤੇ ਗੁੱਸੇ ਵਿੱਚ ਪਿਸਤੌਲ ਕੱਢੀ ਅਤੇ ਵਿਅਕਤੀ ਨੂੰ ਧਮਕੀ ਦਿੱਤੀ। ਝਗੜੇ ਤੋਂ ਥੋੜ੍ਹੀ ਦੇਰ ਬਾਅਦ ਘਟਨਾ ਵਾਲੀ ਥਾਂ 'ਤੇ ਮੌਜੂਦ ਕਿਸੇ ਵਿਅਕਤੀ ਵੱਲੋਂ ਰਿਕਾਰਡ ਕੀਤੀ ਗਈ ਪੂਰੀ ਘਟਨਾ ਦੀ ਵੀਡੀਓ ਸਾਹਮਣੇ ਆਈ।

ਫੁਟੇਜ ਵਾਇਰਲ ਹੋ ਹੋਣ 'ਤੇ ਪੁਲਿਸ ਨੇ ਤੁਰੰਤ ਕਾਰਵਾਈ ਕੀਤੀ। ਵੀਡੀਓ ਸਬੂਤਾਂ ਦੇ ਆਧਾਰ 'ਤੇ ਮੋਹਾਲੀ ਪੁਲਿਸ ਨੇ ਗਿੱਲ ਮਾਨੂੰਕੇ ਨੂੰ ਜਨਤਕ ਸਥਾਨ 'ਤੇ ਧਮਕੀਆਂ ਦੇਣ ਅਤੇ ਹਥਿਆਰ ਦਿਖਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ।

# ਪੂਰਬੀ ਲੱਦਾਖ 'ਚ ਡਿਊਟੀ ਦੌਰਾਨ ਪੰਜਾਬ ਦੇ 2 ਪੁੱਤ ਸ਼ਹੀਦ



ਪੂਰਬੀ ਲੱਦਾਖ ਦੇ ਇਕ ਦੂਰ-ਦੁਰਾਡੇ ਇਲਾਕੇ 'ਚ ਬੀਤੇ ਦਿਨ ਫ਼ੌਜ ਦੀ ਇਕ ਗੱਡੀ ਉਤੇ ਪੱਥਰ ਡਿੱਗਣ ਨਾਲ ਇਕ ਲੈਫਟੀਨੈਂਟ ਕਰਨਲ ਸਮੇਤ ਪੰਜਾਬ ਦੇ ਦੋ ਜਵਾਨ ਸ਼ਹੀਦ ਹੋ ਗਏ ਅਤੇ ਤਿੰਨ ਅਧਿਕਾਰੀ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਦਸਿਆ ਕਿ ਇਹ ਹਾਦਸਾ ਸਵੇਰੇ ਕਰੀਬ 11:30 ਵਜੇ ਗਲਵਾਨ 'ਚ ਦੁਰਬੁਕ ਨੇੜੇ ਚਾਰਬਾਗ 'ਚ ਵਾਪਰਿਆ। ਫ਼ੌਜ ਨੇ ਮ੍ਰਿਤਕਾਂ ਦੀ ਪਛਾਣ ਲੈਫਟੀਨੈਂਟ ਕਰਨਲ ਭਾਨੂ ਪ੍ਰਤਾਪ ਸਿੰਘ ਮਨਕੋਟੀਆ ਵਾਸੀ ਪਠਾਨਕੋਟ ਅਤੇ ਲਾਂਸ ਦਫਾਦਾਰ ਦਲਜੀਤ ਸਿੰਘ (14 ਸਿੰਧ ਹੋਰਸ) ਵਾਸੀ ਸ਼ਮਸ਼ੇਰਪੁਰ, ਜ਼ਿਲ੍ਹਾ ਗੁਰਦਾਸਪੁਰ ਵਜੋਂ ਕੀਤੀ ਹੈ। ਮੇਜਰ ਮਯੰਕ ਸ਼ੁਭਮ (14 ਸਿੰਧ ਹੋਰਸ), ਮੇਜਰ ਅਮਿਤ ਦੀਕਸ਼ਿਤ ਅਤੇ ਕੈਪਟਨ ਗੌਰਵ (60 ਆਰਮਡ) ਜ਼ਖ਼ਮੀ ਹੋ ਗਏ ਹਨ।

ਉੱਤਰੀ ਕਮਾਂਡ ਨੇ ਇਕ ਪੋਸਟ 'ਚ ਕਿਹਾ, ''ਲੈਫਟੀਨੈਂਟ ਜਨਰਲ ਪ੍ਰਤੀਕ ਸ਼ਰਮਾ, ਆਰਮੀ ਕਮਾਂਡਰ ਐਨ.ਸੀ. ਅਤੇ ਉੱਤਰੀ ਕਮਾਂਡ ਦੇ ਸਾਰੇ ਰੈਂਕ ਲੈਫਟੀਨੈਂਟ ਕਰਨਲ ਭਾਨੂ ਪ੍ਰਤਾਪ ਸਿੰਘ ਮਨਕੋਟੀਆ ਅਤੇ ਲਾਂਸ ਦਫਾਦਾਰ ਦਲਜੀਤ ਸਿੰਘ ਨੂੰ ਸ਼ਰਧਾਂਜਲੀ ਦਿੰਦੇ ਹਾਂ, ਜਿਨ੍ਹਾਂ ਨੇ ਡਿਊਟੀ ਦੌਰਾਨ ਸਰਵਉੱਚ ਕੁਰਬਾਨੀ ਦਿਤੀ। ਉੱਤਰੀ ਕਮਾਂਡ ਦੁੱਖ ਦੀ ਇਸ ਘੜੀ 'ਚ ਪੀੜਤ ਪਰਵਾਰ ਦੇ ਨਾਲ ਖੜੀ ਹੈ।''

# ਲੈਂਡ ਪੂਲਿੰਗ ਪਾਲਿਸੀ 'ਤੇ ਬੋਲੇ ਸੁਖਬੀਰ ਬਾਦਲ- 'ਜਦੋਂ ਤੱਕ ਮੈਂ ਜ਼ਿੰਦਾ ਹਾਂ ਕਿਸਾਨਾਂ ਦੀ ਜ਼ਮੀਨ ਐਕਵਾਇਰ ਨਹੀਂ ਹੋਣ ਦਿਆਂਗਾ'



ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਖਿਲਾਫ ਸ਼੍ਰੋਮਣੀ ਅਕਾਲੀ ਦਲ ਨੇ ਮੋਹਾਲੀ ਵਿਚ ਵੱਡਾ ਪ੍ਰਦਰਸ਼ਨ ਕੀਤਾ। ਵੱਡੀ ਗਿਣਤੀ ਵਿਚ ਅਕਾਲੀ ਵਰਕਰ ਪੁੱਡਾ ਭਵਨ ਦੇ ਬਾਹਰ ਇਕੱਠੇ ਹੋਏ। ਅਕਾਲੀ ਨੇਤਾਵਾਂ ਨੇ ਦਾਅਵਾ ਕੀਤਾ ਕਿ ਪੰਜਾਬ ਲਈ ਜੇ ਕੋਈ ਕੁਝ ਕਰ ਸਕਦਾ ਹੈ ਤਾਂ ਉਹ ਸਿਰਫ ਅਕਾਲੀ ਦਲ ਹਨ। ਪ੍ਰਦਰਸ਼ਨ ਵਿਚ ਸੀਨੀਅਰ ਨੇਤਾ ਦਲਜੀਤ ਸਿੰਘ ਚੀਮਾ, ਐੱਨ. ਕੇ. ਸ਼ਰਮਾ ਤੇ ਅਰਸ਼ਦੀਪ ਸਿੰਘ ਕਲੇਰ ਸਣੇ ਕਈ ਆਗੂ ਸ਼ਾਮਲ ਹੋਏ।

ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਇਸ ਮੌਕੇ ਧਾਕੜ ਬੋਲ ਬੋਲੇ। ਉਨ੍ਹਾਂ ਕਿਹਾ ਕਿ ਜੇਕਰ ਉਸ ਇਲਾਕੇ ਦੇ ਲੋਕ ਨਹੀਂ ਚਾਹੁੰਦੇ ਕਿ ਜ਼ਮੀਨ ਐਕੁਆਇਰ ਹੋਵੇ ਤਾਂ ਅਜਿਹਾ ਨਹੀਂ ਹੋ ਸਕਦਾ। ਸ. ਬਾਦਲ ਨੇ ਕਿਹਾ ਕਿ 1995 ਐਕਟ ਅਧੀਨ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ, ਜੋ ਕਿ ਗਲਤ ਹੈ। ਉਨ੍ਹਾਂ ਕਿਹਾ ਕਿ ਜਿੰਨਾ ਮਰਜ਼ੀ ਜ਼ੋਰ ਲਗਾ ਲਓ ਅਸੀਂ ਇੱਕ ਇੰਚਵੀ ਜ਼ਮੀਨ ਨਹੀਂ ਲੈਣ ਦਿਆਂਗੇ। ਲੋਕ ਇਕੱਠੇ ਹੋ ਕੇ ਬਸ ਤੂਫ਼ਾਨ ਖੜ੍ਹਾ ਕਰਨ, ਉਸਦੀ ਅਗਵਾਈ ਅਸੀਂ ਕਰਾਂਗੇ। ਸ਼੍ਰੋਮਣੀ ਅਕਾਲੀ ਦਲ ਪੰਜਾਬੀਆਂ ਦੀ ਮਾਂ ਪਾਰਟੀ ਹੈ ਤੇ ਪੰਜਾਬ ਦੀ ਮਾਂ ਪਾਰਟੀ ਹੀ ਪੰਜਾਬ ਨੂੰ ਬਚਾ ਸਕਦੀ ਹੈ।

ਡੇਰਾਬੱਸੀ ਦੇ ਸਾਬਕਾ ਵਿਧਾਇਕ ਐੱਨ. ਕੇ. ਸ਼ਰਮਾ ਨੇ ਕਿਹਾ ਕਿ ਅਸੀਂ ਪੰਜਾਬ ਦੀ ਇਕ ਇੰਚ ਜ਼ਮੀਨ ਵੀ ਨਹੀਂ ਲੁੱਟਣ ਦੇਵਾਂਗੇ। ਇਨ੍ਹਾਂ ਨੇ 64 ਹਜ਼ਾਰ ਏਕੜ ਜ਼ਮੀਨ 'ਤੇ ਨਜ਼ਰ ਰੱਖੀ ਹੈ। ਜਿਸ ਐਕਟ ਨਾਲ ਹੁਣ ਜ਼ਮੀਨ ਐਕਵਾਇਰ ਕਰਨ ਜਾ ਰਹੇ ਹਨ, ਉਸੇ 1995 ਐਕਟ ਨਾਲ ਜ਼ਮੀਨ ਲੈਣ ਜਾ ਰਹੇ ਹਨ ਇਹ ਕੋਸ਼ਿਸ਼ ਕਾਂਗਰਸ ਨੇ ਵੀ ਕੀਤੀ ਸੀ। ਉਸ ਸਮੇਂ ਕਿਸਾਨਾਂ ਨੇ ਧਰਨਾ ਲਗਾਇਆ ਤੇ ਜ਼ਮੀਨ ਐਕੁਆਇਰ ਨਹੀਂ ਹੋਣ ਦਿੱਤੀ। ਇਹ ਫ੍ਰੀ ਵਿਚ ਜ਼ਮੀਨ ਐਕੁਵਾਇਰ ਕਰਨ ਆਏ ਹਨ। ਇਨ੍ਹਾਂ ਨੂੰ ਅਸੀਂ ਜ਼ਮੀਨ ਨਹੀਂ ਦੇਵਾਂਗੇ। ਦੋਂ ਤੱਕ ਜ਼ਮੀਨ ਨੋਟੀਫਾਈ ਨਹੀਂ ਹੁੰਦੀ ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ।

ਅਸੀਂ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਾਂ। ਸ਼੍ਰੋਮਣੀ ਅਕਾਲੀ ਦਲ ਸ਼ੁਰੂ ਤੋਂ ਹੀ ਪੰਜਾਬ ਦੀ ਕਿਸਾਨੀ ਤੇ ਮਜ਼ਦੂਰਾਂ ਦੇ ਹੱਕਾਂ ਦੀ ਲੜਾਈ ਲੜਦਾ ਆਇਆ ਹੈ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS


100% NATURAL PRODUCT
PRODUCT OF CANADA
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market
20 Red Maple Dr,
Brampton
Indian Food Land
45 Dusk Drive,
Brampton
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim

- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.



Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ

Salvage Inspection Station
Government Approved Licensed Body Shop

We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ... with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
- PURCHASES
- REFINANCES
- RENEWALS
- DEBT CONSOLIDATION
- SELF-EMPLOYED
- NEW TO CANADA
- HOME RENOVATIONS
- PRIVATE MORTGAGE
- INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®

CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਚਿੰਤਨ

# ਸਾਡਾ ਉਜੜ ਗਿਆ ਦਾ, ਦੱਸ ਕੀ ਹੋਰ ਉਜਾੜੇਗੀ?


ਬੁੱਧ ਸਿੰਘ ਨੀਲੋਂ
94643 70823

ਪੰਜਾਬ ਦੇ ਲੋਕਾਂ ਨੇ ਉਜੜਨ ਦਾ ਕੰਮ ਉਦੋਂ ਸ਼ੁਰੂ ਕਰ ਦਿੱਤਾ ਸੀ, ਜਦੋਂ ਉਹਨਾਂ ਨੇ ਚੁੱਪ ਧਾਰ ਲਈ ਸੀ, ਉਦੋਂ ਪੰਜਾਬ ਦੇ ਵਿੱਚ ਹਰੀ ਕ੍ਰਾਂਤੀ ਦਾ ਆਗਾਜ਼ ਹੋਇਆ ਸੀ। ਜਦੋਂ ਖੇਤੀਬਾੜੀ ਨੂੰ ਲਾਹੇਵੰਦ ਬਣਾਉਣ ਲਈ ਮਸ਼ੀਨਰੀ ਆਈ, ਉਦੋਂ ਕਿਸਾਨ ਤੇ ਸੀਰੀ ਦਾ ਰਿਸ਼ਤਾ ਟੁੱਟਣਾ ਸ਼ੁਰੂ ਹੋਇਆ। ਸੀਰੀ ਤੇ ਖੇਤ ਮਜ਼ਦੂਰ ਖੇਤਾਂ ਵਿਚੋਂ ਨਿਕਲਣ ਲੱਗੇ। ਉਦੋਂ ਕਿਸੇ ਨੂੰ ਖੇਤ ਮਜ਼ਦੂਰ ਦੇ ਭਵਿੱਖ ਦੀ ਕੋਈ ਚਿੰਤਾ ਨਹੀਂ ਸੀ। ਹੁਣ ਜਦੋਂ ਲੈਂਡ ਪੂਲਿੰਗ ਦੇ ਨਾਂ ਹੇਠ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਉਜਾੜਨ ਲਈ ਬਣਾਈ ਤਾਂ ਹੁਣ ਸਭ ਪਾਸੇ ਹਾਹਾਕਾਰ ਮੱਚ ਗਈ ਹੈ। ਹੁਣ ਤਾਂ ਇਹ ਵੀ ਸਵਾਲ ਉਠਾਏ ਜਾ ਰਹੇ ਹਨ ਕਿ ਪੰਜਾਬ ਦਾ ਕਿਸਾਨ ਪੰਜਾਬ ਵਿੱਚ ਰਹੇਗਾ? ਕਿਉਂਕਿ ਬਹੁਤ ਗਿਣਤੀ ਕਿਸਾਨ ਵਿਦੇਸ਼ਾਂ ਵਿੱਚ ਵਸਦੇ ਹਨ। ਉਹਨਾਂ ਦੇ ਬੱਚੇ ਵੀ ਉਥੇ ਹਨ। ਉਜੜਿਆ ਤਾਂ ਆਮ ਆਦਮੀ ਜਾਂ ਰਿਹਾ ਹੈ। ਕਿਸਾਨ ਨੂੰ ਹੁਣ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਨਾਲ ਕੋਈ ਸਰੋਕਾਰ ਨਹੀਂ, ਉਹ ਤਾਂ ਮ੍ਰਿਗ ਤ੍ਰਿਸ਼ਨਾ ਦੇ ਮਾਰੂਥਲ ਵਿੱਚ ਆਖ਼ਰੀ ਦਿਨ ਦੀਆਂ ਉਮੀਦਾਂ ਦੇ ਵਿੱਚ ਹੈ। ਹੋ ਸਕਦਾ ਨੋਟਾਂ ਦੀ ਬਰਸਾਤ ਹੋ ਜਾਵੇ ਤੇ ਵਿਦੇਸ਼ਾਂ ਨੂੰ ਚਲੇ ਜਾਵੇ। ਇਸੇ ਗੱਲ ਦੀ ਤਾਂ ਇਹ ਲੜਾਈ??

ਕਿਤਾਬਾਂ ਵਿੱਚ ਪੜ੍ਹ ਦੇ ਸੀ ਕਿ ਅੱਗ ਲਾਈ ਡੱਬੂ ਕੰਧ ਉਤੇ ; ਜਦ ਆਪਣੇ ਘਰ ਅੱਗ ਲੱਗੀ, ਫੇਰ ਦਿਨੇ ਤਾਰੇ ਦਿਖਣ ਲੱਗਦੇ ਹਨ ; ਸਿਆਣੇ ਲੋਕ ਇਹੋ ਜਿਹੀਆਂ ਸਿਆਪਣਾਂ ਦੀਆਂ ਉਦਾਹਰਣ ਦੇ ਕੇ ਬਗੈਰ ਸਿਰ ਤੋਂ ਪਿੰਡ ਵਿੱਚ ਦਹਿਸ਼ਤ ਪੈਦਾ ਕਰਨ ਵਾਲਿਆਂ ਨੂੰ ਸੁਣਾਇਆ ਕਰਦੇ ਸੀ ; ਹੁਣ ਸਭ ਅੱਖਾਂ ਰਾਹੀ ਦੇਖ ਰਹੇ ਹਾਂ ; ਕਹਿੰਦੇ ਹਨ ਕਿ ਅੱਖਾਂ ਨਾਲ ਦੇਖਿਆ ਵੀ ਪੂਰਾ ਸੱਚ ਨਹੀਂ ਹੁੰਦਾ ; ਸਿਫਤ ਬਿਗਾਨੇ ਤੋਂ ਸੁਣ ਕਿ ਬਜ਼ੁਰਗ, ਧੀ ਦਾ ਰਿਸ਼ਤਾ ਕਰ ਆਇਆ ਕਰਦੇ ਸੀ। ਜਦ ਅੱਖਾਂ ਨਾਲ ਦੇਖ ਕੇ ਜਵਾਬ ਦੇਦੇ ਸੀ ; ਆਪਣੀ ਸਿਫ਼ਤਾਂ ਹਰ ਕੋਈ ਗੱਲ ਵਧਾ ਕੇ ਦੱਸਦਾ ਹੈ ; ਬਿਗਾਨੇ ਦੇ ਖੇਤਾਂ ਨੂੰ ਵੀ ਆਪਣਾ ਬਣਾ ਕੇ, ਦੂਜੇ ਦੇ ਅੱਖਾਂ ਵਿੱਚ ਘੱਟਾ ਪਾਉਣਾ ਮਨੁੱਖੀ ਸੁਭਾਅ ਹੈ । ਮਨੁੱਖ ਦੀਆਂ ਆਦਤਾਂ ਨਹੀਂ ਬਦਲ ਦੀਆਂ ; ਚੋਰ ਚੋਰੀ ਕਰਨੋਂ ਹਟ ਜੂ, ਪਰ ਹੇਰਾ ਫੇਰੀ ਕਰਨੋਂ ਨਹੀਂ; ਪੰਜਾਬ ਨੂੰ ਬਾਰ ਬਾਰ ਉਜਾੜਨ ਦੇ ਲਈ ਭਾਰਤੀ ਹਾਕਮਾਂ ਨੇ ਦੇਸ਼ ਦੀ ਵੰਡ ਤੋਂ ਹੀ ਅਜਿਹੇ ਮਨਸੂਬੇ ਬਣਾਏ ਹਨ ; ਪੰਜਾਬ ਹਰ ਦਸ ਬਾਅਦ ਉਜੜਦਾ ਹੈ । ਜਿਵੇਂ ਪਾਣੀ ਨੀਵੇਂ ਪਾਸੇ ਨੂੰ ਵਗਦਾ ਹੈ; ਉਹੀ ਹਾਲ ਪੰਜਾਬ ਦਾ ਹੋਇਆ ਪਿਆ ਹੈ । ਪੰਜਾਬੀਆਂ ਨੂੰ ਕਦੇ ਭਮਲਾਅ ਕੇ, ਕਦੇ ਲਾਲਚ ਵਿੱਚ ਉਲਝਾ ਕੇ, ਕਦੇ ਵਿਕਾਸ ਦੇ ਨਾਮ ਉਤੇ ਅਤੇ ਕਦੇ ਕਾਨੂੰਨ ਦੇ ਡਰ ਵਿੱਚ ਫਸਾ ਕੇ ਉਜਾੜਿਆ ਜਾ ਰਿਹਾ ਹੈ । ਪੰਜਾਬ ਨੂੰ ਇਸ ਹਾਲਤ ਤੱਕ ਪੁਜਦਾ ਕਰਨ ਦੇ ਲਈ ਭਾਰਤੀ ਸਟੇਟ ਦਾ ਜਿੰਨਾਂ ਹੱਥ ਹੈ; ਓਨਾ ਹੀ ਹੱਥ ਪੰਜਾਬੀਆਂ ਦਾ ਹੈ। ਜਿਹੜੇ ਹੁਣ ਤੱਕ ਝੁਰਲੂ ਬਣੇ ਰਹੇ । ਸਿਆਸੀ ਪਾਰਟੀਆਂ ਨੇ ਉਨ੍ਹਾਂ ਨੂੰ ਕਾਂਗਰਸ ਤੇ ਅਕਾਲੀ ਦਲ ਵਿੱਚ ਵੰਡ ਕੇ ਆਪਣਾ ਤਾਂ ਉਲੂ ਸਿੱਧਾ ਕਰ ਲਿਆ ਪਰ ਪੰਜਾਬੀਆਂ ਦੇ ਹੱਥਾਂ ਵਿੱਚ ਠੂਠਾ ਫੜਾ ਦਿੱਤਾ। ਹੁਣ ਸਤਲੁਜ ਦਾ ਵਹਿਣ ਬਦਲ ਰਹੇ ਹਨ, ਲੋਕ ਚੁੱਪ ਹਨ, ਅਗਲੇ ਦਰਿਆਵਾਂ ਦਾ ਪਾਣੀ ਲੈ ਗਏ। ਜਦੋਂ ਆਪਣੇ ਨਿੱਜੀ ਮੁਫਾਦਾਂ ਦੇ ਲਈ ਧਰਮ ਦੀ ਆੜ ਦੇ ਵਿਚ ਜਦੋਂ ਸੱਤਾਧਾਰੀ ਆਪਣਾ 'ਉਲੂ ਸਿੱਧਾ' ਕਰਨ ਲੱਗ ਪੈਣ ਤਾਂ ਆਮ ਲੋਕਾਂ ਦੇ ਘਰਾਂ ਵਿੱਚ 'ਉਲੂ ਬੋਲਣ' ਲੱਗ ਪੈਂਦੇ ਹਨ। ਜਿਹਨਾਂ ਨੇ ਜ਼ਿੰਦਗੀ ਦਾ ਫ਼ਲਸਫਾ ਦੱਸਣਾ ਹੁੰਦਾ, ਉਹ ਉਚਿਆਂ ਚੁਬਾਰਿਆਂ ਦੇ ਨਾਲ ਆੜੀ ਪਾ ਕੇ ਫਿਰ ਆਪਣਿਆਂ ਦੀ ਮੰਜੀ ਠੋਕਦੇ ਹਨ। ਉਹਨਾਂ ਤੋਂ ਡਰਦੇ ਆਮ ਲੋਕ ਉਚਾ-ਨੀਵਾਂ ਥਾਂ ਵੇਖਦੇ ਹੋਏ ਉਚੇ ਦੁਆਰੇ ਤੇ ਚੁਬਾਰੇ ਲੱਭਣ ਦੇ ਚੱਕਰ 'ਚ ਫਸ ਜਾਂਦੇ ਹਨ। ਸਿਆਸੀ ਆਗੂ ਜਦੋਂ 'ਊਟ-ਪਟਾਂਗ ਗੱਲਾਂ' ਮਾਰਨ ਲੱਗ ਜਾਣ ਤਾਂ 'ਲੋਕ ਉਜਾੜ' ਮੱਲਣ ਤੁਰ ਪੈਂਦੇ ਹਨ। ਜਿਹੜੇ 'ਉਚਾ ਝਾਕਣ' ਲੱਗਦੇ ਹਨ, ਉਨ੍ਹਾਂ ਨੂੰ ਨੀਵੀਆਂ ਦੀਆਂ ਗੱਲਾਂ ਸਮਝ ਨਹੀਂ ਆਉਂਦੀਆਂ ਤੇ ਉਹਨਾਂ ਨੂੰ ਉਡਦੇ ਸੱਪ ਕੀਲਣੇ ਮੁਸ਼ਕਿਲ ਹੋ ਜਾਂਦੇ ਹਨ। ਜਿਹੜੇ ਹਰ ਕੰਮ ਲਈ ਉਡ ਉਡ ਪੈਣ, ਉਹ ਉਤਲੇ ਮੂੰਹੋਂ ਤੇਰਾ ਤੇਰਾ ਕਹਿਣ ਦੇ ਆਦੀ ਬਣ ਜਾਂਦੇ ਹਨ। ਪਰ ਲੋਕ ਵੀ ਉਹਨਾਂ ਨੂੰ ਉਡਣ ਜੋਗਾ ਨਹੀਂ ਛੱਡਦੇ। ਇਕ ਦਿਨ ਧੋਬੀ ਪਟਕਾ ਮਾਰਦੇ ਹਨ । ਜਿਹੜੇ ਐਂਵੇ ਹੀ ਹਰ ਕਿਸੇ ਦੇ ਉੱਤੇ ਚੜ੍ਹਨ ਦੀ ਹਿਮਾਕਤ ਕਰਦੇ ਹਨ, ਉਨ੍ਹਾਂ ਦੀ ਕੋਈ ਉਂਗਲ ਨਹੀਂ ਫੜਦਾ। ਜਿਹੜੇ ਹਰ ਕਿਸੇ ਦੇ ਨਾਲ ਉਸਤਾਦੀ ਕਰਨ ਲੱਗ ਪੈਣੇ, ਉਹਨਾਂ ਨੂੰ ਇੱਕ ਦਿਨ ਉਂਗਲਾਂ ਟੁੱਕਣੀਆਂ ਪੈਂਦੀਆਂ ਹਨ, ਫੇਰ ਉਹਨਾਂ ਦੀ ਕੋਈ ਉਘ ਸੁੱਘ ਨਹੀਂ ਲੱਗਦੀ। ਜਿਨ੍ਹਾਂ ਦੇ ਮਨਾਂ ਵਿੱਚ ਸੁਪਨੇ ਉਸਲਵੱਟੇ ਭੰਨਣ ਲੱਗ ਪੈਣ, ਉਨ੍ਹਾਂ ਨੂੰ ਹਰ ਕੰਮ ਲਈ ਫੇਰ ਉੱਖਲੀ ਵਿੱਚ ਸਿਰ ਦੇਣਾ ਪੈਂਦਾ ਹੈ। ਜਦੋਂ ਕਿਸੇ ਨੂੰ ਕੋਈ ਉਲਟੀ ਪੱਟੀ ਪੜ੍ਹਾਉਣ ਲੱਗ ਪਏ ਤਾਂ ਲੋਕ ਉਸ ਉਪਰ ਉਂਗਲਾਂ ਕਰਨ ਲੱਗ ਪੈਂਦੇ ਹਨ। ਉਹਨਾਂ ਦੇ ਸਦਾ ਉਖੜੇ-ਉੱਖੜੇ ਰਹਿਣ ਕਰਕੇ ਉਹਨਾਂ ਦੇ ਮੂੰਹ 'ਤੇ ਉਦਾਸੀ ਸਦਾ ਹੀ ਛਾਈ ਰਹਿੰਦੀ ਹੈ। ਜਿਨ੍ਹਾਂ ਨੂੰ ਉਧਾਰ ਖਾਣ ਦੀ ਆਦਤ ਪੈ ਜਾਵੇ, ਉਹ ਹਮੇਸ਼ਾ ਉਧੇੜ ਬੁਣ ਕਰਦੇ ਰਹਿੰਦੇ ਹਨ। ਜਿਹੜੇ ਰਸ ਚੂਸ ਕੇ ਉੱਡ ਜਾਣ ਫੇਰ ਉਨ੍ਹਾਂ ਦੇ ਲਈ ਕੋਈ ਉਡ ਉਡ ਨਹੀਂ ਪੈਂਦਾ। ਫਿਰ ਇਹੋ ਜਿਹਿਆਂ ਨੂੰ ਉਚਾ ਸੁਣਨ ਲੱਗਦਾ ਹੈ। ਜਦੋਂ ਬੰਦੇ ਦਾ ਉਮਰ ਕੱਟਣ ਦਾ ਸੁਭਾਅ ਬਣ ਜਾਂਦਾ ਹੈ ਤਾਂ ਫਿਰ ਉਸ ਲਈ ਉਲਝੀ ਤਾਣੀ ਸੁਲਝਾਉਣੀ ਔਖੀ ਹੋ ਜਾਂਦੀ ਹੈ। ਹੁਣ ਇਹੀ ਹਾਲਤ ਸਿਆਸਤਦਾਨਾਂ ਨੇ ਸਾਡੀ ਬਣਾਈ ਹੋਈ ਹੈ। ਸਮੇਂ ਨੇ ਸਾਨੂੰ ਉਲਟੇ ਛੁਰੇ ਨਾਲ ਮੁੰਨਣਾ ਸ਼ੁਰੂ ਕਰ ਦਿੰਦਾ ਹੈ ਤੇ ਅਸੀਂ ਉਲਟੇ ਪੈਰੀਂ ਵਾਪਸ ਜਾ ਰਹੇ ਹਾਂ, ਪਰ ਹਰ ਵੇਲੇ ਲੋਕਾਂ ਨੂੰ ਉਲੂ ਬਣਾਇਆ ਨਹੀਂ ਜਾ ਸਕਦਾ। ਅਸੀਂ ਉਲੂ ਬਣ ਰਾਤਾਂ ਨੂੰ ਉਡਦੇ ਹਾਂ । ਜਦੋਂ ਕੋਈ ਊਚ-ਨੀਚ ਵਿਚਾਰਨਾ ਭੁੱਲ ਜਾਵੇ ਤਾਂ ਉਸ ਦੇ ਆਲੇ ਦੁਆਲੇ ਉਲਟੀ ਹਵਾ ਚੱਲ ਪੈਂਦੀ ਹੈ। ਜਦੋਂ ਕੋਈ ਹਰ ਕਿਸੇ ਨਾਲ ਉਲਝ ਪੈਣ ਦੀ ਆਦਤ ਬਣਾ ਲਵੇ, ਉਹ ਛੇਤੀ ਹੀ ਕੈਨਵਸ ਤੋਂ ਓਹਲੇ ਹੋ ਜਾਂਦਾ ਹੈ। ਫੇਰ ਦੁਆਰਾ ਓਹੜ-ਪੋਹੜ ਕਰਨ ਲਈ ਵਰ੍ਹੇ ਲੱਗ ਜਾਂਦੇ ਹਨ। ਉਸ ਦੀ ਹਾਲਤ ਊਠ ਵਰਗੀ ਬਣ ਜਾਂਦੀ ਹੈ। ਉਹ ਲੋਕਾਂ ਵੱਲ ਮੂੰਹ ਚੁੱਕਦਾ ਹੈ ਪਰ ਲੋਕ ਉਸ ਨੂੰ ਓਪਰੀ ਨਜ਼ਰ ਦਾ ਨਾਲ ਵੀ ਨੀਂ ਵੇਖਦੇ। ਜਦੋਂ ਸਮਾਜ ਦਾ ਊੜਾ ਐੜਾ ਨਾ ਜਾਨਣ ਵਾਲੇ ਸਮਾਜ ਦੇ ਚੌਧਰੀ ਬਣ ਜਾਣ ਫੇਰ ਉਨ੍ਹਾਂ ਦੇ 'ਉਡਦਾ ਛਾਪਾ' ਵੀ ਗਲੇ ਆ ਲੱਗਦਾ ਹੈ। ਫੇਰ ਉਹਦੀ ਉਤੋਂ ਦੀ ਪੈਣ ਦੀ ਰੀਤ ਨੂੰ ਉਠਾਲਾ ਕਰਨਾ ਪੈਂਦਾ ਹੈ ਤੇ ਕੋਈ ਉਨ੍ਹਾਂ ਦੀ ਉਂਗਲ ਉਤੇ ਮੂਤਰ ਨਹੀਂ ਕਰਦਾ। ਜਿਹੜੇ ਆਪਣੇ ਆਪ ਨੂੰ ਉਸਤਾਦ ਮੰਨਣ ਦਾ ਭਰਮ ਪਾ ਲੈਂਦੇ ਹਨ, ਉਹ ਉਚਾ-ਨੀਵਾਂ ਬੋਲਣ ਲੱਗੇ ਥਾਂ-ਕੁ-ਥਾਂ ਨਹੀਂ ਦੇਖਦੇ। ਇਹੋ ਜਿਹਾ ਸਿਆਸਤਦਾਨਾਂ ਦਾ ਜਦੋਂ ਲੋਕ ਉਧਾਰ ਵਿਆਜ਼ ਸਮੇਤ ਮੋੜਦੇ ਹਨ ਤਾਂ ਉਹ ਉਪਰ ਦੇਖਣਾ ਹੀ ਭੁੱਲ ਜਾਂਦੇ ਹਨ। ਭਾਵੇਂ ਹਰ ਵੇਲੇ ਉਲੂ ਸਿੱਧਾ ਨਹੀਂ ਹੁੰਦਾ, ਪਰ ਉੱਲੂ ਬਨਾਉਣ ਵਾਲੇ ਜਦੋਂ ਉਸਤਾਦੀ ਘੋਟਣ ਲੱਗਦੇ ਹਨ ਤਾਂ ਲੋਕ ਉਸ ਨੂੰ ਨਜ਼ਰ ਅੰਦਾਜ਼ ਕਰਨ ਲੱਗਦੇ ਹਨ। 'ਉਂਗਲਾਂ'ਉਤੇ ਨੱਚਣਾ ਤੇ ਨਚਾਉਣਾ ਔਖਾ ਹੁੰਦਾ ਹੈ। ਜਦੋਂ ਸੱਤਾ ਉਜਾੜ ਭਾਲਣ ਦੇ ਰਸਤੇ ਤੁਰਦਿਆਂ ਵਿਕਾਸ ਦੀਆਂ ਗੱਲਾਂ ਕਰਦੀ ਹੈ ਤਾਂ ਉਲਟੀ ਗੰਗਾ ਪਹੇਵੇ ਵੱਲ ਨੂੰ ਤੁਰਨ ਲੱਗਦੀ ਹੈ, ਇਨ੍ਹਾਂ ਸਮਿਆਂ ਵਿੱਚ ਜਦੋਂ ਸ਼ਬਦਾਂ ਦੇ ਖਿਡਾਰੀ ਸ਼ਬਦਾਂ ਦੀਆਂ ਬੁੱਚੀਆਂ ਪਾਉਣ ਦੇ ਲਈ ਮਦਾਰੀ ਬਣ ਜਾਣ ਤਾਂ ਆਮ ਲੋਕਾਂ ਦੇ ਪੱਲੇ ਕੱਖ ਨਹੀਂ ਪੈਂਦਾ। ਲੋਕ ਪੱਲੇ ਝਾੜਦੇ ਊਠ ਦੇ ਡਿੱਗਦੇ ਬੁੱਲ ਵਾਂਗ ਮਗਰ ਮਗਰ ਤੁਰਦੇ ਖ ਾ ਲੀ



ਹ ਁ ਥ ਘਰਾਂ ਨੂੰ ਪ ਰ ਤ ਆਉ ਂ ਦ ੇ ਹਨ। ਕ ਈ ਵ ਾ ਰ ਘਰਾਂ ਨੂੰ ਮ ੁ ੜ ਨ ਾ ਅ ੌ ਖ ਾ ਹੁੰਦਾ ਹੈ ਪਰ ਘਰ ਅਸੀਂ ਆਏ ਨੂੰ ਕਦੇ ਦੁਰਕਾਰਦੇ ਨਹੀਂ। ਘਰ ਹਮੇਸ਼ਾਂ ਬਾਹਰ ਉਡੀਕ ਵਿੱਚ ਦਰਵਾਜ਼ੇ ਖੁੱਲੇ ਰੱਖਦੇ ਹਨ। ਜਦੋਂ ਢਿੱਡ ਰੋਟੀ ਲਈ ਪਰਵਾਸ ਕਰਦਾ ਹੈ ਗਿਆਂ ਦੀ ਖੁੱਲੇ ਰੱਖਦੇ ਦੀ ਭਾਲ ਤਾਂ ਘਰ ਉਦਾਸ ਨਹੀਂ ਹੁੰਦੇ, ਪਰ ਜਦੋਂ ਪਰਵਾਸੀਆਂ ਦੀਆਂ ਮੋਹ ਭਰੀਆਂ ਖ਼ਬਰਾਂ ਦੀ ਵਜਾਏ ਮਾੜੀਆਂ ਖ਼ਬਰਾਂ ਆਉਣ ਤਾਂ ਘਰ ਭੁੱਬਾਂ ਮਾਰ ਕੇ ਰੋਂਦੇ ਹਨ। ਘਰਾਂ ਵਿੱਚ ਭੁੱਜਦੀ ਭੰਗ ਵੀ, ਚੁਗਲੀਆਂ ਕਰਦੀ ਹੋਈ ਨਸੀਹਤਾਂ ਦੇਣ ਲੱਗਦੀ ਹੈ। ਉਲਟੀ ਪੁਲਟੀ ਗੱਲ ਹੁਣ ਕਰਨੀ ਜਿੰਨੀ ਔਖੀ ਹੈ ਤੇ ਉਸ ਤੋਂ ਵਧੇਰੇ ਔਖੀ ਹਜ਼ਮ ਕਰਨੀ ਹੈ। ਕਿਉਂਕਿ ਹੁਣ ਹਰਿਕ ਦਾ ਹਾਜ਼ਮਾ ਖਰਾਬ ਹੈ। ਸ਼ਬਦਾਂ ਦੇ 'ਲਿਖਾਰੀ' ਹੁਣ 'ਵਪਾਰੀ' ਬਣ ਗਏ ਹਨ। ਇਸੇ ਕਰਕੇ ਊੜਾ ਐੜਾ ਪੁਕਾਰ ਰਿਹਾ ਹੈ, ਕੋਈ ਤਾਂ ਉਸ ਦੀ ਆਵਾਜ਼ ਸੁਣੋ। ਊੜੇ ਤੇ ਜੂੜੇ ਨੂੰ ਅਸੀਂ ਘਰਾਂ ਵਿੱਚੋਂ ਕੱਢ ਕੇ 'ਅੰਗਰੇਜ਼ੀ' ਨੂੰ ਆਪਣੀ ਰਖੇਲ ਬਣਾ ਲਿਆ ਹੈ। ਅਸੀਂ ਭਰਮ ਦੇ ਗੁਲਾਮ ਬਣ ਗਏ ਹਾਂ । ਹੁਣ ਵਿਚਾਰਾ ਊੜਾ ਕਰੇ ਤਾਂ ਕੀ ਕਰੇ ? ਊੜੇ ਦੀਆਂ ਪੈਂਦੀਆਂ ਚੀਕਾਂ ਕੌਨਵੈਂਟ ਸਕੂਲਾਂ, ਸਰਕਾਰੀ ਤੇ ਗੈਰ ਸਰਕਾਰੀ ਦਫਤਰਾਂ ਵਿਚ ਸੁਣੀਆਂ ਜਾ ਸਕਦੀਆਂ ਹਨ। ਊੜੇ ਦਾ ਕੋਈ ਵਾਲੀ ਵਾਰਿਸ ਨਹੀਂ ਤੇ ਸਾਹਿਤਕਾਰ ਤੇ ਸਾਹਿਤਕ ਸੰਸਥਾਵਾਂ ਮਾਂ ਬੋਲੀ ਦੇ ਨਾਂ 'ਤੇ ਰੋਟੀਆਂ ਸੇਕਦੀਆਂ ਹਨ। ਪਰ ਊੜੇ ਦੀ ਕੋਈ ਨੀਂ ਸੁਣਦਾ । ਇਸੇ ਕਰਕੇ ਇਹ ਅਪਣੇ ਹੀ ਘਰ ਵਿੱਚ ਪਰਾਇਆ ਹੋ ਗਿਆ ਹੈ। ਇਸਨੂੰ ਆਪਣਾ ਘਰ ਕਦੋਂ ਮਿਲੇਗਾ? ਪਤਾ ਨਹੀਂ । ਊੜੇ ਨੂੰ ਘਰ ਮਿਲੇ ਨਾ ਮਿਲੇ ਪਰ ਅਗਲੀਆਂ ਚੋਣਾਂ ਤੱਕ ਸਰਕਾਰ ਦੀ ਯੋਜਨਾ ਹੈ ਕਿ ਉਹ ਗਰੀਬਾਂ ਨੂੰ ਮਕਾਨ ਬਣਾ ਕੇ ਦੇ ਦੇਵੇਗੀ. ਘਰ ਤਾਂ ਜ਼ਿੰਦਗੀ ਦੇ ਵਿਚ ਸਾਰੀ ਉਮਰ ਨਹੀਂ ਬਣਦਾ, ਅੱਜ ਸਾਡੇ ਆਲੇ ਦੁਆਲੇ ਕੋਠੀਆਂ, ਮਹਿਲ, ਮੁਨਾਰੇ, ਮਕਾਨ ਤੇ ਪਤਾ ਨੀਂ ਘਰਾਂ ਦੇ ਨਾ 'ਤੇ ਬਣਾਏ ਜਾ ਰਹੇ ਹਨ। ਇਹਨਾਂ ਕੋਠੀਆਂ ਤੇ ਮਹਿਲਾਂ ਦੇ ਵਿਚੋਂ 'ਊੜਾ ਤੇ ਜੂੜਾ' ਹੀ ਨਹੀਂ ਸਾਡੇ ਮਾਪੇ ਵੀ ਬੇਦਖ਼ਲ ਹੋ ਰਹੇ ਹਨ। ਮਕਾਨਾਂ ਤੇ ਕੋਠੀਆਂ ਦੇ ਵਿਚ ਕੁੱਤੇ, ਬਿੱਲੀਆਂ, ਡੈਣਾਂ ਦਾ ਵਸੇਰਾ ਹੋ ਰਿਹਾ ਹੈ। ਇਸੇ ਕਰਕੇ ਸਾਡੇ ਆਲੇ ਦੁਆਲੇ ਬਿਰਧ ਆਸ਼ਰਮ ਵੱਧ ਰਹੇ ਹਨ। ਜਿਹਨਾਂ ਦੇ ਵਿਚ ਇਨਸਾਨ ਹੱਸਦੇ ਤੇ ਢੋਲੇ ਦੀਆਂ ਲਾਉਂਦੇ ਹਨ। ਕੋਠੀਆਂ ਤੇ ਮਕਾਨਾਂ ਦੇ ਵਿਚ ਚੀਕ ਚਿਹਾੜਾ ਤੇ ਚੀਕਾਂ ਪੈਂਦੀਆਂ ਹਨ। ਘਰ ਉਦਾਸ ਹਨ ਤੇ ਮਕਾਨ ਨੱਚਦੇ ਤੇ ਟੱਪਦੇ ਜਸ਼ਨ ਮਨਾਉਂਦੇ ਹਨ।

ਊੜਾ ਵੀ ਜਾਣਦਾ ਹਰ ਕੋਈ ਹੁਣ ਆਪਣੀ ਆਮਦਨ ਵਧਾਉਣ ਦੇ ਲਈ ਆਪਣਿਆਂ ਨੂੰ ਮਾਰ ਰਿਹਾ ਹੈ। ਹੁਣ ਘਰ ਕਤਲਗਾਹ ਬਣ ਰਹੇ ਨੇ। ਹੁਣ ਇੱਥੇ ਲੜਾਈ ਇੱਕ ਦੀ ਹੀ ਨਹੀਂ, ਸਭ ਦੀ ਬਣਦੀ ਜਾ ਰਹੀ ਪਰ ਸਾਨੂੰ ਸਮਝ ਨਹੀਂ ਲੱਗਦੀ ਕਿ ਲੜ੍ਹਾਈ ਕਿਸਦੇ ਨਾਲ ਕਰਨੀ ਹੈ। ਅਸੀਂ ਆਪਸ ਵਿੱਚ ਹੀ ਲੜੀ ਜਾ ਰਹੇ ਤੇ ਮਰੀ ਜਾ ਰਹੇ ਹਾਂ। ਹੁਣ ਸਾਡੇ ਆਪਣਿਆਂ ਨੇ ਹੀ ਸਾਡੇ ਗਲਾਂ ਨੂੰ ਫਾਹਾ ਪਾ ਦਿੱਤਾ ਹੈ । ਅਸੀਂ ਆਪੋ ਆਪਣੀ ਡੱਫਲੀ ਵਜਾ ਰਹੇ ਕੁੱਟ ਖਾ ਰਹੇ ਤੇ ਮਾਰੇ ਜਾ ਰਹੇ ਹਾਂ । ਅਸੀਂ ਹਰ ਵੇਲੇ ਅਰਦਾਸ ਸਰਬੱਤ ਦੇ ਭਲੇ ਦੀ ਕਰਦੇ ਹਾਂ, ਘਰ ਆਪਣੇ ਭਰਦੇ ਹਾਂ ਤੇ ਗੱਲਾਂ ਸਮਾਜਵਾਦ ਤੇ ਬਰਾਬਰਤਾ ਦੀਆਂ ਕਰਦੇ ਹਾਂ । ਅਸੀਂ ਗੁਰੂ ਨਾਨਕ ਨੂੰ ਤਾਂ ਮੰਨਦੇ ਹਾਂ ਪਰ ਗੁਰੂ ਦੇ ਹੁਕਮ ਨੂੰ ਨਹੀਂ; ਗੁਰਬਾਣੀ ਨੂੰ ਸਿਰਫ ਮੱਥਾ ਟੇਕਦੇ ਹਾਂ ਪਰ ਉਸ ਉਤੇ ਅਮਲ ਨਹੀਂ ਕਰਦੇ । ਸਾਡੀ ਫੁੱਟ ਦਾ ਉਹ ਸਿਆਸੀ ਮੌਕੇ ਅਨੁਸਾਰ ਫਾਇਦਾ ਚੁੱਕਦੇ ਹਨ।ਅਸੀਂ ਹਰ ਲੁੱਟੇ ਜੁਆਰੀਏ ਹੱਥ ਮਲਦੇ ਰਹਿ ਜਾਂਦੇ ਹਾਂ । ਹੁਣ ਲੜਨ ਦੀ ਲੋੜ ਹੈ । ਦੁਸ਼ਮਣ ਸਾਂਝਾ ਹੈ ਤੇ ਦਿਖਦਾ ਹੈ । ਜੰਗ ਹੁਣ ਸਿਰ ਵਾਰਨ ਦੀ ਨਹੀਂ ; ਦੂਜੇ ਦਾ ਸਿਰ ਲੈਣ ਦੀ ਲੋੜ ਹੈ । ਹੁਣ ਸਾਂਝੀ ਜੰਗ ਦੀ ਜਰੂਰਤ ਹੈ, ਇਹ ਹੁਣ ਸਮੇਂ ਦੀ ਵੀ ਮੰਗ ਹੈ। ਜੰਗ ਲੜਿਆ ਹੀ ਹੁਣ ਸਰਨਾ ਹੈ, ਡਰ ਕੇ ਵਿਦੇਸ਼ਾਂ ਨੂੰ ਭੱਜੋ ਨਾ। ਸਮੇਂ ਦੀ ਚਾਲ ਸਮਝੋ। ਆਪਣੀਆਂ ਅਗਲੀਆਂ ਵਾਲੀਆਂ ਨਸਲਾਂ ਦੇ ਕਾਤਲ ਨਾ ਬਣੋ, ਸਗੋਂ ਹਿੱਕ ਤਾਣ ਖੜੋ। ਮਰਨਾ ਤਾਂ ਸਭ ਨੇ ਹੈ। ਦੇਸ ਕੌਮ ਤੇ ਸਮਾਜ ਲਈ ਮਰੋ। ਧਾੜਵੀ ਆ ਗਏ ਹਨ।ਮੂੰਹ ਉਤੇ ਵਿਕਾਸ ਦਾ ਨਕਾਬ ਪਾ ਕੇ। ਅੰਗਰੇਜ਼ ਕੌਮ ਕਦੇ ਸਿਰ ਵਾਰ ਦੀ ਨਹੀਂ ਸਗੋਂ ਸਿਰ ਲੈਂਦੀ ਰਹੀ ਹੈ ਤੇ ਦੁਨੀਆਂ ਉਤੇ ਰਾਜ ਕਰਦੀ ਹੈ । ਅਸੀਂ ਸਿਰ ਵਾਰਦੇ ਹਾਂ ਤੇ ਸਦਾ ਗੁਲਾਮ ਰਹਿੰਦੇ ਹਨ ; ਫੇਰ ਕਹਿੰਦੇ ਹਾਂ " ਪੰਜਾਬੀਆਂ ਦੀ ਸ਼ਾਨ ਵੱਖਰੀ ?" ਹੁਣ ਕਿਸੇ ਅਬਦਾਲੀ ਜਾਂ ਗੋਰੇ ਦੇ ਵਿਰੁਧ ਜੰਗ ਨਹੀਂ ਆਪਣਿਆਂ ਦੇ ਖਿਲਾਫ਼ ਲੜਨੀ ਪੈਣੀ ਹੈ। ਆਓ! ਸਾਂਝੀ ਜੰਗ ਲੜੀਏ ਤੇ ਕੱਲੇ ਕੱਲੇ ਨਾ ਮਰੀਏ। ਜਿੱਤ ਸਦਾ ਲੋਕਾਂ ਦੀ ਹੁੰਦੀ ਆਈ ਹੈ। ਜੈ ਜਨਤਾ ਦੀ ਹੁੰਦੀ ਹੈ । ਹੁਣ ਜਿੱਤ ਲੋਕਾਂ ਦੀ ਤੇ ਹਾਰ ਖੂਨ ਪੀਣੀਆਂ ਜੋਕਾਂ ਦੀ ਹੋਵੇਗੀ। ਹੁਣ ਸਿਰ ਜੋੜਣ ਦਾ ਵੇਲਾ ਐ, ਪਹਿਲਾਂ ਹੀ ਬਹੁਤ ਕੁਵੇਲਾ ਐਆਪਣੇ ਨਿੱਜੀ ਲਾਲਚ ਛੱਡਕੇ ਹੋਵੋ ਇਕਜੁੱਟ । ਬਚੋ ਬਚੋ ਫੁੱਟ ਤੋਂ। ਹੁਣ ਹਰ ਬਾਰ ਉਜੜ ਕੇ ਵਸਣਾ ਮੁਸ਼ਕਿਲ ਹੈ। ਉਜੜ ਰਹੇ ਪੰਜਾਬ ਨੂੰ ਬਚਾ ਲਵੋ ਤੇ ਗਿਰਝਾਂ ਦੇ ਗਲੇ ਨੂੰ ਹੱਥ ਪਾ ਲਵੋ । ਬੰਦਿਆਂ ਤੇ ਪੰਛੀਆਂ ਦੇ ਆਲਣੇ ਬਚਾ ਲਵੋ ! ਕੁਰਸੀ ਦਾ ਵਪਾਰੀ ਹੁਣ ਫੇਰ ਹੇਜ ਜਤਾ ਰਿਹਾ। ਪੰਜਾਬ ਨੂੰ ਕਹਿੰਦਾ ਮੇਰਾ ਪੰਜਾਬ ਨਾਲ ਖ਼ੂਨ ਦਾ ਰਿਸ਼ਤਾ ਹੈ। ਯਾਦ ਕਰੋ ਖ਼ੂਨ ਦਾ ਰਿਸ਼ਤਾ ਕਿਹੋ ਜਿਹਾ ਹੈ!

## ਬੰਦਾ ਸਿੰਘ...

ਪੀ ਅੰਮ੍ਰਿਤ ਦਾ ਪਿਆਲਾ ਗੁਰ ਤੋਂ।
ਸੱਚ ਦੇ ਰਾਹੀ ਆਇਆ ਸੀ

ਬੰਦਾ ਸਿੰਘ ਨਾਮ ਸੀ ਜਿਸਦਾ,
ਚਮਕਿਆ ਸੂਰਜ ਨਵਾਂ ਉਜਾਲਾ।
ਐਸਾ ਉਹ ਬਹਾਦਰ ਸੂਰਾ,
ਧਰਤੀ 'ਤੇ ਆਇਆ ਸ਼ੇਰ ਨਿਰਾਲਾ।

ਹਿਰਣੀ ਨੂੰ ਜਦ ਤੀਰ ਸੀ ਲੱਗਾ,
ਤਨ ਮਨ ਰੋ ਰੋ ਕੇ ਸੀ ਧੋਇਆ।
ਇਸ ਘਟਨਾ ਤੋਂ ਬਣੇ ਬੈਰਾਗੀ
ਗਲਤੀ ਦਾ ਅਹਿਸਾਸ ਸੀ ਹੋਇਆ,

ਪ੍ਰਚਾਰ ਨੂੰ ਭੇਜਿਆ ਜਦ ਗੁਰਾਂ ਨੇ ,
ਪੂਰਾ ਫਰਜ ਨਿਭਾਇਆ ਸੀ
ਪੀ ਅੰਮ੍ਰਿਤ ਦਾ ਪਿਆਲਾ ਗੁਰ ਤੋਂ,
ਸੱਚ ਦੇ ਰਾਹੀਂ ਆਇਆ ਸੀ

ਦਸ਼ਮੇਸ਼ ਪਿਤਾ ਦੀ ਲੈ ਕੇ ਆਗਿਆ,
ਚੱਲਿਆ ਉੱਥੇ ਤੇਗ ਚਲਾਉਣ।
ਸਿਰਹੰਦ ਦੇ ਮੈਦਾਨ ਵਿਚ ਆ ਕੇ,
ਨਿਆਂ ਦਾ ਉਥੇ ਦੀਵਾ ਜਗਾਉਣ

ਹਰ ਇੱਕ ਦੀ ਸੀ ਮਦਦ ਕਰਦਾ,
ਲੋਕੀ ਕਹਿਣ ਰਖਵਾਲਾ ਆਇਆ।
ਘਰ ਰਾਮ ਦੇਵ ਦੇ ਜਨਮਿਆ ਸੀ,
ਸਿੱਖੀ ਦਾ ਪਰਚਮ ਲਹਿਰਾਇਆ।

ਦੁਸ਼ਟਾਂ ਦਾ ਸੀ ਖਾਤਮਾ ਕਰਕੇ,
ਬਦਲਾ ਲੈ ਵਿਖਾਇਆ ਸੀ
ਪੀ ਅੰਮ੍ਰਿਤ ਦਾ ਪਿਆਲਾ ਗੁਰ ਤੋਂ,
ਸੱਚ ਦੇ ਰਾਹੀ ਆਇਆ ਸੀ

ਮੁਗਲ ਸਲਤਨਤ ਕੰਬ ਉਠੀ,
ਬੰਦੇ ਦੀ ਲਲਕਾਰ ਨੂੰ ਸੁਣ ਕੇ।
ਜਾਲਮਾਂ ਸੀ ਭੱਜਣ ਲਗ ਪਏ
ਆਪਣੀ ਹੁੰਦੀ ਹਾਰ ਨੂੰ ਸੁਣ ਕੇ।

ਚੁਣ ਚੁਣ ਕੇ ਸੋਧੇ ਜਾਲਮ,
ਡਰ ਦੇ ਨਾਲ ਜਾਲਮ ਘਬਰਾਏ
ਕੋਈ ਨਹੀਂ ਸੀ ਸਾਨੀ ਉਸ ਦਾ,
ਰਣ ਵਿਚ ਡੰਡਾ ਖੜਕਾਏ

ਇੱਟ ਨਾਲ ਇੱਟ ਖੜਕਾ ਕੇ,
ਜਾਲਮਾਂ ਨੂੰ ਸਬਕ ਸਿਖਾਇਆ ਸੀ।
ਪੀ ਅੰਮ੍ਰਿਤ ਦਾ ਪਿਆਲਾ ਗੁਰ ਤੋਂ,
ਸੱਚ ਦੇ ਰਾਹੀ ਆਇਆ ਸੀ।

ਰਕਮ ਜਿੱ ਗਰੀਬਾਂ ਵਿਚ ਵੰਡੀ,
ਸਾਰਾ ਜੀਵਨ ਲੇਖੇ ਲਾਇਆ।
ਹੱਕ ਤੇ ਸੱਚ ਦੀ ਝੁਲਾ ਕੇ ਝੰਡੀ,
ਸਿੱਖ ਕੌਮ ਦਾ ਰਾਜ ਚਲਾਇਆ।

"ਦੀਪ" ਕਦੇ ਕਦੇ ਧਰਤੀ ਤੇ,
ਬੰਦਾ ਸਿੰਘ ਵਰਗੇ ਜੰਮਦੇ ਨੇ।
ਜੋ ਦੁਸ਼ਟਾਂ ਨਾਲ ਲੈਂਦੇ ਟੱਕਰ,
ਤੇ ਧਰਤੀ ਅਸਮਾਨ ਕੰਬਦੇ ਨੇ।

ਗੁਰੂ ਜੀ ਦੇ ਅਖੀਰ ਬਚਨਾ ਨੂੰ,
ਦੀਪ ਤੋੜ ਨਾਲ ਨਿਭਾਇਆ ਸੀ।
ਪੀ ਅੰਮ੍ਰਿਤ ਦਾ ਪਿਆਲਾ ਗੁਰ ਤੋਂ,
ਸੱਚ ਦੇ ਰਾਹੀ ਆਇਆ ਸੀ

ਕੁਲਦੀਪ ਕੌਰ (ਦੀਪ ਲੁਧਿਆਣਵੀ

CANADIAN TRUCK TRAINING CENTRE





ਹਰਪਾਲ ਸਿੰਘ ਮਾਨ

ਤਸੱਲੀਬਖਸ਼ ਸੇਵਾਵਾਂ ਲਈ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES
CALL MUNISH TEGI



Mortgage Agent Level1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

## ਕਿਸਾਨ ਦਾ ਗੱਡਾ

# ਵੱਡਾ ਭਰਾ 'ਰਾਜਾ' ਤੇ ਛੋਟਾ ਭਰਾ 'ਮਹਾਰਾਜਾ'...!



ਚਰਨਜੀਤ ਭੁੱਲਰ

ਜਦੋਂ ਦੇਸ਼ 'ਚ ਟਰੈਕਟਰ ਘਣਤਾ ਦੇਖਦੇ ਹਾਂ ਤਾਂ ਜੇ ਵੱਡੇ ਭਰਾ ਦਾ ਰੁਤਬਾ ਰੱਖਣ ਵਾਲਾ ਪੰਜਾਬ 'ਰਾਜਾ' ਹੈ ਤਾਂ ਛੋਟੇ ਭਰਾ ਦੇ ਲਕਬ ਵਾਲਾ ਹਰਿਆਣਾ 'ਮਹਾਰਾਜਾ' ਜਾਪਦਾ ਹੈ। ਕਿਸਾਨੀ ਬੋਲਚਾਲ 'ਚ ਟਰੈਕਟਰ 'ਖੇਤਾਂ ਦਾ ਰਾਜਾ' ਅਖਵਾਉਂਦਾ ਹੈ। ਪੰਜਾਬ ਅਤੇ ਹਰਿਆਣਾ 'ਚ ਬੇਲੋੜੇ ਟਰੈਕਟਰ ਕਿਸਾਨਾਂ ਦਾ ਬੋਝ ਵਧਾ ਰਹੇ ਹਨ ਜਿਨ੍ਹਾਂ ਦੇ ਅੰਕੜੇ ਹੈਰਾਨੀ ਅਤੇ ਫਿਕਰਮੰਦੀ ਕਰਨ ਵਾਲੇ ਹਨ। ਦੇਸ਼ 'ਚ 18.10 ਕਰੋੜ ਹੈਕਟੇਅਰ ਰਕਬਾ ਖੇਤੀ ਹੇਠ ਹੈ ਅਤੇ ਇਸ ਲਿਹਾਜ਼ ਨਾਲ ਪੰਜਾਬ 'ਚ ਖੇਤੀ ਰਕਬਾ ਦੇਸ਼ ਦਾ ਮਹਿਜ਼ 2.33 ਫ਼ੀਸਦੀ ਬਣਦਾ ਹੈ ਪ੍ਰੰਤੂ ਦੇਸ਼ ਦੇ ਕੁੱਲ ਟਰੈਕਟਰਾਂ 'ਚੋਂ ਇਕੱਲੇ ਪੰਜਾਬ ਕੋਲ 5.80 ਫ਼ੀਸਦੀ ਟਰੈਕਟਰ ਹਨ। ਦੇਸ਼ ਦੇ ਖੇਤੀ ਰਕਬੇ 'ਚੋਂ ਹਰਿਆਣਾ ਦਾ ਰਕਬਾ 2.07 ਫ਼ੀਸਦੀ ਬਣਦਾ ਹੈ ਪ੍ਰੰਤੂ ਹਰਿਆਣਾ 'ਚ 6.19 ਫ਼ੀਸਦੀ ਟਰੈਕਟਰ ਹਨ। ਟਰੈਕਟਰਾਂ ਦੀ ਕੌਮੀ ਔਸਤ ਦੇਖੀਏ ਤਾਂ ਦੇਸ਼ 'ਚ 18.10 ਕਰੋੜ ਹੈਕਟੇਅਰ ਰਕਬੇ ਲਈ ਕੁੱਲ 1.09 ਕਰੋੜ ਖੇਤੀ ਟਰੈਕਟਰ ਹਨ। ਮਤਲਬ ਕਿ 16.52 ਹੈਕਟੇਅਰ ਪਿੱਛੇ ਔਸਤਨ ਇੱਕ ਟਰੈਕਟਰ ਬਣਦਾ ਹੈ। ਹਰਿਆਣਾ 'ਚ ਖੇਤੀ ਹੇਠ 37.59 ਲੱਖ ਹੈਕਟੇਅਰ ਰਕਬਾ ਹੈ ਜਿਸ 'ਤੇ 6.78 ਲੱਖ ਟਰੈਕਟਰ ਚੱਲ ਰਹੇ ਹਨ, ਭਾਵ ਕਿ 5.53 ਹੈਕਟੇਅਰ ਰਕਬੇ ਪਿੱਛੇ ਇੱਕ ਟਰੈਕਟਰ ਹੈ।

ਪੰਜਾਬ 'ਚ 42.35 ਲੱਖ ਹੈਕਟੇਅਰ ਰਕਬੇ 'ਤੇ ਖੇਤੀ ਲਈ 6.36 ਲੱਖ ਟਰੈਕਟਰ ਹਨ। ਪੰਜਾਬ 'ਚ 6.65 ਹੈਕਟੇਅਰ ਰਕਬੇ ਪਿੱਛੇ ਇੱਕ ਟਰੈਕਟਰ ਹੈ। ਸਮੁੱਚੇ ਦੇਸ਼ 'ਚੋਂ ਪੰਜਾਬ ਅਤੇ ਹਰਿਆਣਾ ਟਰੈਕਟਰ ਘਣਤਾ ਦੇ ਲਿਹਾਜ਼ ਨਾਲ ਮੋਹਰੀ ਹਨ। ਖੇਤੀ ਅਰਥਚਾਰੇ ਦੇ ਸੰਤੁਲਨ ਲਈ ਏਨੇ ਟਰੈਕਟਰ ਵਾਰਾ ਨਹੀਂ ਖਾਂਦੇ ਹਨ। ਦੂਜੇ ਸੂਬਿਆਂ 'ਤੇ ਤਰਦੀ ਨਜ਼ਰ ਮਾਰੀਏ ਤਾਂ ਮੱਧ ਪ੍ਰਦੇਸ਼ 'ਚ 11.06 ਹੈਕਟੇਅਰ ਪਿੱਛੇ ਇੱਕ ਟਰੈਕਟਰ, ਉੱਤਰ ਪ੍ਰਦੇਸ਼ 'ਚ 8.45 ਹੈਕਟੇਅਰ ਪਿੱਛੇ ਇੱਕ, ਗੁਜਰਾਤ 'ਚ 14.91 ਹੈਕਟੇਅਰ ਪਿੱਛੇ ਇੱਕ, ਕਰਨਾਟਕ 'ਚ 15.04 ਹੈਕਟੇਅਰ ਪਿੱਛੇ ਇੱਕ ਟਰੈਕਟਰ ਅਤੇ ਰਾਜਸਥਾਨ 'ਚ 16.57 ਹੈਕਟੇਅਰ ਪਿੱਛੇ ਔਸਤਨ ਇੱਕ ਟਰੈਕਟਰ ਹੈ। ਪੱਛਮੀ ਬੰਗਾਲ 'ਚ ਤਾਂ 55.47 ਹੈਕਟੇਅਰ 'ਤੇ ਔਸਤਨ ਇੱਕ ਟਰੈਕਟਰ ਚੱਲਦਾ ਹੈ। ਕੌਮੀ ਔਸਤ 16.52 ਹੈਕਟੇਅਰ ਪਿੱਛੇ ਔਸਤਨ ਇੱਕ ਟਰੈਕਟਰ ਦੀ ਹੈ। ਦੇਸ਼ 'ਚ ਕਰੀਬ 21 ਟਰੈਕਟਰ ਕੰਪਨੀਆਂ ਹਨ ਜਿਨ੍ਹਾਂ ਲਈ ਪੰਜਾਬ ਅਤੇ ਹਰਿਆਣਾ ਸੋਨੇ ਦੀ ਖਾਣ ਵਾਂਗ ਹਨ। ਖੇਤੀ ਮਾਹਿਰਾਂ ਮੁਤਾਬਕ ਪੰਜਾਬ 'ਚ ਦੋ ਫ਼ਸਲੀ ਪ੍ਰਣਾਲੀ ਭਾਰੂ ਹੋਣ ਕਰਕੇ ਇੱਕ ਏਕੜ ਦੀ ਖੇਤੀ 'ਚ ਸਾਲਾਨਾ 224 ਘੰਟੇ ਦਾ ਹੀ ਕੰਮ ਰਹਿ ਗਿਆ ਹੈ।

ਖੇਤੀ ਮਸ਼ੀਨਰੀ ਦੀ ਬਹੁਤਾਤ ਕਰਕੇ ਕਰੀਬ ਦੋ ਲੱਖ ਕਿਸਾਨ ਖੇਤੀ 'ਚੋਂ ਬਾਹਰ ਹੋ ਚੁੱਕੇ ਹਨ। ਡਾ. ਸੁਖਪਾਲ ਸਿੰਘ ਵੱਲੋਂ ਸਾਲ 2005 ਵਿੱਚ ਕਿਸਾਨੀ ਕਰਜ਼ੇ 'ਤੇ ਕੀਤੀ ਸਟੱਡੀ 'ਚ ਤੱਥ ਉੱਭਰੇ ਸਨ ਕਿ ਬਿਨਾਂ ਟਰੈਕਟਰਾਂ ਵਾਲੇ ਕਿਸਾਨਾਂ ਨਾਲੋਂ ਟਰੈਕਟਰਾਂ ਵਾਲੇ ਕਿਸਾਨਾਂ ਸਿਰ ਢਾਈ ਗੁਣਾ ਜ਼ਿਆਦਾ ਕਰਜ਼ਾ ਹੈ। ਪੰਜਾਬ ਖੇਤੀ 'ਵਰਸਿਟੀ ਦੇ ਪ੍ਰਮੁੱਖ ਖੇਤੀ ਅਰਥਸ਼ਾਸਤਰੀ ਡਾ. ਗੁਰਜਿੰਦਰ ਸਿੰਘ ਰੋਮਾਣਾ ਨੇ ਕਿਹਾ ਕਿ ਜੇ ਖੇਤੀ ਲਈ ਇੱਕ ਟਰੈਕਟਰ ਸਾਲਾਨਾ ਘੱਟੋ ਘੱਟ ਇੱਕ ਹਜ਼ਾਰ ਘੰਟੇ ਚੱਲਦਾ ਹੈ ਤਾਂ ਹੀ ਵਿੱਤੀ ਤੌਰ 'ਤੇ ਵਾਰਾ ਖਾਂਦਾ ਹੈ ਪ੍ਰੰਤੂ ਪੰਜਾਬ ਵਿੱਚ ਖੇਤੀ ਲਈ ਸਿਰਫ਼ 250 ਘੰਟੇ ਸਾਲਾਨਾ ਹੀ



ਟਰੈਕਟਰ ਚੱਲ ਰਿਹਾ ਹੈ ਜੋ ਘਾਟੇ ਦਾ ਸੌਦਾ ਹੈ। ਕੇਂਦਰ ਸਰਕਾਰ ਨੇ ਸਾਲ 2018 'ਚ ਪਰਾਲੀ ਪ੍ਰਬੰਧਨ ਲਈ ਖੇਤੀ ਮਸ਼ੀਨਰੀ 'ਤੇ ਸਬਸਿਡੀ ਦੇਣੀ ਸ਼ੁਰੂ ਕੀਤੀ ਤਾਂ ਪੰਜਾਬ ਅਤੇ ਹਰਿਆਣਾ 'ਚ ਖੇਤੀ ਸੰਦਾਂ ਤੇ ਵੱਡੇ ਟਰੈਕਟਰਾਂ ਦਾ ਘੜਮੱਸ ਹੀ ਪੈ ਗਿਆ। ਪਰਾਲੀ ਪ੍ਰਬੰਧਨ ਦੇ ਖੇਤੀ ਸੰਦ ਜਿਵੇਂ ਮਲਚਰ, ਵੇਲਰ, ਸੁਪਰਸੀਡਰ ਆਦਿ ਲਈ 50 ਹਾਰਸ ਪਾਵਰ ਤੋਂ ਵੱਧ ਵਾਲਾ ਵੱਡਾ ਟਰੈਕਟਰ ਲੋੜ ਬਣਾ ਦਿੱਤਾ ਗਿਆ। ਕੇਂਦਰ ਦੀ ਸਬਸਿਡੀ ਨੇ ਖੇਤੀ ਸੰਦ ਘਰ-ਘਰ 'ਚ ਤੁੰਨ ਦਿੱਤੇ ਹਨ।

ਜਦੋਂ ਸ਼ਿੰਗਾਰੇ ਹੋਏ ਟਰੈਕਟਰ ਸੜਕਾਂ 'ਤੇ ਦੇਖਦੇ ਹਾਂ ਤਾਂ ਇੱਕ ਵੱਖਰਾ ਪੰਜਾਬ ਨਜ਼ਰ ਪੈਂਦਾ ਹੈ। ਹਾਲਾਂਕਿ ਛੋਟੀ ਤੇ ਦਰਮਿਆਨੀ ਕਿਸਾਨੀ ਦੀ ਕਹਾਣੀ ਵੱਖਰੀ ਹੈ। ਬਠਿੰਡਾ ਦੇ ਪਿੰਡ ਕਰਾੜਵਾਲਾ ਦੇ ਅਗਾਂਹਵਧੂ ਕਿਸਾਨ ਹਰਚਰਨ ਸਿੰਘ ਢਿੱਲੋਂ ਨੇ ਆਖਿਆ ਕਿ ਜਿਨ੍ਹਾਂ ਕਿਸਾਨ ਘਰਾਂ 'ਚ ਨਵੀਂ ਪੀੜੀ ਦਾ ਦਾਬਾ ਹੋ ਗਿਆ ਹੈ, ਉੱਥੇ ਛੋਟੀ ਪੈਲੀ 'ਤੇ ਵੀ ਵੱਡੇ ਟਰੈਕਟਰ ਗੂੰਜ ਰਹੇ ਹਨ। ਉਨ੍ਹਾਂ ਕਿਹਾ ਕਿ ਬੇਲੋੜੀ ਖੇਤੀ ਮਸ਼ੀਨਰੀ ਕਿਸਾਨਾਂ ਦੀ ਕਮਾਈ ਨੂੰ ਚੂਸ ਜਾਂਦੀ ਹੈ, ਉਲਟਾ ਪਰਿਵਾਰ ਕਰਜ਼ੇ 'ਚ ਦੱਬ ਜਾਂਦੇ ਹਨ। ਸੋਚ ਕੇ ਚੱਲਣ ਦੀ ਲੋੜ ਹੈ ਕਿ ਕਿਤੇ ਪੰਜਾਬੀਪੁਣਾ ਜੜ੍ਹੀਂ ਹੀ ਨਾ ਬੈਠ ਜਾਵੇ।ਬਲਦਾਂ ਦੀ ਖੇਤੀ ਵਾਲਾ ਪੰਜਾਬ ਵਾਇਆ ਹਰੀ ਕ੍ਰਾਂਤੀ ਅੱਜ ਟਰੈਕਟਰਾਂ 'ਚ ਮੋਹਰੀ ਬਣ ਬੈਠਾ ਹੈ। ਅਕਾਲੀ ਹਕੂਮਤ ਨੇ ਪੁਰਾਣੇ ਸਮਿਆਂ 'ਚ ਟਰੈਕਟਰ ਨੂੰ 'ਕਿਸਾਨ ਦਾ ਗੱਡਾ' ਕਰਾਰ ਦਿੱਤਾ ਸੀ ਤਾਂ ਜੋ ਫ਼ਜ਼ੂਲ ਟੈਕਸਾਂ ਦਾ ਕਿਸਾਨੀ 'ਤੇ ਬੋਝ ਨਾ ਪਵੇ। ਹੁਣ ਪੰਜਾਬ 'ਚ ਮਹਿੰਦਰਾ, ਜੌਹਨ ਡੀਅਰ, ਸਵਰਾਜ, ਨਿਊ ਹਾਲੈਂਡ ਅਤੇ ਸੋਨਾਲੀਕਾ ਆਦਿ ਟਰੈਕਟਰ ਕੰਪਨੀਆਂ ਦੀ ਚਾਂਦੀ ਬਣੀ ਹੋਈ ਹੈ। ਇੱਕ ਵੇਲੇ ਦੋ ਪੰਜਾਬ ਨਜ਼ਰ ਪੈਂਦੇ ਹਨ, ਇੱਕ ਵੱਡੇ ਵੱਡੇ ਟਾਇਰਾਂ ਵਾਲੇ ਵੱਡੇ ਟਰੈਕਟਰਾਂ ਵਾਲਾ, ਦੂਜਾ ਬਿਨਾਂ ਟਰੈਕਟਰਾਂ ਤੋਂ ਵਾਹੀ ਕਰਦੇ ਕਿਸਾਨਾਂ ਵਾਲਾ ਪੰਜਾਬ।

ਖੇਤੀ ਮਹਿਕਮੇ ਦੇ ਡਾਇਰੈਕਟਰ ਜਸਵੰਤ ਸਿੰਘ ਨੇ ਕਿਹਾ ਕਿ ਕਿਸਾਨ ਘਰਾਂ 'ਚ ਬਹੁਤੇ ਪੁਰਾਣੇ ਟਰੈਕਟਰ ਵੀ ਹਾਲੇ ਖੜ੍ਹੇ ਹਨ ਜਿਨ੍ਹਾਂ ਤੋਂ ਕੰਮ ਨਹੀਂ ਲਿਆ ਜਾ ਰਿਹਾ ਹੈ, ਉਹ ਵੀ ਅੰਕੜੇ ਨੂੰ ਵੱਡਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਖੇਤੀ ਤੋਂ ਇਲਾਵਾ ਕਿਸਾਨ ਢੋਆ-ਢੁਆਈ ਵਾਸਤੇ ਵੀ ਟਰੈਕਟਰ-ਟਰਾਲੀ ਦੀ ਵਰਤੋਂ ਕਰਦੇ ਹਨ।ਸੰਯੁਕਤ ਕਿਸਾਨ ਮੋਰਚਾ ਦੇ ਸੀਨੀਅਰ ਆਗੂ ਰਮਿੰਦਰ ਸਿੰਘ ਪਟਿਆਲਾ ਤਰਕ ਦਿੰਦੇ ਹਨ ਕਿ ਪੰਜਾਬ 'ਚ ਬੇਲੋੜਾ ਮਸ਼ੀਨੀਕਰਨ ਹਰੀ ਕ੍ਰਾਂਤੀ ਦੇ ਵਿਕਾਸ ਮਾਡਲ ਦੀ ਦੇਣ ਹੈ। ਇਹ ਮਾਡਲ ਕਾਰਪੋਰੇਟ ਦੀ ਤਰਫ਼ਦਾਰੀ ਵਾਲਾ ਹੈ ਅਤੇ ਕਿਸਾਨੀ ਕਰਜ਼ੇ ਲਈ ਜ਼ਿੰਮੇਵਾਰ ਇੱਕ ਫੈਕਟਰ ਖੇਤੀ ਮਸ਼ੀਨਰੀ ਦੀ ਬੇਲੋੜੀ ਖ਼ਰੀਦ ਵੀ ਹੈ। ਉਨ੍ਹਾਂ ਕਿਹਾ ਕਿ ਵੱਡੇ ਟਰੈਕਟਰਾਂ ਦਾ ਰੁਝਾਨ ਦੁਆਬੇ ਵਿੱਚ ਵੱਧ ਹੈ ਜਿੱਥੇ ਹਾਲਾਂਕਿ ਜੋਤਾਂ ਛੋਟੀਆਂ ਹਨ।

### ਵੱਡੇ ਟਰੈਕਟਰਾਂ 'ਚ ਪੰਜਾਬ ਨੰਬਰ ਵਨ

ਪੰਜਾਹ ਹਾਰਸ ਪਾਵਰ ਤੋਂ ਵੱਧ ਵਾਲੇ ਵੱਡੇ ਟਰੈਕਟਰਾਂ 'ਚ ਨੰਬਰ ਵਨ ਬਣ ਗਿਆ ਹੈ। ਇੱਥੋਂ ਤੱਕ ਕਿ 75 ਹਾਰਸ ਪਾਵਰ ਤੱਕ ਦੇ ਟਰੈਕਟਰ ਵੀ ਪੰਜਾਬੀ ਖ਼ਰੀਦ ਰਹੇ ਹਨ। ਅਪਰੈਲ-ਮਈ 'ਚ ਦੇਸ਼ ਭਰ 'ਚ 50 ਹਾਰਸ ਪਾਵਰ ਤੋਂ ਵੱਧ ਵਾਲੇ 2796 ਵੱਡੇ ਟਰੈਕਟਰਾਂ ਦੀ ਵਿਕਰੀ ਹੋਈ ਜਿਸ 'ਚੋਂ 565 ਟਰੈਕਟਰ (20.21 ਫ਼ੀਸਦੀ) ਇਕੱਲੇ ਪੰਜਾਬ 'ਚ ਵਿਕੇ। ਅਪਰੈਲ ਤੋਂ ਨਵੰਬਰ 2024 ਦਰਮਿਆਨ 25.46 ਫ਼ੀਸਦੀ ਵੱਡੇ ਟਰੈਕਟਰ ਇਕੱਲੇ ਪੰਜਾਬ 'ਚ ਪੁੱਜੇ ਸਨ।

## -ਲਫ਼ਜ਼-

ਲਫ਼ਜ਼ ਇਨਕਾਰ ਕਰਦੇ ਨੇ ਲਫ਼ਜ਼ ਇਕ਼ਰਾਰ ਕਰਦੇ ਨੇ ,
ਲਫ਼ਜ਼ਾਂ ਦੀ ਗੱਲ ਹੈ ਗਹਿਰੀ, ਗਹਿਰਾ ਹੀ ਵਾਰ ਕਰਦੇ ਨੇ,

ਪੰਨਿਆਂ 'ਤੇ ਉੱਕਰੀ ਵੇਖੀ ਮੈ ਲਫ਼ਜ਼ਾਂ ਦੀ ਮਾਰ ਵੀ ਭੈੜੀ,
ਲਫ਼ਜ਼ ਜਦੋਂ ਅੱਗ ਬਣਦੇ ਨੇ ਤਾਂ ਦੁਨੀਆਂ ਸਾੜ ਧਰਦੇ ਨੇ,

ਇਹਨਾਂ ਲਫ਼ਜ਼ਾਂ 'ਚੋਂ ਉੱਕਰੀ ਹੈ ਪੰਨਿਆਂ 'ਤੇ ਦਰਜ਼ ਜੋ ਬਾਣੀ,
ਲਫ਼ਜ਼ਾਂ 'ਤੇ ਅਮਲ ਜੋ ਕਰਦਾ, ਬੇੜੀ ਇਹ ਪਾਰ ਕਰਦੇ ਨੇ,

ਬੁੱਲ੍ਹਾਂ 'ਚ ਕੈਦ ਨਹੀਂ ਹੁੰਦੇ ਨੈਣਾਂ ਰਾਹੀ ਟਪਕ ਪੈਂਦੇ ਨੇ
ਦਿਲ ਕਿਸੇ ਦਾ ਟੁੱਟਦਾ ਹੈ, ਲਫ਼ਜ਼ ਫਿਰ ਢਾਲ ਬਣਦੇ ਨੇ,

ਲਫਜ਼ ਜਦ ਜੇਲ੍ਹਾਂ ਵਿੱਚ ਡੱਕੇ ਤਾਂ ਇਨਕਲਾਬ ਬਣ ਗਏ ਸੀ,
ਆਜ਼ਾਦੀ ਖਿੱਚ ਲਿਆਉਂਦੇ ਨੇ ਜਦੋਂ ਸਵਾਲ ਬਣਦੇ ਨੇ,

"ਜੋਸਨ" ਮੈਂ ਬਹੁਤ ਵੇਖੇ ਨੇ ਲਫ਼ਜ਼ਾਂ ਦੇ ਰੂਪ ਨੇ ਬਾਹਲੇ
ਲਫ਼ਜ਼ਾਂ ਨਾਲ ਲਫ਼ਜ਼ ਲੜਦੇ ਨੇ, ਕਦੀ ਨਹੀਂ ਹਾਰ ਮੰਨਦੇ ਨੇ,

-ਮਿਹਰਬਾਨ ਸਿੰਘ ਜੋਸਨ -

# ਇੰਡੋ-ਕੈਨੇਡੀਅਨ ਗੌਲਫ਼ ਐਸੋਸੀਏਸ਼ਨ ਨੇ ਖੇਡਾਂ, ਏਕਤਾ ਤੇ ਦਾਨ ਦਾ 25'ਵਾਂ ਸਾਲ ਬੜੇ ਉਤਸ਼ਾਹ ਨਾਲ ਮਨਾਇਆ

## ਵਿਸ਼ਵ-ਪੱਧਰ ਤੇ ਸਥਾਨਕ ਦੇ ਗੌਲਫ਼ਰਾਂ ਨੇ ਕੀਤੀ ਸ਼ਿਰਕਤ ਤੇ ਐਸੋਸੀਏਸ਼ਨ ਨੇ ਟ੍ਰਿਲੀਅਮ ਨੂੰ ਦਾਨ 'ਚ ਦਿੱਤੇ 100,000 ਡਾਲਰ

ਬਰੈਂਪਟਨ, (ਡਾ. ਝੰਡ) - ਇੰਡੋ-ਕੈਨੇਡੀਅਨ ਗੌਲਫ਼ ਐਸੋਸੀਏਸ਼ਨ ਵੱਲੋਂ ਪਿਛਲੇ ਹਫ਼ਤੇ ਆਪਣੀ 25'ਵੀਂ ਵਰ੍ਹੇ-ਗੰਢ 'ਤੇ ਮਸ਼ਹੂਰ ਗਲੈੱਨਕੈਰਨ ਗੌਲਫ਼ ਕਲੱਬ ਵਿਖੇ ਸ਼ਾਨਦਾਰ ਗੌਲਫ਼ ਟੂਰਨਾਮੈਂਟ ਆਯੋਜਿਤ ਕੀਤਾ ਗਿਆ। ਨੀਲੇ ਆਕਾਸ਼ ਦੇ ਸਾਫ਼ ਦਿਨ ਦੀ ਚਮਕੀਲੀ ਧੁੱਪ ਵਿੱਚ ਦੁਨੀਆਂ-ਭਰ ਦੇ ਵੱਖ-ਵੱਖ ਦੇਸ਼ਾਂ ਤੋਂ ਆਏ 228 ਗੌਲਫ਼ ਖਿਡਾਰੀਆਂ ਨੇ ਇਸ ਟੂਰਨਾਮੈਂਟ ਵਿਚ ਭਾਗ ਲਿਆ। ਇਸ ਟੂਰਨਾਮੈਂਟ ਲਈ ਕੁਲ 337 ਖਿਡਾਰੀਆਂ ਵੱਲੋਂ ਆਪਣੇ ਨਾਵਾਂ ਦੀ ਰਜਿਸਟ੍ਰੇਸ਼ਨ ਕਰਵਾਈ ਗਈ ਸੀ। ਖਿਡਾਰੀਆਂ, ਵਾਲੰਟੀਅਰਾਂ, ਸਪਾਂਸਰਾਂ ਤੇ ਮਹਿਮਾਨਾਂ ਦਾ ਸੁਆਗ਼ਤ ਕਰਦਿਆਂ ਐਸੋਸੀਏਸ਼ਨ ਦੇ ਪ੍ਰਧਾਨ ਅਵਤਾਰ ਸਿੰਘ ਬਰਾੜ ਨੇ ਕਿਹਾ, "ਇਹ ਬੜੀ ਖ਼ੁਸ਼ੀ ਵਾਲੀ ਗੱਲ ਹੈ ਕਿ ਇਸ ਟੂਰਨਾਮੈਂਟ ਵਿੱਚ ਏਨੀ ਵੱਡੀ ਗਿਣਤੀ ਵਿੱਚ ਵੱਖ-ਵੱਖ ਦੇਸ਼ਾਂ ਤੋਂ ਭਾਗ ਲੈ ਰਹੇ ਹਨ ਅਤੇ ਇਹ ਟੂਰਨਾਮੈਂਟ ਹੁਣ ਕੇਵਲ ਇੱਕ ਖੇਡ-ਈਵੈਂਟ ਹੀ ਨਹੀਂ ਰਿਹਾ, ਸਗੋਂ ਇਹ ਤਾਂ ਸਾਂਝੇ ਸੱਭਿਆਚਾਰ, ਦੋਸਤੀ, ਕਮਿਊਨਿਟੀ ਦੀ ਸੇਵਾ ਅਤੇ ਦਾਨ ਦਾ ਸੂਚਕ ਬਣ ਗਿਆ ਹੈ।" 1999 ਵਿੱਚ ਸਥਾਪਿਤ ਹੋਈ ਇੰਡੋ-ਕੈਨੇਡੀਅਨ ਐਸੋਸੀਏਸ਼ਨ ਸਾਊਥ ਏਸ਼ੀਅਨ ਦੇਸ਼ਾਂ ਦੇ ਖਿਡਾਰੀਆਂ ਵਿੱਚ ਗੌਲਫ਼ ਨੂੰ ਉਤਸ਼ਾਹਿਤ ਕਰਨ ਲਈ ਹੋਂਦ ਵਿੱਚ ਆਈ ਸੀ। ਇਸ ਦੇ ਨਾਲ ਹੀ ਇਸ ਦਾ ਮੰਤਵ ਚੈਰਿਟੀਆਂ ਲਈ ਦਾਨ ਇਕੱਤਰ ਕਰਨਾ ਵੀ ਨਿਸਚਿਤ ਹੋਇਆ ਸੀ।

ਤੁਰਕਿਸ਼ ਏਅਰਲਾਈਨਜ' ਇਸ ਟੂਰਨਾਮੈਂਟ ਦੀ 'ਪਾਰਟਨਰ ਸਪਾਂਸਰ' ਹੈ ਅਤੇ ਕਲੱਬ-ਲਿੰਕ ਤੇ ਆਈ.ਐੱਫ਼.ਐੱਸ. ਇਸ ਦੀਆਂ 'ਪਰੈਸੈਂਟਿੰਗ ਪਾਰਟਨਰਜ਼' ਹਨ। ਹੋਰ ਸਪਾਂਸਰਾਂ ਵਿੱਚ ਬਰੈਂਪਟਨ ਬਰਿੱਕ, ਪਾਲ ਟ੍ਰਾਂਸਪੋਰਟ, ਡਾਇਮੰਡ ਟ੍ਰੇਲਰਜ਼, ਲਜ਼ੀਜ਼ ਸ਼ਾਵਰਮਾ, ਪਰਵੇਸਾ ਇਨਕਾਰਪੋਰੇਸ਼ਨ, ਸਚਿਨ ਘਈ। ਓਂਕਾਰ ਟਰੈਵਲਜ਼ ਅਤੇ ਮੂਨ ਪੈਲੇਸ ਕੈਨਕੂਨ, ਮੈਕਸੀਕੋ ਸ਼ਾਮਲ ਹਨ। ਟੂਰਨਾਮੈਂਟ ਦੇ ਦਿਨ ਦੀ ਸ਼ੁਰੂਆਤ ਅਮੀਨ ਗਿੱਲ ਵੱਲੋਂ ਕਹੇ ਗਏ ਉਤਸ਼ਾਹੀ ਸੁਆਗ਼ਤੀ ਸ਼ਬਦਾਂ ਨਾਲ ਹੋਈ। ਗੌਲਫ਼ਰਾਂ ਨੇ ਭਾਰਤੀ ਖਾਣਿਆਂ, ਵਿਸ਼ੇਸ਼ ਤੌਰ 'ਤੇ ਸਾਊਥ ਇੰਡੀਅਨ ਤੇ 'ਚਟਕਾਰਾ' ਫ਼ੂਡ-ਸਟੇਸ਼ਨਾਂ ਦੇ ਸੁਆਦਲੇ ਭੋਜਨਾਂ ਦਾ ਅਨੰਦ ਮਾਣਿਆਂ ਜਿਨ੍ਹਾਂ ਵਿੱਚ 'ਪੰਜਾਬੀ ਬਾਏ ਨੇਣਲ ਅਤੇ ਰਾਜੀਵ ਪੁੰਜ ਦੇ ਪਾਨੀ-ਪੂਰੀ, ਚਾਟ-ਪਾਪੜੀ, ਆਦਿ ਵੀ ਸ਼ਾਮਲ ਸਨ। ਵੱਖ-ਵੱਖ ਖਾਣਿਆਂ ਤੇ ਸੱਭਿਆਚਾਰਕ ਵੰਨਗੀਆਂ ਨਾਲ ਇਹ ਟੂਰਨਾਮੈਂਟ ਇੱਕ ਸੱਭਿਆਚਾਰਕ ਮੇਲੇ ਦਾ ਰੂਪ ਧਾਰ ਗਿਆ।



ਟੂਰਨਾਮੈਂਟ ਦਾ ਮੁੱਖ-ਆਕਰਸ਼ਣ 'ਹੋਲ-ਇਨ-ਵੱਨ ਚੈਲਿੰਜ ਸੀ ਜਿਸ ਦੇ ਜੇਤੂ ਖਿਡਾਰੀ ਲਈ 1.4 ਮਿਲੀਅਨ ਡਾਲਰ ਦੀ 'ਲੈਂਬਰਗਿਨੀ' ਕਾਰ ਇਨਾਮ ਵਜੋਂ ਰੱਖੀ ਗਈ ਸੀ। ਭਾਵੇਂ ਕੋਈ ਵੀ ਖਿਡਾਰੀ ਇਸ ਲਗਜ਼ਰੀ ਕਾਰ ਵਾਲਾ ਇਹ ਇਨਾਮ ਹਾਸਲ ਨਾ ਕਰ ਸਕਿਆ ਪਰ ਫਿਰ ਵੀ ਟੂਰਨਾਮੈਂਟ ਵਿੱਚ ਇਹ ਉਨ੍ਹਾਂ ਦੇ ਲਈ ਭਾਰੀ ਉਤਸ਼ਾਹ ਦਾ ਕਾਰਨ ਬਣੀ ਰਹੀ। ਖਿਡਾਰੀਆਂ ਵਿਚਕਾਰ ਮੁਕਾਬਲਾ ਬੜਾ ਸਖ਼ਤ ਬਣਿਆ ਰਿਹਾ। ਇਸ ਵਿੱਚ ਅਮਰਿੰਦਰ ਸਿੰਘ ਕੂਨਰ, ਪੀਟਰ ਮਾਨ, ਜਗਤੇਸ਼ਵਰ ਚਾਹਲ ਤੇ ਸਤਿੰਦਰ ਖਰੌੜ ਚੈਂਪੀਅਨ ਬਣੇ, ਜਦਕਿ ਹੈਰੀ ਸਿੰਘ, ਭਜਨ ਬਸਰਾ, ਜੱਸੀ ਸਿੰਘ ਤੇ ਲੱਕੀ ਸੈਂਡਲ ਰੱਨਰਜ਼-ਅੱਪ ਰਹੇ। 'ਪਿੰਨ ਦੇ ਸੱਭ ਤੋਂ ਨੇੜੇ' ਅਤੇ 'ਸੱਭ ਤੋਂ ਲੰਮੀ ਡਰਾਈਵ' ਦੇ ਜੇਤੂਆਂ ਭਜਨ ਬਸਰਾ ਅਤੇ ਕੇ. ਗਿੱਲ ਨੂੰ ਸਕਿੱਲ ਐਵਾਰਡ ਦਿੱਤੇ ਗਏ। ਤੁਰਕਿਸ਼ ਏਅਰਲਾਈਨਜ਼ ਦੇ ਸੋਲੇਨ ਮੋਲੋਗਲੂ ਨੇ ਇਸ ਮੌਕੇ ਬੋਲਦਿਆਂ ਕਿਹਾ, "ਆਈ.ਸੀ.ਜੀ.ਏ. ਨਾਲ ਸਾਡੀ ਭਾਈਵਾਲੀ ਵਿਸ਼ਵ ਪੱਧਰ 'ਤੇ ਕਮਿਊਨਿਟੀਆਂ ਨੂੰ ਇਕੱਠਿਆਂ ਕਰਨ ਦੇ ਮੰਤਵ ਨੂੰ ਦਰਸਾਉਂਦੀ ਹੈ। ਅਸੀਂ ਇਸ ਮਹੱਤਵਪੂਰਨ ਟੂਰਨਾਮੈਂਟ ਦਾ ਹਿੱਸਾ ਬਣਨ 'ਤੇ ਬੜਾ ਮਾਣ ਮਹਿਸੂਸ ਕਰਦੇ ਹਾਂ।" ਜਦਕਿ ਆਈ.ਐੱਫ਼.ਐੱਸ. ਦੇ ਪਾਲ ਭੁੱਲਰ ਦਾ ਕਹਿਣਾ ਸੀ, "ਇਹ ਬਿਜ਼ਨੈੱਸ ਨਹੀਂ ਹੈ, ਸਗੋਂ ਇਸ ਟੂਰਨਾਮੈਂਟ ਦਾ ਮੰਤਵ ਆਪਸ ਵਿੱਚ ਪ੍ਰੇਮ-ਪਿਆਰ ਦੇ ਤੰਦ ਮੇਲਣ ਅਤੇ ਖੇਡਾਂ ਰਾਹੀਂ ਅਨੇਕਤਾ ਵਿੱਚ ਏਕਤਾ ਪੈਦਾ ਕਰਨਾ ਹੈ।" ਕਈ ਕਮਿਊਨਿਟੀ ਲੀਡਰਾਂ ਨੇ ਇਸ ਮੌਕੇ ਖਿਡਾਰੀਆਂ, ਵਾਲੰਟੀਅਰਾਂ ਤੇ ਪ੍ਰਬੰਧਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ। ਦੇਵ ਸੋਹਲ ਨੇ ਬੋਲਦਿਆਂ ਕਿਹਾ, "ਆਈ.ਸੀ.ਜੀ.ਏ. ਨਾ ਕੇਵਲ ਗੌਲਫ਼ ਵਿੱਚ ਹੀ, ਸਗੋਂ ਕਮਿਊਨਿਟੀ ਸੇਵਾ ਵਿੱਚ ਵੀ ਆਪਣਾ ਨਾਂ ਉੱਚਾ ਕਰ ਰਹੀ ਹੈ। ਮੈਂ ਇਸ ਟੂਰਨਾਮੈਂਟ ਦੀ ਸਮੁੱਚੀ ਟੀਮ ਨੂੰ ਇਸ ਸ਼ੁਭ-ਕਾਰਜ ਲਈ ਵਧਾਈ ਦਿੰਦਾ ਹਾਂ।" ਕਮਿਊਨਿਟੀ ਅੰਬੈਸਡਰ ਰੌਨ ਚੱਠਾ ਨੇ ਕਿਹਾ, "ਬੜੀ ਖ਼ੁਸ਼ੀ ਵਾਲੀ ਗੱਲ ਹੈ ਕਿ ਕਮਿਊਨਿਟੀ ਦੇ ਇਸ ਸੰਜੀਦਾ ਗਰੁੱਪ ਨੇ ਇਸ ਦਿਸ਼ਾ ਵਿੱਚ 25 ਸਾਲ ਪੂਰੇ ਕਰ ਲਏ ਹਨ। ਇਹ ਟੂਰਨਾਮੈਂਟ ਬੜੇ ਵਧੀਆ ਢੰਗ ਨਾਲ ਸੰਪੰਨ ਹੋਇਆ ਹੈ।" ਰੀਜਨਲ ਕੌਂਸਲਰ ਗੁਰਪਰਤਾਪ ਸਿੰਘ ਤੂਰ ਦਾ ਇਸ ਮੌਕੇ ਕਹਿਣਾ ਸੀ, "ਇਹ ਟੂਰਨਾਮੈਂਟ ਏਕਤਾ, ਵਾਲੰਟੀਅਰਸ਼ਿਪ ਅਤੇ ਕਮਿਊਨਿਟੀ ਲੀਡਰਸ਼ਿਪ ਦਾ ਸੂਚਕ ਹੈ।

ਟੂਰਨਾਮੈਂਟ ਦੇ ਅਖ਼ੀਰ ਵਿੱਚ ਆਈ.ਸੀ.ਜੀ.ਏ. ਵੱਲੋਂ ਟ੍ਰਿਲੀਅਮ ਹੈੱਲਥ ਪਾਰਟਨਰ (ਟੀ.ਐੱਚ.ਪੀ.) ਨੂੰ 100,000 ਡਾਲਰ ਦਾ ਚੈੱਕ ਭੇਂਟ ਕੀਤਾ ਗਿਆ। ਟੀ.ਐੱਚ.ਪੀ. ਵੱਲੋਂ ਬੋਲਦਿਆਂ ਟੂਬਾ ਨਾਸਿਰ ਨੇ ਕਿਹਾ, "ਆਈ.ਸੀ.ਜੀ.ਏ. ਵੱਲੋਂ ਦਾਨ ਵਿੱਚ ਦਿੱਤੀ ਗਈ ਇਹ ਰਾਸ਼ੀ ਟ੍ਰਿਲੀਅਮ ਵਿਖੇ ਮਰੀਜ਼ਾਂ ਦੇ ਇਲਾਜ ਅਤੇ ਬੀਮਾਰੀਆਂ ਦੀ ਖੋਜ ਲਈ ਵਰਤੀ ਜਾਏਗੀ। ਅਸੀਂ ਹੈੱਲਥਕੇਅਰ ਲਈ ਆਈ.ਸੀ.ਜੀ.ਏ. ਦੇ ਅਤੀ ਧੰਨਵਾਦੀ ਹਾਂ।" ਆਈ.ਸੀ.ਜੀ.ਏ. ਦੇ ਡਾਇਰੈਕਟਰ ਪਬਲਿਕ ਰੀਲੇਸ਼ਨਜ਼ ਗਿਅਨ ਪਾਲ ਨੇ ਇਸ ਮੌਕੇ ਬੋਲਦਿਆਂ ਕਿਹਾ, "ਅਸੀਂ ਹਰੇਕ ਗੌਲਫ਼ਰ, ਵਾਲੰਟੀਅਰ, ਸਪਾਂਸਰ ਅਤੇ ਸਪੋਰਟਰ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਟੂਰਨਾਮੈਂਟ ਨੂੰ ਸਫ਼ਲ ਈਵੈਂਟ ਬਨਾਉਣ ਵਿੱਚ ਸਾਡੀ ਮਦਦ ਕੀਤੀ ਹੈ। ਆਈ.ਸੀ.ਜੀ.ਏ. ਨੇ 25 ਵਰ੍ਹਿਆਂ ਦਾ ਸਫ਼ਰ ਤੈਅ ਕਰ ਲਿਆ ਹੈ ਅਤੇ ਇਹ ਇਸ ਦੀ ਸ਼ੁਰੂਆਤ ਹੈ। ਅਜੇ ਤਾਂ ਇਸ ਨੇ ਬਹੁਤ ਲੰਮਾਂ ਪੈਂਡਾ ਤੈਅ ਕਰਨਾ ਹੈ। ਅਸੀਂ ਸਾਰੇ ਮਿਲ ਕੇ ਇੱਕ ਰਵਾਇਤ ਕਾਇਮ ਕਰ ਰਹੇ ਹਾਂ।"

# ਡਾ. ਬਲਜਿੰਦਰ ਸੇਖੋਂ ਨੂੰ ਦਿੱਤੀ ਗਈ ਪ੍ਰਭਾਵਸ਼ਾਲੀ ਤੇ ਭਾਵ-ਭਿੰਨੀ ਸ਼ਰਧਾਂਜਲੀ

ਬਰੈਂਪਟਨ, (ਡਾ. ਝੰਡ) -ਡਾ. ਬਲਜਿੰਦਰ ਸਿੰਘ ਸੇਖੋਂ ਜੋ 30 ਜੂਨ ਨੂੰ ਪੰਜਾਬ ਦੇ ਬਠਿੰਡਾ ਵਿਖੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ, ਨੂੰ ਯਾਦ ਕਰਦਿਆਂ ਐਤਵਾਰ 27 ਜੁਲਾਈ ਨੂੰ 'ਐੱਮਬੈਸੀ ਗਰੈਂਡ ਕਨਵੈੱਨਸ਼ਨ ਸੈਂਟਰ' ਵਿੱਚ ਰੱਖੇ ਗਏ ਸ਼ਰਧਾਂਜਲੀ ਸਮਾਗ਼ਮ ਵਿੱਚ ਬਰੈਂਪਟਨ ਦੀਆਂ ਸਾਹਿਤਕ, ਸਮਾਜਿਕ, ਸੱਭਿਆਚਾਰਕ ਤੇ ਹੋਰ ਕਈ ਜੱਥੇਬੰਦੀਆਂ ਵੱਲੋਂ ਭਾਵਪੂਰਤ ਸ਼ਰਧਾਂਜਲੀ ਭੇਂਟ ਕੀਤੀ ਗਈ। ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਕਿੱਤੇ ਵਜੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਲੰਮਾਂ ਸਮਾਂ ਰਹੇ ਕੀਟ-ਵਿਗਿਆਨ ਦੇ ਪ੍ਰੋਫ਼ੈਸਰ, ਸੋਚ ਪੱਖੋਂ ਤਰਕਸ਼ੀਲ ਅਤੇ ਸ਼ੌਕ ਵਜੋਂ ਲੇਖਕ ਤੇ ਪੱਤਰਕਾਰ ਡਾ. ਬਲਜਿੰਦਰ ਸੇਖੋਂ ਦੇ ਇਸ ਪ੍ਰਭਾਵਸ਼ਾਲੀ ਸਰਧਾਂਜਲੀ ਵਿੱਚ ਬਰੈਂਪਟਨ ਦੀਆਂ ਦਰਜਨ ਤੋਂ ਵਧੇਰੇ ਜੱਥੇਬੰਦੀਆਂ ਦੇ ਆਗੂਆਂ ਅਤੇ ਅਹਿਮ ਸ਼ਖ਼ਸੀਅਤਾਂ ਨੇ ਸਮਾਗ਼ਮ 'ਚ ਸ਼ਾਮਲ ਸਰੋਤਿਆਂ ਨੂੰ ਸੰਬੋਧਨ ਕੀਤਾ।



ਬੁਲਾਰਿਆਂ ਵਿੱਚ ਮੁੱਖ ਤੌਰ 'ਤੇ ਤਰਕਸ਼ੀਲ (ਰੈਸ਼ਨੇਲਿਸਟ) ਸੁਸਾਇਟੀ ਕੈਨੇਡਾ ਦੇ ਕੌਮੀ ਪ੍ਰਧਾਨ ਬਲਦੇਵ ਰਹਿਪਾ, ਮੀਤ-ਪ੍ਰਧਾਨ ਬਲਵਿੰਦਰ ਸਿੰਘ ਬਰਨਾਲਾ, ਅਮਰਦੀਪ, ਸੋਹਨ ਢੀਂਡਸਾ, 'ਪੰਜਾਬੀ ਕਲਮਾਂ ਦਾ ਕਾਫ਼ਲਾ' ਤੋਂ ਕੁਲਵਿੰਦਰ ਖਹਿਰਾ, 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਤੋਂ ਮਲੂਕ ਸਿੰਘ ਕਾਹਲੋਂ, 'ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼' ਤੋਂ ਜੰਗੀਰ ਸਿੰਘ ਸੈਂਹਬੀ, 'ਸਰੋਕਾਰਾਂ ਦੀ ਆਵਾਜ਼' ਤੋਂ ਹਰਬੰਸ ਸਿੰਘ, ਕੈਨੇਡੀਅਨ ਪੰਜਾਬੀ ਕਲਚਰਲ ਸੋਸਾਇਟੀ ਓਨਟਾਰੀਓ ਤੋਂ ਡਾ. ਹਰਦੀਪ ਸਿੰਘ ਅਟਵਾਲ, 'ਪੰਜਾਬੀ ਸੱਭਿਆਚਾਰ ਮੰਚ' ਤੋਂ ਬਲਦੇਵ ਸਿੰਘ ਸਹਿਦੇਵ, 'ਪੰਜਾਬੀ ਯੂਨੀਵਰਸਿਟੀ ਪਟਿਆਲਾ ਅਲੂਮਿਨੀ ਐਸੋਸੀਏਸ਼ਨ ਤੋਂ ਪਰਮਜੀਤ ਸਿੰਘ ਗਿੱਲ, 'ਪੰਜਾਬ ਆਰਟਸ ਐਸੋਸੀਏਸ਼ਨ ਤੇ ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ' ਤੋਂ ਕੁਲਦੀਪ ਸਿੰਘ ਰੰਧਾਵਾ, 'ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਐਸੋਸੀਏਸ਼ਨ' ਤੋਂ ਪ੍ਰੋ. ਜਗੀਰ ਸਿੰਘ ਕਾਹਲੋਂ, 'ਰੇਡੀਓ ਸਰਗਮ' ਦੇ ਸੰਚਾਲਕ ਡਾ. ਬਲਵਿੰਦਰ ਧਾਲੀਵਾਲ, ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਸਮਾਜ-ਸੇਵਕ ਇੰਦਰਜੀਤ ਸਿੰਘ ਬੱਲ, ਡਾ. ਸੇਖੋਂ ਦੇ ਦੋਸਤ ਤੇ ਕਈ ਹੋਰ ਸ਼ਾਮਲ ਸਨ। ਉਨ੍ਹਾਂ ਵੱਲੋਂ ਡਾ. ਸੇਖੋਂ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ ਨੂੰ ਬਾਖ਼ੂਬੀ ਯਾਦ ਕੀਤਾ ਗਿਆ। ਰੇਡੀਓ 'ਪੰਜਾਬ ਦੀ ਗੂੰਜ' ਦੇ ਸੰਚਾਲਕ ਕੁਲਦੀਪ ਦੀਪਕ ਜੋ ਉਸ ਦਿਨ ਬਰੈਂਪਟਨ ਤੋਂ ਬਾਹਰ ਹੋਣ ਕਾਰਨ ਸ਼ਰਧਾਂਜਲੀ ਸਮਾਗ਼ਮ ਵਿੱਚ ਸ਼ਾਮਲ ਨਾ ਹੋ ਸਕੇ, ਨੇ ਆਪਣਾ ਸ਼ੋਕ-ਸੁਨੇਹਾ ਬਲਦੇਵ ਰਹਿਪਾ ਨੂੰ ਵੱਟਸੈਪ 'ਤੇ ਆਡੀਓ ਮੈਸੇਜ ਰਾਹੀਂ ਭੇਜਿਆ। ਇਸ ਦੌਰਾਨ ਦੇਸ਼-ਵਿਦੇਸ਼ ਤੋਂ ਹੋਰ ਵੀ ਕਈ ਸ਼ੋਕ-ਸੰਦੇਸ਼ ਪਹੁੰਚੇ ਜੋ ਸਟੇਜ-ਸਕੱਤਰ ਅਮਰਦੀਪ ਵੱਲੋਂ ਪੜ੍ਹ ਕੇ ਸੁਣਾਏ ਗਏ। ਸ਼ੋਕ ਸਮਾਗਮ ਵਿਚ ਸਾਮਲ ਹੋਏ ਡਾ: ਸੇਖੋਂ ਦੇ ਪਰਿਵਾਰਿਕ ਮੈਂਬਰਾਂ ਵੱਲੋਂ ਉਹਨਾਂ ਦੀ ਨੂੰਹ ਕਮਲ ਸੇਖੋਂ ਨੇ ਸਮਾਗ਼ਮ ਵਿਚ ਪਹੁੰਚੇ ਡਾ. ਸੇਖੋਂ ਦੇ ਸੱਭਨਾਂ ਹਿਤੈਸ਼ੀਆਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਦੀ ਸੋਚ ਤੇ ਮਿਸ਼ਨ ਨੂੰ ਜਾਰੀ ਰੱਖਣ ਦੀ ਅਪੀਲ ਕੀਤੀ। ਇਸ ਮੌਕੇ ਅਗਾਂਹ-ਵਧੂ ਸਾਹਿਤ ਦੀ ਪ੍ਰਦਰਸ਼ਨੀ ਵੀ ਲਗਾਈ ਗਈ ਅਤੇ ਡਾ. ਸੇਖੋਂ ਦੀਆ ਲਿਖੀਆਂ ਹੋਈਆਂ ਪੁਸਤਕਾਂ ਵੀ ਪੜ੍ਹਨ ਦੀ ਅਪੀਲ ਕੀਤੀ। ਵੱਡੀ ਗਿਣਤੀ ਵਿੱਚ ਸੱਜਣ-ਸਨੇਹੀਆਂ ਤੇ ਪਤਵੰਤਿਆਂ ਵੱਲੋਂ ਇਸ ਸ਼ੋਕ-ਸਮਾਗ਼ਮ ਵਿੱਚ ਹਾਜ਼ਰੀ ਲਵਾਈ ਗਈ। ਬਲਦੇਵ ਸਿੰਘ ਰਹਿਪਾ ਵੱਲੋਂ ਸਮੂਹ ਜੱਥੇਬੰਦੀਆਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਵਧੀਆ ਸੇਵਾਵਾਂ ਦੇਣ ਲਈ ਉਨ੍ਹਾਂ ਨੇ ਐੱਮਬੈਸੀ ਗਰੈਂਡ ਕਨਵੈੱਨਸ਼ਨ ਸੈਂਟਰ ਦੇ ਪ੍ਰਬੰਧਕਾਂ ਦਾ ਵੀ ਧੰਨਵਾਦ ਕੀਤਾ।

# ਰਾਇਲ ਲਿੰਕਸ ਸਰਕਲ ਵਾਸੀਆਂ ਨੇ ਬੜੇ ਉਤਸ਼ਾਹ ਨਾਲ ਮਨਾਇਆ ਆਪਣਾ ਸਲਾਨਾ ਪੰਜਾਬੀ ਸੱਭਿਆਚਾਰਕ ਸਮਾਗਮ

ਬਰੈਂਪਟਨ, (ਡਾ. ਝੰਡ) - ਬਰੈਂਪਟਨ ਸ਼ਹਿਰ ਦੇ 'ਰਾਇਲ ਲਿੰਕਸ ਸਰਕਲ' ਵਿਚ ਪੰਜਾਬੀ ਤੇ ਕੁਝ ਗੈਰ ਪੰਜਾਬੀ 60 ਦੇ ਕਰੀਬ ਘਰਾਂ ਦੀ ਵਸੋਂ ਹੈ ਜਿਸ ਵਿਚ ਹਰ ਸਾਲ ਵਾਂਗ ਇਸ ਵਾਰ 27 ਜੁਲਾਈ ਨੂੰ 10ਵਾਂ ਸਾਲਾਨਾ ਪੰਜਾਬੀ ਪਰਿਵਾਰਾਂ ਦਾ ਸੱਭਿਆਚਾਰਕ ਸਮਾਗਮ ਕੀਤਾ ਗਿਆ। ਇਸ ਸਮਾਗਮ ਦਾ ਉਦੇਸ਼ ਸਰਕਲ ਦੇ ਸਾਰੇ ਪਰਿਵਾਰਾਂ ਵਿਚ ਪਿਆਰ ਦੀਆਂ ਸਾਝਾਂ ਸਥਾਪਤ ਕਰਨ, ਹਰ ਪਰਿਵਾਰ ਦੇ ਦੁੱਖ-ਸੁੱਖ ਵਿਚ ਸ਼ਾਮਲ ਹੋਣ ਅਤੇ ਮੇਲ-ਜੋਲ ਦੀ ਭਾਵਨਾ ਬਣਾਈ ਰੱਖਣ ਦਾ ਨਿਸ਼ਾਨਾ ਹੁੰਦਾ ਹੈ। ਹਰ ਸਾਲ ਵਾਂਗ ਇਸ ਵਾਰ ਵੀ ਇੱਕ ਸੜਕ 'ਤੇ ਟੈਂਟ ਲਾਏ ਗਏ ਅਤੇ ਕੁਰਸੀਆਂ-ਮੇਜ਼ ਸਜਾਏ ਗਏ। ਸਾਰੇ ਪਰਿਵਾਰਾਂ ਦੇ ਮਾਈ-ਭਾਈ ਸੁੰਦਰ ਪੁਸ਼ਾਕਾਂ ਵਿਚ, ਹੁੰਮ-ਹੁੰਮਾ ਕੇ ਪਹੁੰਚੇ। ਬਾਰ-ਬੀਕਿਊ ਅਤੇ ਖਾਣ ਪੀਣ ਦੇ ਬਹੁ- ਭਾਂਤੇ ਬੇਅੰਤ ਸੁਆਦਲੇ ਪਦਾਰਥਾਂ ਦਾ ਅਤੁੱਟ ਲੰਗਰ ਤਿਆਰ ਕੀਤਾ ਗਿਆ ਤੇ ਛਕਾਇਆ ਗਿਆ। ਮਨੋਰੰਜਨ ਲਈ ਸਪੀਕਰ 'ਤੇ ਸੱਭਿਆਚਾਰਕ ਗਾਣੇ ਵੱਜਦੇ ਰਹੇ। ਪੰਜਾਬੀ ਦੇ ਪ੍ਰਸਿੱਧ ਗਾਇਕ ਉਪਕਾਰ ਸਿੰਘ ਨੇ ਆਪਣੀ ਮਿੱਠੀ, ਪਿਆਰੀ ਤੇ ਸੋਧੀ ਹੋਈ ਅਵਾਜ਼ ਦੁਆਰਾ ਗੀਤ ਤੇ ਗਜ਼ਲਾਂ ਸੁਣਾ ਕੇ ਸਰੋਤਿਆਂ ਨੂੰ ਨਿਹਾਲ ਕੀਤਾ। ਸੰਨੀ ਤੇ ਗੁਰਬਿੰਦਰ ਸਿੰਘ ਨੇ ਹਾਸਰਸ ਆਈਟਮਾਂ ਨਾਲ ਖ਼ੂਬ ਰੰਗ ਬੰਨ੍ਹਿਆਂ। ਨਿੱਕੇ-ਨਿੱਕੇ ਬੱਚਿਆਂ ਨਾਨਕ ਸਿੰਘ ਤੇ ਏਕਮ ਸਿੰਘ ਨੇ ਗੀਤ ਸੁਣਾਏ। ਪ੍ਰੋੜ-ਲੇਖਕ ਪੂਰਨ ਸਿੰਘ ਪਾਂਧੀ ਵੱਲੋਂ ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕੀਤੇ ਗਏ। ਪੰਜਾਬ ਦੇ ਪ੍ਰਸਿੱਧ ਲੀਡਰ, ਸਾਬਕਾ ਸਰਪੰਚ ਅਤੇ ਜ਼ਿਲੇ ਦੇ ਮਹਿਬੂਬ ਚੇਅਰਮੈਨ ਹਰਨੇਕ ਸਿੰਘ ਔਜਲਾ ਨੇ ਸਟੇਜ-ਸੈਕਟਰੀ ਦੀ ਅਹਿਮ ਜ਼ਿੰਮੇਵਾਰੀ ਪੂਰੀ ਲਿਆਕਤ ਨਾਲ਼ ਨਿਭਾਈ।

ਸਮਾਗਮ ਦੇ ਸੁਘੜ ਸੁਜਾਨ ਮੁੱਖ-ਸੇਵਾਦਾਰ ਧਰਮਪਾਲ ਸਿੰਘ ਸੰਧੂ ਦੀ ਸੁਚੱਜੀ ਅਗਵਾਈ ਵਿਚ ਜਿਨ੍ਹਾਂ ਹਸਤੀਆਂ ਨੇ ਸਮਾਗ਼ਮ ਨੂੰ ਸੁਆਦਲਾ ਤੇ ਰੋਚਕ ਬਨਾਉਣ ਲਈ ਤਨ ਮਨ ਤੇ ਧਨ ਦੁਆਰਾ ਪੂਰੀ ਲਗਨ ਤੇ ਮਿਹਨਤ ਨਾਲ ਆਪਣੇ ਹੱਥੀਂ ਸੇਵਾ ਕੀਤੀ, ਉਹ ਹਨ: ਹਰਿੰਦਰ ਸਿੰਘ, ਨਵਤੇਜ ਸਿੰਘ, ਕੁਲਦੀਪ ਸਿੰਘ ਬਰਾੜ, ਬਲਵਿੰਦਰ ਸਿੰਘ ਹੇਅਰ, ਜਸਵਿੰਦਰ ਸਿੰਘ ਬੋਪਾਰਾਇ. ਸੋਹਨ ਸਿੰਘ ਢੀਂਡਸਾ, ਬਲਵਿੰਦਰ ਸਿੰਘ ਸਹੋਤਾ ਤੇ ਕਈ ਹੋਰ ਜਿੰਨ੍ਹਾ ਨੇ ਇਸ ਮਹਾਨ ਯੱਗ ਦੀ ਸੇਵਾ ਵਿਚ ਯੋਗ ਦਾਨ ਪਾਇਆ। ਸਵੇਰੇ ਦਸ ਵਜੇ ਤੋਂ ਸ਼ਾਮ ਪੰਜ ਵਜੇ ਤੱਕ ਸਮਾਗ਼ਮ ਵਿੱਚ ਰੰਗੀਲਾ, ਨਸ਼ੀਲਾ ਤੇ ਮਹਿਕਦਾ ਮਾਹੌਲ ਬਣਿਆਂ ਰਿਹਾ।

ਇਸ ਸਲਾਨਾ ਸਮਾਗਮ ਦੀ ਸੱਭ ਤੋਂ ਵਿਸ਼ੇਸ਼ ਗੱਲ ਇਹ ਹੁੰਦੀ ਹੈ:

1. ਸਮਾਗਮ ਦੇ ਖ਼ਰਚ ਲਈ ਕਦੇ ਕੋਈ ਉਗਰਾਹੀ ਨਹੀਂ ਕੀਤੀ ਜਾਂਦੀ ਅਤੇ ਦਾਨੀ ਪਰਿਵਾਰ ਆਪਣੇ ਆਪ ਮਾਇਆ ਅਰਪਣ ਕਰਦੇ ਹਨ।
2. ਸਮਾਗ਼ਮ ਵਿੱਚ 'ਪੁੰਗਰਦੀ ਪਨੀਰੀ' (ਬੱਚਿਆਂ) ਨੂੰ ਪੰਜਾਬੀ ਸੱਭਿਆਚਾਰ ਨਾਲ਼ ਜੁੜੇ ਰਹਿਣ ਲਈ ਕਿਸੇ ਵੀ ਪੰਜਾਬੀ ਰਚਨਾ ਦੀ ਪੇਸ਼ਕਾਰੀ ਲਈ ਉਤਸ਼ਾਹਤ ਕੀਤਾ ਜਾਂਦਾ ਅਤੇ ਇਨਾਮ ਦਿੱਤੇ ਜਾਂਦੇ ਹਨ।
3. ਸਮਾਗ਼ਮ ਦੇ ਅੰਤ 'ਤੇ ਬੀਬੀਆਂ ਗਿੱਧਾਂ ਪਾਉਂਦੀਆਂ ਅਤੇ ਤੀਆਂ ਵਰਗਾ ਰੰਗ ਬੰਨ੍ਹਦੀਆਂ ਹਨ।
4. ਸਮਾਗਮ ਦੌਰਾਨ ਹਰ ਪ੍ਰਕਾਰ ਦੇ ਨਸ਼ੇ-ਪੱਤੇ ਦੀ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ ਹੁੰਦੀ ਹੈ।

GTA Plumbing & Electrical Supplies
GTA Plumbing & Electrical Supplies

ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ


ਨਸ਼ਾ ਛੁਡਾਓ
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ

ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234

Jaswinder Khosa
416-894-9400
1332 Khalsa Drive Unit 12

# ਸਿਹਤ ਨਾਲ ਜੁੜੀਆਂ ਕਈ ਪਰੇਸ਼ਾਨੀਆਂ ਤੋਂ ਛੁਟਕਾਰਾ ਦਿਵਾਏਗੀ 'ਕੇਲੇ ਦੇ ਛਿਲਕੇ' ਵਾਲੀ ਚਾਹ



ਤੁਸੀਂ ਪਹਿਲਾਂ ਹੀ ਜਾਣਦੇ ਹੋ ਕਿ ਕੇਲਾ ਸਿਹਤ ਲਈ ਕਿੰਨਾ ਫਾਇਦੇਮੰਦ ਹੈ ਪਰ ਕੀ ਤੁਸੀਂ ਜਾਣਦੇ ਹੋ ਕਿ ਇਸ ਦਾ ਛਿਲਕਾ ਵੀ ਓਨਾ ਹੀ ਫਾਇਦੇਮੰਦ ਹੈ। ਇਸ ਲਈ ਕੇਲੇ ਦੇ ਛਿਲਕੇ ਵਾਲੀ ਚਾਹ ਪੀਣ ਨਾਲ ਕਈ ਸਿਹਤ ਲਾਭ ਮਿਲਦੇ ਹਨ। ਦਰਅਸਲ, ਕੇਲੇ ਦੇ ਛਿਲਕੇ ਵਿੱਚ ਵਿਟਾਮਿਨ-ਬੀ6, ਵਿਟਾਮਿਨ-ਸੀ, ਪੋਟਾਸ਼ੀਅਮ, ਮੈਗਨੀਸ਼ੀਅਮ, ਫਾਈਬਰ ਅਤੇ ਐਂਟੀਆਕਸੀਡੈਂਟ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਇਹ ਸਾਰੇ ਤੱਤ ਸਰੀਰ ਲਈ ਬਹੁਤ ਫਾਇਦੇਮੰਦ ਹੁੰਦੇ ਹਨ ਅਤੇ ਇਮਿਊਨਿਟੀ ਵਧਾਉਂਦੇ ਹਨ। ਇਸ ਲਈ ਇਸ ਦੀ ਚਾਹ ਪੀਣ ਨਾਲ ਕਈ ਬਿਮਾਰੀਆਂ ਨੂੰ ਰੋਕਣ ਵਿੱਚ ਮਦਦ ਮਿਲਦੀ ਹੈ। ਆਓ ਜਾਣਦੇ ਹਾਂ ਕੇਲੇ ਦੇ ਛਿਲਕੇ ਵਾਲੀ ਚਾਹ ਪੀਣ ਦੇ ਫਾਇਦੇ ਅਤੇ ਇਸ ਨੂੰ ਕਿਵੇਂ ਬਣਾਇਆ ਜਾਵੇ।

**ਤਣਾਅ ਅਤੇ ਚਿੰਤਾ ਨੂੰ ਕਰੇ ਘੱਟ**

ਕੇਲੇ ਦੇ ਛਿਲਕੇ ਵਿੱਚ ਟ੍ਰਿਪਟੋਫੈਨ ਨਾਮਕ ਇੱਕ ਅਮੀਨੋ ਐਸਿਡ ਹੁੰਦਾ ਹੈ, ਜੋ ਸੇਰੋਟੋਨਿਨ ਹਾਰਮੋਨ ਨੂੰ ਵਧਾਉਂਦਾ ਹੈ। ਇਸ ਨਾਲ ਮੂਡ ਚੰਗਾ ਰਹਿੰਦਾ ਹੈ ਅਤੇ ਤਣਾਅ ਘੱਟ ਹੁੰਦਾ ਹੈ।

**ਨੀਂਦ ਦੀ ਸਮੱਸਿਆ ਨੂੰ ਕਰੇ ਦੂਰ**

ਇਸ ਚਾਹ ਵਿੱਚ ਮੌਜੂਦ ਮੈਗਨੀਸ਼ੀਅਮ ਅਤੇ ਪੋਟਾਸ਼ੀਅਮ ਮਾਸਪੇਸ਼ੀਆਂ ਨੂੰ ਆਰਾਮ ਦਿੰਦਾ ਹੈ, ਜੋ ਚੰਗੀ ਨੀਂਦ ਲੈਣ ਵਿੱਚ ਮਦਦ ਕਰਦਾ ਹੈ। ਰਾਤ ਨੂੰ ਸੌਣ ਤੋਂ ਪਹਿਲਾਂ ਇਸ ਚਾਹ ਨੂੰ ਪੀਣਾ ਫਾਇਦੇਮੰਦ ਹੁੰਦਾ ਹੈ।

**ਪਾਚਨ ਪ੍ਰਣਾਲੀ ਨੂੰ ਬਣਾਉਂਦਾ ਹੈ ਮਜ਼ਬੂਤ**

ਕੇਲੇ ਦੇ ਛਿਲਕੇ ਵਿੱਚ ਖੁਰਾਕੀ ਫਾਈਬਰ ਹੁੰਦਾ ਹੈ, ਜੋ ਪਾਚਨ ਪ੍ਰਣਾਲੀ ਨੂੰ ਸਿਹਤਮੰਦ ਰੱਖਦਾ ਹੈ। ਇਹ ਕਬਜ਼, ਗੈਸ ਅਤੇ ਐਸਿਡਿਟੀ ਦੀਆਂ ਸਮੱਸਿਆਵਾਂ ਤੋਂ ਰਾਹਤ ਦਿੰਦਾ ਹੈ।

**ਬਲੱਡ ਪ੍ਰੈਸ਼ਰ ਨੂੰ ਕਰਦਾ ਹੈ ਕੰਟਰੋਲ**

ਪੋਟਾਸ਼ੀਅਮ ਦੀ ਜ਼ਿਆਦਾ ਮਾਤਰਾ ਦੇ ਕਾਰਨ, ਇਹ ਚਾਹ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦੀ ਹੈ।

**ਭਾਰ ਘਟਾਉਣ 'ਚ ਮਦਦਗਾਰ**

ਇਸ ਚਾਹ ਵਿੱਚ ਕੈਲੋਰੀ ਘੱਟ ਅਤੇ ਫਾਈਬਰ ਜ਼ਿਆਦਾ ਹੁੰਦਾ ਹੈ, ਜੋ ਭੁੱਖ ਨੂੰ ਕੰਟਰੋਲ ਕਰਦਾ ਹੈ ਅਤੇ ਭਾਰ ਘਟਾਉਣ ਵਿੱਚ ਮਦਦ ਕਰਦਾ ਹੈ।

**ਚਮੜੀ ਲਈ ਫਾਇਦੇਮੰਦ**

ਐਂਟੀਆਕਸੀਡੈਂਟ ਅਤੇ ਵਿਟਾਮਿਨ-ਸੀ ਦੀ ਮੌਜੂਦਗੀ ਦੇ ਕਾਰਨ, ਇਹ ਚਾਹ ਚਮੜੀ ਨੂੰ ਚਮਕਦਾਰ ਬਣਾਉਂਦੀ ਹੈ ਅਤੇ ਝੁਰੜੀਆਂ ਨੂੰ ਘਟਾਉਂਦੀ ਹੈ।

**ਦਿਲ ਦੀ ਸਿਹਤ ਲਈ ਫਾਇਦੇਮੰਦ**

ਇਹ ਚਾਹ ਕੋਲੈਸਟ੍ਰੋਲ ਨੂੰ ਘਟਾਉਂਦੀ ਹੈ ਅਤੇ ਦਿਲ ਦੀਆਂ ਬਿਮਾਰੀਆਂ ਦੇ ਜੋਖਮ ਨੂੰ ਵੀ ਘਟਾਉਂਦੀ ਹੈ।

ਕੇਲੇ ਦੇ ਛਿਲਕੇ ਦੀ ਚਾਹ ਕਿਵੇਂ ਬਣਾਈਏ?

* ਕੇਲੇ ਦੇ ਛਿਲਕੇ ਨੂੰ ਚੰਗੀ ਤਰ੍ਹਾਂ ਧੋਵੋ।
* ਛਿਲਕੇ ਨੂੰ ਛੋਟੇ ਟੁਕੜਿਆਂ ਵਿੱਚ ਕੱਟੋ।
* ਇੱਕ ਭਾਂਡੇ ਵਿੱਚ ਦੋ ਕੱਪ ਪਾਣੀ ਉਬਾਲੋ ਅਤੇ ਇਸ ਵਿੱਚ ਛਿਲਕਾ ਪਾਓ।
* ਤੁਸੀਂ ਇਸ ਵਿੱਚ ਥੋੜ੍ਹੀ ਜਿਹੀ ਦਾਲਚੀਨੀ ਵੀ ਪਾ ਸਕਦੇ ਹੋ।
* 10-15 ਮਿੰਟ ਲਈ ਉਬਾਲਣ ਤੋਂ ਬਾਅਦ ਗੈਸ ਬੰਦ ਕਰ ਦਿਓ।
* ਛਾਣ ਕੇ ਇਸ ਵਿੱਚ ਸ਼ਹਿਦ ਪਾਓ ਅਤੇ ਚਾਹ ਪੀਓ।

# ਸੈਲਫ-ਕੇਅਰ- ਜ਼ਰੂਰੀ ਹੋ ਗਈ ਹੈ ਵਿਸ਼ਵ ਲਈ



"ਅੰਤਰਰਾਸ਼ਟਰੀ ਸੈਲਫ-ਕੇਅਰ ਦਿਵਸ 2025 ਦਾ ਥੀਮ ਹੈ- ਸੇਲਫ-ਕੇਅਰ ਹੈਲਦੀ ਭਵਿੱਖ ਹੈ। ਖੁੱਦ ਦੀ ਦੇਖਭਾਲ ਹੀ ਪਰਿਵਾਰ ਦੀ ਖੁਸ਼ੀ ਅਤੇ ਸਿਹਤਮੰਦ ਜੀਵਨ ਦੀ ਕੁੰਜੀ ਹੈ" ਵਿਸ਼ਵ ਭਰ 'ਚ ਤੇਜ਼ੀ ਨਾਲ ਵੱਧ ਰਹੀਆਂ ਬਿਮਾਰੀਆਂ ਤੋਂ ਬਚਾਅ ਲਈ ਹੈਲਦੀ ਮਨ ਅਤੇ ਸਰੀਰ ਲਈ ਦੂਜਿਆਂ ਦੀ ਦੇਖਭਾਲ ਦੇ ਨਾਲ-ਨਾਲ ਆਪਣੇ ਆਪ ਦੀ ਕੇਅਰ ਵੀ ਜਰੂਰੀ ਹੋ ਗਈ ਹੈ। ਅੱਜ ਦੇ ਦਿਨ ਹਰ ਆਦਮੀ ਨੂੰ ਹਰ ਪੱਧਰ 'ਤੇ ਸੈਲਫ-ਕੇਅਰ ਦਾ ਪ੍ਰੋਮਿਸ ਕਰਨ ਦੀ ਲੋੜ ਹੈ"- ਡਾ. ਅਨਿਲ ਧੀਰ, ਕਾਲਮਨਿਸਟ ਅਤੇ ਲੇਖਕ

"ਹੈਲਥ-ਕੇਅਰ ਟਿੱਪਸ ਐਨਸਾਈਕਲੋਪੀਡੀਆ", ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ ਹੈਲਥ ਮੀਡੀਆ ਕੈਨੇਡਾ: (ਡਾ. ਅਨਿਲ ਧੀਰ) - 24 ਜੁਲਾਈ, 2025 ਨੂੰ ਅੰਤਰਰਾਸ਼ਟਰੀ ਪੱਧਰ 'ਤੇ ਸੈਲਫ-ਕੇਅਰ ਦਿਵਸ ਮਨਾਇਆ ਗਿਆ। ਸੈਲਫ-ਕੇਅਰ ਜ਼ਿੰਦਗੀ ਭਰ ਦੀ ਆਦਤ ਅਤੇ ਸਭਿਆਚਾਰ ਹੈ। ਇਹ ਇਨਸਾਨ ਦਾ ਅਭਿਆਸ ਹੈ ਜੋ ਮੌਜੂਦਾ ਗਿਆਨ ਅਤੇ ਜਾਣਕਾਰੀ ਦੇ ਅਧਾਰ 'ਤੇ ਆਪਣੀ ਸਿਹਤ ਦੀ ਦੇਖਭਾਲ ਕਰਨ ਲਈ ਸਹੀ ਫੈਸਲੇ ਲੈਂਦਾ ਹੈ। ਇਹ ਵਿਗਿਆਨੀਆਂ ਅਤੇ ਹਰ ਖੇਤਰ ਦੇ ਮਾਹਿਰਾਂ ਦੀ ਸਾਂਝੀ ਨਾਲ ਮੁਮਕਿਨ ਹੁੰਦਾ ਹੈ। ਵਿਸ਼ਵ ਭਰ 'ਚ ਇਸ ਦਿਨ ਸਰਕਾਰੀ-ਗੈਰ-ਸਰਕਾਰੀ ਪੱਧਰ 'ਤੇ ਲੋਕਾਂ ਨੂੰ ਸਰੀਰਕ, ਮਾਨਸਿਕ 'ਤੇ ਭਾਵਨਾਤਮਕ ਤੌਰ 'ਤੇ ਫਿੱਟ ਰਹਿਣ ਲਈ ਜਾਗਰੂਕ ਕੀਤਾ ਜਾਂਦਾ ਹੈ।



Anil Dheer
Columnist
anil.dheer@yahoo.com

**ਆਪਣਾ, ਪਰਿਵਾਰ 'ਤੇ ਮਿੱਤਰਾਂ ਦਾ ਰੱਖੋ ਖਿਆਲ:**

* ਨਵੀਂ ਇੱਕ ਸਟਡੀ ਮੁਤਾਬਿਕ ਦਿਲ ਦਾ ਦੌਰਾ ਅਤੇ ਸਟ੍ਰੋਕ ਵਰਗੀਆਂ ਬਿਮਾਰੀਆਂ ਤੋਂ ਬਚਣ ਲਈ ਘਰ ਅੰਦਰ ਹੀ 3-8 ਪੌਂਡ ਦੇ ਡੰਬਲ ਡੇਲੀ ਇਸਤੇਮਾਲ ਕਰਨ ਨਾਲ ਹੱਡੀਆਂ ਮਜਬੂਤ ਅਤੇ ਬਾਡੀ- ਬੈਲੇਂਸ ਬਣਿਆ ਰਹਿੰਦਾ ਹੈ।

* ਸਟ੍ਰੈਸ ਘੱਟ ਕਰਨ ਲਈ ਸਮੇਂ ਦੇ ਮੁਤਾਬਿਕ ਦਿਨ 'ਚ 25 ਮਿਨਟ ਜੰਕ ਮੇਲ ਚੈੱਕ ਕਰਨ 'ਤੇ ਗਾਰਬੇਜ ਕਰਨ ਦੇ ਨਾਲ, ਘਰ ਦੇ ਦਰਬਾਜੇ, ਕਿਚਨ 'ਤੇ ਕਮਰੇ ਦਾ ਡਰਾਜ, ਫਰਿੱਜ, ਵਿੰਡੋਜ਼ ਦੇ ਨੋਬ-ਹੈਂਡਲ ਸਿਰਕਾ ਜਾਂ ਸੈਨੀਟਾਈਜਰ ਨਾਲ ਕਲੀਨ ਕਰੋ।

* ਜੋਬਜ਼ ਦੀ ਰੋਟੇਸ਼ਨ ਸ਼ਿਫਟਾਂ ਕਰਕੇ ਨੀਂਦ ਘੱਟ ਜਾਂ ਨਾ ਆਉਣ ਦੀ ਵੱਧ ਵੱਧ ਰਹੀ ਸਮੱਸਿਆ ਕਾਰਨ ਛੁੱਟੀ ਦਾ ਦਿਨ ਵੀ ਖਰਾਬ ਹੋ ਜਾਂਦਾ ਹੈ। ਦੇਰ ਰਾਤ ਹੈਵੀ-ਡਿਨਰ 'ਤੇ ਜਾਗਣ ਦੀ ਆਦਤ ਵੀ ਬਦਲਨ ਦੀ ਲੋੜ ਹੈ। 7-8 ਘੰਟੇ ਦੀ ਲਈ ਖੁਰਾਕ 'ਚ ਘੱਟ ਕੈਲੋਰੀ ਪਦਾਰਥ, ਸਾਈਟਰਸ ਫੱਲ, ਗਰਮ ਪਾਣੀ, ਦੁੱਧ 'ਤੇ ਸਪਲੀਮੈਂਟ ਵਿਟਾਮਿਨ-ਸੀ, ਕੈਲਸੀਅਮ ਅਤੇ ਮੈਗਨੀਸੀਅਮ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਸ਼ੁਰੂ ਕਰ ਦਿਓ।

* ਦਿਨ ਭਰ ਦੀ ਤਾਜ਼ਗੀ, ਅਨਰਜੀ ਅਤੇ ਬਾਡੀ ਦਾ ਤਾਪਮਾਨ ਬਰਕਰਾਰ ਰੱਖਣ ਲਈ ਆਪਣੇ ਸਰੀਰ ਮੁਤਾਬਿਕ ਕੋਸਾ 'ਤੇ ਆਖਰੀ 1 ਮਿਨਟ ਠੰਢਾ ਸ਼ਾਵਰ ਲਵੋ।

* ਗਰਮ ਮੌਸਮ 'ਚ ਡੀਹਾਈਡ੍ਰੇਸ਼ਨ, ਕਬਜ਼, ਚੱਕਰ ਆਉਣੇ, ਸਿਰ-ਪੀੜ, ਦੀ ਹਾਲਤ 'ਚ ਪਾਣੀ ਦੇ 7-9 ਗਿਲਾਸ ਅਤੇ ਕੰਮ ਦੌਰਾਣ ਆਪਣੀ ਪਾਣੀ ਦੀ ਬੋਤਲ ਖਾਲੀ ਨਾ ਹੋਣ ਦਿਓ। ਛੋਟੇ ਬੱਚਿਆਂ ਨੂੰ ਪਾਣੀ ਪਿਲਾਣ ਦੀ ਜ਼ਿੰਮੇਵਾਰੀ ਮਾਂ-ਬਾਪ ਦੀ ਹੈ।

* ਸਵੇਰੇ ਜਾਗਦੇ ਹੀ ਬਿਨਾ ਕੁੱਲਾ ਕੀਤੇ ਰਾਤ ਦਾ ਤਾਂਬੇ ਦੇ ਭਾਂਡੇ 'ਚ ਰੱਖਿਆ ਪਾਣੀ ਇਸਤੇਮਾਲ ਕਰਨ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਕਸਰਤ ਅਤੇ ਸੈਰ ਸ਼ੁਰੂ ਕਰਨ ਤੋਂ ਪਹਿਲਾਂ ਗ੍ਰੀਨ-ਟੀ ਜਾਂ ਬਿਨਾਂ ਦੁੱਧ ਬਲੈਕ ਟੀ ਪੀਣ ਨਾਲ ਸਰੀਰ ਨੂੰ ਅਨਰਜੀ ਮਿਲਦੀ ਹੈ। ਵੱਧੇ ਹੋਏ ਕੋਲੇਸਟਰੋਲ ਵਾਲੇ ਫਾਇਦਾ ਲੈ ਸਕਦੇ ਹਨ।

* ਰਸੋਈ ਵਿੱਚੋਂ ਕੁੱਕੀ, ਮਿਠਾਈ, ਕੇਕ ਰੱਸ ਚੱਕ ਦਿਓ। ਹਮੇਸ਼ਾ ਸਨੈਕਸ, ਫੱਲਾਂ 'ਚ ਕੇਲਾ, ਰੋਸਟਿਡ ਚਿੱਕ-ਪੀ(ਛੋਲੇ), ਪੰਪਕਿਨ 'ਤੇ ਸਨਫਲਾਵਰ ਸੀਡਜ਼, ਮਿਕਸ ਨੱਟਸ, ਨੂੰ ਰੂਟੀਨ 'ਚ ਸ਼ਾਮਲ ਕਰੋ।


* ਸਿਰ-ਪੀੜ, ਧੁੰਦਲੀ ਨਜ਼ਰ ਤੇ ਖੁਸ਼ਕ ਅੱਖਾਂ ਦੀ ਹਾਲਤ 'ਚ ਲੈਪਟਾਪ ਅੱਗੇ ਕੰਮ ਕਰਨ ਵਾਲੇ ਹਰ ਇੱਕ ਘੰਟੇ ਦੇ ਅੰਤਰ ਤੇ 20 ਸੈਕੰਡ ਲਈ ਆਪਣੀਆਂ ਅੱਖਾਂ ਨੂੰ ਬੰਦ ਕਰਕੇ ਬ੍ਰੇਕ ਯਾਨਿ ਆਰਾਮ ਦੇਣ। ਨਜ਼ਰ ਦਾ ਚਸ਼ਮਾ ਵਰਤਨ ਵਾਲੇ ਚੰਗੀ ਕੁਆਲੀਟੀ ਦੇ ਗਲਾਸਿਸ ਇਸਤੇਮਾਲ ਕਰਕੇ ਆਪਣੇ ਨੂੰ ਭੱਵਿਖ 'ਚ ਹੋਣ ਵਾਲੇ ਅੱਖਾਂ ਦੇ ਰੋਗਾਂ ਤੋਂ ਬਚਾਅ ਕਰਨ।

* ਸਾਹ ਦੀ ਬਿਮਾਰੀ ਅਤੇ ਫੇਫੜਿਆਂ ਨੂੰ ਤਾਕਤ ਦੇਣ ਲਈ ਡੇਲੀ 15 ਮਿਨਟ ਲੰਬਾ ਸਾਹ ਲੈਣ ਤੇ ਛੱਡਣ ਦਾ ਅਭਿਆਸ ਜਰੂਰ ਕਰੋ। ਪਹਿਲਾਂ ਸੱਜੇ ਨਥੁਨੇ ਨੂੰ ਅੰਗੂਠੇ ਨਾਲ ਅਤੇ ਫਿਰ ਨਥੁਨੇ ਨੂੰ ਅੰਗੂਠੇ ਨਾਲ ਕਵਰ ਕਰਕੇ ਸਾਹ ਲਵੋ ਤੇ ਛੱਡੋ।

* ਸਰੀਰ ਅਤੇ ਮਨ ਨੂੰ ਹਮੇਸ਼ਾ ਤੰਦਰੁਸਤ ਰੱਖਣ ਲਈ ਸਜ਼ਿਨ ਦੇ ਮੁਤਾਬਿਕ ਤਾਜ਼ੇ ਫੱਲ-ਸਬਜ਼ੀਆਂ ਦੀ ਵਰਤੋਂ ਕਰੋ।

* ਇੱਕਲਾਪਨ ਦੂਰ ਕਰਨ ਲਈ ਹੋ ਸਕੇ ਤਾਂ ਐਕਟੀਵਿਟੀ ਕੋਰਸ ਜਾਂ ਕਲੱਬ ਜੁਆਇਨ ਕਰੋ।


**ਨੋਟ:** ਜੰਕ-ਫੂਡ ਦੀ ਵਰਤੋਂ ਘੱਟ ਤੋਂ ਘੱਟ ਕਰੋ। ਤੇਜ਼ ਮਿਰਚ-ਮਸਾਲੇਦਾਰ ਖ਼ੁਰਾਕ ਤੋਂ ਹਮੇਸ਼ਾ ਦੂਰ ਰਹੋ। ਘਰ ਜਾਂ ਘਰ ਤੋਂ ਬਾਹਰ ਕੁੱਝ ਵੀ ਖਾਣ-ਪੀਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਚੰਗੀ ਤਰਾਂ ਕਲੀਨ ਜਰੂਰ ਕਰੋ। ਕਿਸੇ ਵੀ ਬਿਮਾਰੀ ਦੇ ਲੱਛਣ ਪੈਦਾ ਹੁੰਦੇ ਹੀ ਬਿਨਾ ਦੇਰ ਕੀਤੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਇਲਾਜ਼ ਕਰਾਓ।




## Self Care Activities

- Go for a walk
- Create something (write, paint, bake, knit)
- Listen to music
- Play with pets
- Learn a new hobby
- Talk with a friend
- Read
- Watch a movie
- Count things you are grateful for
- Have a warm shower/bath
- Ask for a hug
- Journal
- Sit in the sun
- Do yoga/stretch
- Visualization/grounding activities
- Diffuse essential oils
- Grow a plant
- Listen to a podcast or Ted Talk
- Take a nap
- Enjoy a cup of coffee, tea or hot chocolate
- Pamper yourself (body lotion, pedicure, manicure)
- Watch a funny or interesting Youtube video
- Make a vision board
- Write a bucketlist
- Make a date with a friend/partner

# ਆਂਡਾ ਸਿਹਤ ਲਈ ਕਿਹੜਾ ਹੈ ਜ਼ਿਆਦਾ ਸਿਹਤਮੰਦ!



ਆਂਡੇ ਪ੍ਰੋਟੀਨ ਦਾ ਇੱਕ ਵਧੀਆ ਸਰੋਤ ਹਨ। ਇਸ ਤੋਂ ਇਲਾਵਾ, ਇਸ ਵਿੱਚ ਬਹੁਤ ਸਾਰੇ ਵਿਟਾਮਿਨ ਅਤੇ ਖਣਿਜ ਵੀ ਹੁੰਦੇ ਹਨ, ਜੋ ਸਿਹਤ ਲਈ ਬਹੁਤ ਫਾਇਦੇਮੰਦ ਮੰਨੇ ਜਾਂਦੇ ਹਨ (Brown Vs White Egg)। ਹੁਣ ਆਂਡੇ ਵੀ ਦੋ ਤਰ੍ਹਾਂ ਦੇ ਆਉਂਦੇ ਹਨ। ਇੱਕ ਚਿੱਟਾ ਆਂਡਾ ਹੈ ਅਤੇ ਦੂਜਾ ਭੂਰਾ ਆਂਡਾ ਹੈ। ਲੋਕ ਅਕਸਰ ਮੰਨਦੇ ਹਨ ਕਿ ਭੂਰੇ ਅੰਡੇ ਚਿੱਟੇ ਅੰਡਿਆਂ ਨਾਲੋਂ ਵਧੇਰੇ ਪੌਸ਼ਟਿਕ ਹੁੰਦੇ ਹਨ।

ਪਰ ਕੀ ਇਹ ਸੱਚ ਹੈ? ਕੀ ਆਂਡੇ ਦੇ ਛਿਲਕੇ ਦਾ ਰੰਗ ਸੱਚਮੁੱਚ ਇਸਦੇ ਪੋਸ਼ਣ ਮੁੱਲ ਨੂੰ ਪ੍ਰਭਾਵਿਤ ਕਰਦਾ ਹੈ? ਅਜਿਹੇ ਕਈ ਸਵਾਲ ਤੁਹਾਡੇ ਮਨ ਵਿੱਚ ਵੀ ਆ ਰਹੇ ਹੋਣਗੇ। ਆਓ ਜਾਣਦੇ ਹਾਂ ਕਿ ਚਿੱਟੇ ਅਤੇ ਭੂਰੇ ਆਂਡੇ ਵਿੱਚੋਂ ਕਿਹੜਾ ਜ਼ਿਆਦਾ ਫਾਇਦੇਮੰਦ ਹੈ ਅਤੇ ਤੁਹਾਨੂੰ ਆਪਣੀ ਖੁਰਾਕ ਵਿੱਚ ਕਿਸ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

**ਪੌਸ਼ਟਿਕ ਤੱਤਾਂ ਦੀ ਤੁਲਨਾ**

ਤੁਹਾਨੂੰ ਦੱਸ ਦੇਈਏ ਕਿ ਆਂਡੇ ਦਾ ਰੰਗ ਇਸਦੇ ਪੌਸ਼ਟਿਕ ਤੱਤਾਂ 'ਤੇ ਨਿਰਭਰ ਨਹੀਂ ਕਰਦਾ, ਸਗੋਂ ਇਹ ਮੁਰਗੀ ਦੀ ਨਸਲ 'ਤੇ ਨਿਰਭਰ ਕਰਦਾ ਹੈ। ਇਸ ਲਈ ਆਮ ਵਿਸ਼ਵਾਸ ਦੇ ਉਲਟ, ਚਿੱਟੇ ਅਤੇ ਭੂਰੇ ਆਂਡਿਆਂ ਦੇ ਪੋਸ਼ਣ ਮੁੱਲ ਵਿੱਚ ਕੋਈ ਮਹੱਤਵਪੂਰਨ ਅੰਤਰ ਨਹੀਂ ਹੈ। ਦੋਵਾਂ ਵਿੱਚ ਲਗਭਗ ਬਰਾਬਰ ਮਾਤਰਾ ਵਿੱਚ ਪ੍ਰੋਟੀਨ, ਵਿਟਾਮਿਨ (ਏ, ਬੀ12, ਡੀ), ਖਣਿਜ (ਆਇਰਨ, ਸੇਲੇਨੀਅਮ) ਅਤੇ ਸਿਹਤਮੰਦ ਚਰਬੀ ਹੁੰਦੀ ਹੈ। ਹਾਲਾਂਕਿ ਭੂਰੇ ਆਂਡਿਆਂ ਵਿੱਚ ਓਮੇਗਾ-3 ਫੈਟੀ ਐਸਿਡ ਦੀ ਮਾਤਰਾ ਥੋੜ੍ਹੀ ਜ਼ਿਆਦਾ ਹੋ ਸਕਦੀ ਹੈ, ਪਰ ਇਹ ਅੰਤਰ ਇੰਨਾ ਮਹੱਤਵਪੂਰਨ ਨਹੀਂ ਹੈ ਕਿ ਇਸਨੂੰ ਸਿਹਤ ਲਾਭ ਦਾ ਮੁੱਖ ਕਾਰਨ ਮੰਨਿਆ ਜਾ ਸਕੇ।












# ਰਾਸ਼ੀਫਲ

**ਮੇਖ :** ਦੋਸਤਾਂ ਦੇ ਨਾਲ ਸ਼ਾਮ ਵਧੀਆ ਰਹੇਗੀ ਪਰੰਤੂ ਜ਼ਿਆਦਾ ਖਾਣ ਤੋਂ ਬਚੋ ਕਿਉਂ ਕਿ ਇਹ ਤੁਹਾਡੀ ਅਗਲੀ ਸਵੇਰ ਖਰਾਬ ਕਰ ਸਕਦਾ ਹੈ। ਤੁਹਾਡੇ ਘਰ ਨਾਲ ਜੁੜਿਆ ਨਿਵੇਸ਼ ਲਾਭਦਾਇਕ ਰਹੇਗਾ। ਪਰਿਵਾਰਿਕ ਤਣਾਅ ਕਾਰਨ ਆਪਣਾ ਧਿਆਨ ਨਾ ਠੱਪ ਕਰੋ। ਖਰਾਬ ਦੌਰ ਸਾਨੂੰ ਬਹੁਤ ਕੁਝ ਸਿਖਾ ਦਿੰਦਾ ਹੈ। ਅੱਜ ਰੋਮਾਂਟਿਕ ਭਾਵਨਾਵਾਂ ਦਾ ਫਲ ਮਿਲੇਗਾ। ਤੁਹਾਨੂੰ ਅਜਿਹੀ ਪਰਿਯੋਜਨਾ ਦੇ ਲਈ ਕੰਮ ਕਰਨਾ ਚਾਹੀਦਾ ਹੈ ਜੋ ਅੱਗੇ ਚਲ ਕੇ ਲਾਭ ਦੇਵੇਗੀ। ਤੁਹਾਡੇ ਪਰਿਵਾਰ ਵਿਚੋਂ ਕੋਈ ਮੈਂਬਰ ਅੱਜ ਤੁਹਾਡੇ ਨਾਲ ਸਮਾਂ ਬਿਤਾਉਣ ਦੀ ਜ਼ਿੱਦ ਕਰ ਸਕਦਾ ਹੈ ਉਸ ਨਾਲ ਤੁਸੀ ਸਹਿਮਤ ਵੀ ਹੋਵੋਂਗੇ ਪਰੰਤੂ ਇਸ ਨਾਲ ਤੁਹਾਡਾ ਕੁਝ ਸਮਾਂ ਖਰਾਬ ਹੋ ਸਕਦਾ ਹੈ। ਅੱਜ ਤੁਹਾਡਾ ਜੀਵਨਸਾਥੀ ਤੁਹਾਡੇ ਸਾਰੇ ਚੰਗੇ ਗੁਣਾ ਦੀ ਪ੍ਰਸੰਸਾ ਕਰਨ ਅਤੇ ਤੁਹਾਡੇ ਦੁਬਾਰਾ ਡਿੱਗੇ ਦੀ ਕਦਰ ਕਰੇਗਾ।

**ਬ੍ਰਿਸ਼ਭ:** ਵਿਸ਼ਵਾਸ਼ ਕਰੋ ਕਿ ਤੇ ਯਕੀਨ ਹੀ ਬਹਾਦਰੀ ਦੀ ਅਸਲੀ ਪਰਖ ਹੈ ਕਿਉਂ ਕਿ ਇਸ ਦੇ ਬਲ ਤੇ ਤੁਸੀ ਲੰਬੇ ਵਕਤ ਤੋਂ ਚਲੀ ਆ ਰਹੀ ਬਿਮਾਰੀ ਤੋਂ ਛੁਟਕਾਰਾ ਪਾ ਸਕਦੇ ਹੋ। ਲੰਬੇ ਅਰਸੇ ਨੂੰ ਮੱਦੇਨਜ਼ਰ ਰੱਖਦੇ ਹੋਏ ਨਿਵੇਸ਼ ਕਰੋ। ਪਰਿਵਾਰਿਕ ਪਰੇਸ਼ਾਨੀਆਂ ਨੂੰ ਹੱਲ ਕਰਨ ਲਈ ਤੁਹਾਡਾ ਬੱਚਿਆਂ ਜਿਹਾ ਮਾਸੂਮ ਵਿਵਹਾਰ ਅਹਿਮ ਕਿਰਦਾਰ ਅਦਾ ਕਰੇਗਾ। ਅਣਇੱਛਤ ਰੋਮਾਂਟਿਕ ਆਕਰਸ਼ਣ ਦੀ ਸੰਭਾਵਨਾ ਹੈ। ਤੁਹਾਨੂੰ ਕੰਮ ਤੇ ਵਧੀਆ ਤਬਦੀਲੀ ਦਾ ਅਨੁਭਵ ਹੋ ਸਕਦਾ ਹੈ। ਤੁਹਾਨੂੰ ਯਾਦ ਰੱਖਣ ਦੀ ਲੋੜ ਹੈ ਕਿ ਰੱਬ ਉਸਦੀ ਹੀ ਮਦਦ ਕਰਦਾ ਹੈ ਜੋ ਖੁਦ ਆਪਣੀ ਮਦਦ ਕਰਦਾ ਹੈ। ਅੱਜ ਤੁਸੀ ਅਤੇ ਤੁਹਾਡਾ ਜੀਵਨਸਾਥੀ ਸੱਚਮੁਚ ਡੂੰਘੇ ਆਤਮਿਕ ਰੋਮਾਂਟਿਕ ਪਲਾਂ ਨਾਲ ਗੱਲ ਕਰੋਂਗੇ।

**ਮਿਥੁਨ:** ਆਪਣੀ ਸਿਹਤ ਦੀ ਬਿਹਤਰੀ ਲਈ ਖਾਣ ਪੀਣ ਸੁਧਾਰ ਕਰੋ। ਅੱਜ ਜੇਕਰ ਤੁਸੀ ਦੂਜਿਆਂ ਦੀ ਗੱਲ ਮੰਨ ਕੇ ਨਿਵੇਸ਼ ਕਰੋਂਗੇ ਤਾਂ ਆਰਥਿਕ ਨੁਕਸਾਨ ਪੱਕਾ ਹੈ। ਘਰ ਵਿਚ ਸਾਫ ਸਫਾਈ ਦੀ ਤੁਰੰਤ ਲੋੜ ਹੈ ਹਮੇਸ਼ਾ ਦੀ ਤਰਾਂ ਇਸ ਕੰਮ ਨੂੰ ਅਗਲੀ ਵਾਰ ਤੇ ਨਾ ਟਾਲੋਂ। ਸੰਭਵ ਹੈ ਕਿ ਅੱਜ ਤੁਸੀ ਆਪਣੇ ਪਿਆਰੇ ਨੂੰ ਟੋਫੀਆਂ ਅਤੇ ਕੈਂਡੀਫਲੋਸ ਵਗੈਰਾ ਦੇਵੋ। ਅੱਜ ਕੰਮਕਾਰ ਤੇ ਤੁਹਾਨੂੰ ਸਭ ਤੋਂ ਪਿਆਰ ਅਤੇ ਸਹਿਯੋਗ ਪ੍ਰਾਪਤ ਹੋਵੇਗਾ। ਕਿਉਂ ਕਿ ਕੋਈ ਕੰਮ ਤੁਹਾਡੇ ਕੰਮ ਵਾਲੀ ਥਾਂ ਤੇ ਬਕਾਇਆ ਰਹਿੰਦਾ ਹੈ ਕਿਸੇ ਕਾਰਨ ਕਰਕੇ ਤੁਹਾਨੂੰ ਆਪਣਾ ਕੀਮਤੀ ਸਮਾਂ ਸ਼ਾਮ ਨੂੰ ਦੇਣਾ ਪਵੇਗਾ। ਤੁਸੀ ਵਿਆਹ ਨਾਲ ਜੁੜੇ ਚੁਟਕਲੇ ਸ਼ੋਸ਼ਲ ਮੀਡੀਆ ਤੇ ਪੜ੍ਹਕੇ ਖਿਲਖਿਲਾਉਂਦੇ ਹੋ। ਪਰੰਤੂ ਅੱਜ ਤੁਸੀ ਭਾਵੁਕ ਹੋ ਜਾਵੋਂਗੇ ਜਦੋਂ ਵਿਆਹਕ ਜੀਵਨ ਦੀਆਂ ਸੋਹਣੀਆਂ ਚੀਜਾਂ ਤੁਹਾਡੇ ਸਾਹਮਣੇ ਆਉਣਗੀਆਂ।



**ਕਰਕ :** ਅੱਜ ਯਾਤਰਾ ਕਰਨ ਤੋਂ ਬਚੋ ਕਿਉਂ ਕਿ ਇਸ ਦੇ ਚੱਲਦੇ ਤੁਸੀ ਥਕਾਵਟ ਅਤੇ ਤਨਾਵ ਮਹਿਸੂਸ ਕਰੋਂਗੇ। ਜੇਕਰ ਤੁਸੀ ਸਫਰ ਕਰ ਰਹੇ ਹੋਂ ਤਾਂ ਆਪਣਾ ਕੀਮਤੀ ਸਾਮਾਨ ਦਾ ਵਿਸ਼ੇਸ਼ ਧਿਆਨ ਰੱਖੋ ਜੇਕਰ ਤੁਸੀ ਅਜਿਹਾ ਨਹੀਂ ਕਰਦੇ ਤਾਂ ਸਮਾਨ ਦੇ ਚੋਰੀ ਜਾਂ ਬਦਲਾਅ ਦੀ ਸੰਭਾਵਨਾ ਹੈ। ਸੰਭਵ ਹੈ ਕਿ ਪਰਿਵਾਰ ਵਾਲੇ ਤੁਹਾਡੀ ਉਮੀਦਾਂ ਨੂੰ ਪੂਰਾ ਨਾ ਕਰ ਸਕਦੇ ਹੋਣ। ਇਸ ਗੱਲ ਦੀ ਇੱਛਾ ਨਾ ਕਰੋ ਕਿ ਉਹ ਤੁਹਾਡੇ ਮੁਤਾਬਿਕ ਕੰਮ ਕਰਨਗੇ ਬਲਕਿ ਆਪਣੇ ਕੰਮਕਾਰ ਦਾ ਤਰੀਕਾ ਬਦਲ ਕੇ ਪਹਿਲ ਕਰੋ। ਅੱਜ ਤੁਸੀ ਅਤੇ ਤੁਹਾਡਾ ਪਿਆਰਾ ਪਾਰਟਨਰ ਪਿਆਰ ਦੇ ਸਮੁੰਦਰ ਵਿਚ ਗੋਤੇ ਖਾਉਂਗੇ ਅਤੇ ਪਿਆਰ ਦੇ ਉੱਚੇ ਅਨੁਭਵ ਨੂੰ ਮਹਿਸੂਸ ਕਰੋਂਗੇ। ਤੁਸੀ ਸਖਤ ਮਿਹਨਤ ਅਤੇ ਧੀਰਜ ਦੇ ਬਲ ਤੇ ਆਪਣੇ ਉਦੇਸ਼ ਨੂੰ ਹਾਸਿਲ ਕਰ ਸਕਦੇ ਹੋ। ਦੇਰ ਰਾਤ ਤੱਕ ਤੁਹਾਨੂੰ ਕਿਤੇ ਦੂਰ ਵਾਲੇ ਸਥਾਨ ਤੋਂ ਕੋਈ ਚੰਗੀ ਖਬਰ ਮਿਲ ਸਕਦੀ ਹੈ। ਅੱਜ ਦੇ ਦਿਨ ਤੁਹਾਡਾ ਵਿਵਾਹਿਕ ਜੀਵਨ ਇਕ ਖੂਬਸੂਰਤ ਮੋੜ ਲੈ ਸਕਦਾ ਹੈ।

**ਸਿੰਘ:** ਅਸਹਜਤਾ ਤੁਹਾਡੀ ਮਾਨਸਿਕ ਸ਼ਾਤੀ ਵਿਚ ਵਾਧਾ ਪੈਦਾ ਕਰ ਸਕਦੀ ਹੈ ਪਰੰਤੂ ਕੋਈ ਦੋਸਤ ਤੁਹਾਡੀ ਪਰੇਸ਼ਾਨੀਆਂ ਦੇ ਸਮਾਧਾਨ ਲਈ ਕਾਫੀ ਮਦਦਗਾਰ ਸਾਬਿਤ ਹੋਵੇਗ। ਤਣਾਅ ਤੋਂ ਬਚਨ ਲਈ ਸੰਗੀਤ ਦਾ ਸਹਾਰਾ ਲਵੋ। ਅੱਜ ਤੁਸੀ ਆਪਣੇ ਘਰ ਦੇ ਸੀਨੀਅਰਾਂ ਨਾਲ ਪੈਸੇ ਦੀ ਬਚਤ ਕਰਨ ਨੂੰ ਲੈ ਕੇ ਕੋਈ ਸਲਾਹ ਲੈ ਸਕਦੇ ਹੋ ਅਤੇ ਉਸ ਸਲਾਹ ਨੂੰ ਜ਼ਿੰਦਗੀ ਵਿਚ ਜਗ੍ਹਾ ਵੀ ਦੇ ਸਕਦੇ ਹੋ। ਅਜਿਹਾ ਕੋਈ ਜਿਸ ਨਾਲ ਤੁਸੀ ਰਹਿੰਦੇ ਹੋ ਅੱਜ ਆਪਣੇ ਕਿਸੇ ਕੰਮ ਦੀ ਵਜਾਹ ਨਾਲ ਚਿੜ ਮਹਿਸੂਸ ਕਰੇਗਾ। ਅੱਜ ਤੁਸੀ ਆਪਣੇ ਜੀਵਨ ਵਿਚ ਸੱਚੇ ਪਿਆਰ ਨੂੰ ਮਿਸ ਕਰੋਂਗੇ ਪਰੰਤੂ ਚਿੰਤਾ ਕਰਨ ਦੀ ਲੋੜ ਨਹੀਂ ਤੁਹਾਡੀ ਰੋਮਾਂਟਿਕ ਜ਼ਿੰਦਗੀ ਵਿਚ ਸਮਾਂ ਆਉਣ ਤੇ ਬਦਲ ਆ ਜਾਵੇਗਾ। ਤੁਸੀ ਕਾਮਯਾਬੀ ਜ਼ਰੂਰ ਹਾਸਿਲ ਕਰੋਂਗੇ ਬਸ ਸਮੇਂ ਸਮੇਂ ਤੇ ਕੁਝ ਮਹੱਤਵਪੂਰਨ ਕਦਮ ਉਠਾਉਣ ਦੀ ਲੋੜ ਹੈ। ਬਿਨਾਂ ਕਿਸੇ ਸੂਚਨਾ ਤੋਂ ਅੱਡ ਤੁਹਾਡੇ ਰਿਸ਼ਤੇਦਾਰ ਤੁਹਾਡੇ ਘਰ ਆ ਸਕਦੇ ਹਨ ਜਿਸ ਨਾਲ ਤੁਹਾਡਾ ਕੀਮਤੀ ਸਮਾਂ ਉਨਾਂ ਦੀ ਖਾਤਿਰਦਾਰੀ ਵਿਚ ਖਰਾਬ ਹੋ ਸਕਦਾ ਹੈ। ਜੀਵਨ ਸਾਥੀ ਦੇ ਕਿਸੇ ਅਚਾਨਕ ਕੰਮ ਦੀ ਵਜਾਹ ਨਾਲ ਤੁਹਾਡੀ ਯੋਜਨਾ ਵਿਹੜ ਸਕਦੀ ਹੈ ਪਰੰਤੂ ਫਿਰ ਤੁਹਾਨੂੰ ਮਹਿਸੂਸ ਹੋਵੇਗਾ ਕਿ ਜੋ ਹੁੰਦਾ ਹੈ ਚੰਗੇ ਦੇ ਲਈ ਹੁੰਦਾ ਹੈ।

**ਕੰਨਿਆ:** ਗਰਦਨ ਲੱਕ ਵਿਚ ਲਗਾਤਾਰ ਦਰਦ ਪਰੇਸ਼ਾਨ ਕਰ ਸਕਦਾ ਹੈ ਇਸ ਨੂੰ ਨਜ਼ਰ ਅੰਦਾਜ਼ ਨਾ ਕਰੋ ਖਾਸ ਤੌਰ ਤੇ ਜਦੋਂ ਇਸ ਨਾਲ ਕਮਜ਼ੋਰੀ ਵੀ ਮਹਿਸੂਸ ਹੋ ਰਹੀ ਹੈ ਅੱਜ ਦੇ ਦਿਨ ਆਰਾਮ ਕਰਨਾ ਬਹੁਤ ਜ਼ਰੂਰੀ ਹੈ। ਜਿਨਾਂ ਲੋਕਾਂ ਨੂੰ ਤੁਸੀ ਜਾਣਦੇ ਹੋ ਉਨਾਂ ਦੇ ਜ਼ਰੀਏ ਤੁਹਾਨੂੰ ਆਮਦਨੀ ਦੇ ਨਵੇਂ ਸੋਮੇ ਮਿਲਣਗੇ ਰਿਸ਼ਤੇਦਾਰ ਦੇ ਨਾਲ ਆਪਣੇ ਸੰਬੰਧਾਂ ਨੂੰ ਫਿਰ ਤੋਂ ਤਰੋਤਾਜ਼ਾ ਕਰਨ ਦਾ ਦਿਨ ਹੈ। ਕਿਸੀ ਦਿਲਚਸਪ ਇਨਸਾਨ ਨਾਲ ਮਿਲਣ ਦੀ ਪ੍ਰਬਲ ਸੰਭਾਵਨਾ ਹੈ। ਤੁਸੀ ਆਪਣਾ ਰਵੱਈਆ ਇਮਾਨਦਾਰ ਅਤੇ ਸਪੱਸ਼ਟਤਾਵਾਦੀ ਰੱਖੋ ਲੋਕ ਤੁਹਾਡੀ ਦ੍ਰਿੜਤਾ ਅਤੇ ਸ਼ਮਤਾ ਨੂੰ ਸਰਹਾਉਣਗੇ। ਅੱਜ ਘਰ ਵਿਚ ਕਿਸੇ ਪਾਰਟੀ ਦੀ ਵਜਾਹ ਨਾਲ ਤੁਹਾਡਾ ਕੀਮਤੀ ਸਮਾਂ ਖਰਾਬ ਹੋ ਸਕਦਾ ਹੈ। ਜ਼ਿੰਦਗੀ ਸੱਚਮੁੱਚ ਦਿਲਚਸਪ ਹੋਵੇਗੀ ਜਦੋਂ ਤੁਹਾਡਾ ਜੀਵਨ ਸਾਥੀ ਤੁਹਾਡੇ ਨਾਲ ਆਵੇਗਾ ਸਾਰੇ ਵਿਵਾਦਾਂ ਨੂੰ ਭੁੱਲ ਜਾਵੇਗਾ ਤੁਹਾਨੂੰ ਪਿਆਰ ਨਾਲ ਗ੍ਰਹਿਣ ਕਰੇਗਾ।

**ਤੁਲਾ:** ਅਸੁਵਿਧਾ ਤੁਹਾਡੀ ਮਾਨਸਿਕ ਸ਼ਾਤੀ ਨੂੰ ਭੰਗ ਕਰ ਸਕਦੀ ਹੈ। ਲੰਬੇ ਸਮੇਂ ਤੋਂ ਬਚਾਇਆ ਪੈਸਾ ਅੱਜ ਤੁਹਾਡੇ ਕੰਮ ਆ ਸਕਦਾ ਹੈ ਪਰ ਇਹ ਖਰਚ ਤੁਹਾਡੀ ਭਾਵਨਾ ਨੂੰ ਘਟਾ ਸਕਦਾ ਹੈ। ਦੋਸਤਾਂ ਦੇ ਨਾਲ ਸ਼ਾਮ ਬਿਤਾਉਣਾ ਜਾਂ ਖਰੀਦਦਾਰੀ ਕਰਨਾ ਮਜ਼ੇਦਾਰ ਅਤੇ ਰੋਮਾਂਚਕ ਰਹੇਗਾ। ਆਪ ਨੂੰ ਪਿਆਰ ਵਿਚ ਸਫਲ ਹੋਣ ਦੀ ਕਲਪਨਾ ਲਈ ਕਿਸੇ ਦੀ ਸਹਾਇਤਾ ਕਰੋ। ਕੰਮ ਦੇ ਵਿਚ ਤੁਹਾਡੇ ਪ੍ਰੋਫੈਸ਼ਨ ਦੀ ਪਰੀਖਿਆ ਹੋਵੇਗੀ। ਇੱਛਤ ਪਰਿਣਾਮ ਦੇਣ ਦੇ ਲਈ ਤੁਹਾਨੂੰ ਆਪਣੀ ਕੋਸ਼ਿਸ਼ ਤੇ ਇਕਾਗਰਤਾ ਬਣਾਏ ਰੱਖਣ ਦੀ ਲੋੜ ਹੈ। ਅੱਜ ਦੇ ਦਿਨ ਤੁਸੀ ਬਹੁਤ ਵਿਅਸਤ ਰਹੋਂਗੇ ਪਰੰਤੂ ਮਨਪਸੰਦ ਦੇ ਕੰਮਾਂ ਨੂੰ ਕਰਨ ਦੇ ਲਈ ਵੀ ਤੁਹਾਡੇ ਕੋਲ ਉੱਤਮ ਸਮਾਂ ਹੋਵੇਗਾ। ਅੱਜ ਤੁਹਾਡਾ ਜੀਵਨਸਾਥੀ ਕਿਸੇ ਫਰਿਸ਼ਤੇ ਦੀ ਤਰਾਂ ਤੁਹਾਡਾ ਧਿਆਨ ਰੱਖੇਗਾ।

**ਬ੍ਰਿਸ਼ਚਕ:** ਅਸਹਜਤਾ ਤੁਹਾਡੀ ਮਾਨਸਿਕ ਸ਼ਾਤੀ ਵਿਚ ਵਾਧਾ ਪੈਦਾ ਕਰ ਸਕਦੀ ਹੈ ਪਰੰਤੂ ਕੋਈ ਦੋਸਤ ਤੁਹਾਡੀ ਪਰੇਸ਼ਾਨੀਆਂ ਦੇ ਸਮਾਧਾਨ ਲਈ ਕਾਫੀ ਮਦਦਗਾਰ ਸਾਬਿਤ ਹੋਵੇਗ। ਤਣਾਅ ਤੋਂ ਬਚਨ ਲਈ ਸੰਗੀਤ ਦਾ ਸਹਾਰਾ ਲਵੋ। ਤੁਹਾਡਾ ਕੋਈ ਦੋਸਤ ਤੁਹਾਡੇ ਤੋਂ ਵੱਡੀ ਰਕਮ ਉਧਾਰ ਮੰਗ ਸਕਦਾ ਹੈ ਜੇਕਰ ਤੁਸੀ ਉਸ ਨੂੰ ਇਹ ਰਕਮ ਦਿੰਦੇ ਹੋ ਤਾਂ ਤੁਸੀ ਆਰਥਿਕ ਤੰਗੀ ਵਿਚ ਆ ਸਕਦੇ ਹੋ। ਵਿਦੇਸ਼ ਵਿਚ ਰਹਿ ਰਹੇ ਕਿਸੇ ਸੰਬੰਧੀ ਤੋਂ ਮਿਲਿਆ ਤੋਹਫਾ ਤੁਹਾਨੂੰ ਖੁਸ਼ੀ ਦੇ ਸਕਦਾ ਹੈ। ਪਿਆਰ ਦੇ ਮਾਮਲਿਆਂ ਵਿਚ ਦਬਾਅ ਬਣਾਉਣ ਦੀ ਕੋਸ਼ਿਸ਼ ਨਾ ਕਰੋ। ਇਹ ਦਿਨ ਉਨਾਂ ਦਿਨਾਂ ਵਿਚੋਂ ਇਕ ਦਿਨ ਹੈ ਜਦੋਂ ਕੰਮ ਕਾਰ ਵਿਚ ਤੁਸੀ ਇੱਛਾ ਮਹਿਸੂਸ ਕਰੋਂਗੇ। ਅੱਜ ਤੁਹਾਡੇ ਕਰੀਬੀ ਤੁਹਾਡੇ ਕੰਮ ਦੀ ਹੌਂਸਲਾ ਅਫਜ਼ਾਈ ਕਰਨਗੇ ਅਤੇ ਤੁਹਾਡਾ ਬੋਸ ਵੀ ਤੁਹਾਡੇ ਕੰਮ ਤੋਂ ਖੁਸ਼ ਹੋਵੇਗਾ। ਕਾਰੋਬਾਰੀ ਵੀ ਅੱਜ ਵਪਾਰ ਵਿਚ ਲਾਭ ਕਮਾ ਸਕਦੇ ਹਨ। ਅਜਿਹੇ ਲੋਕਾਂ ਨਾਲ ਜੁੜਨ ਤੋਂ ਬਚੋ ਜੋ ਤਹਾਡੀ ਪ੍ਰਤੀਸ਼ਠਾ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਅੱਜ ਤੁਸੀ ਆਪਣੇ ਜੀਵਨ ਸਾਥੀ ਦੇ ਨਾਲ ਛੋਟੀ ਜਿਹੀ ਗੱਲ ਨੂੰ ਲੈ ਕੇ ਬੋਲੇ ਗਏ ਝੂਠ ਤੋਂ ਆਹਤ ਮਹਿਸੂਸ ਕਰ ਸਕਦੇ ਹੋ।

**ਧਨੂੰ:** ਦਿਨ ਦੀ ਸ਼ੁਰੂਆਤ ਤੁਸੀ ਯੋਗ ਅਤੇ ਧਿਆਨ ਨਾਲ ਕਰ ਸਕਦੇ ਹੋ ਅਜਿਹਾ ਕਰਨਾ ਤੁਹਾਡੇ ਲਈ ਲਾਭਦਾਇਕ ਰਹੇਗਾ ਅਤੇ ਸਾਰਾ ਦਿਨ ਤੁਹਾਡੇ ਵਿਚ ਤਾਕਤ ਦੀ ਦਰ ਇਕਮਿਕ ਰਹੇਗੀ। ਅੱਜ ਤੁਸੀ ਆਪਣੇ ਪਰਿਵਾਰਕ ਮੈਂਬਰਾਂ ਨਾਲ ਬਾਹਰ ਕਿਤੇ ਘੁੰਮਣ ਜਾ ਸਕਦੇ ਹੋ ਅਤੇ ਤੁਹਾਡਾ ਕਫੀ ਧੰਨ ਖਰਚ ਹੋ ਸਕਦਾ ਹੈ। ਆਮ ਬੰਦਿਆਂ ਨਾਲ ਵਿਅਕਤੀਗਤ ਗੱਲਾਂ ਨੂੰ ਵੰਡਣ ਤੋਂ ਬਚੋ। ਅੱਜ ਰੋਮਾਂਟਿਕ ਭਾਵਨਾਵਾਂ ਦਾ ਫਲ ਮਿਲੇਗਾ। ਕਾਰੋਬਾਰੀਆਂ ਨੂੰ ਆਪਣੇ ਕਾਰੋਬਾਰ ਦੇ ਪ੍ਰਸਤਾਵਾਂ ਬਾਰੇ ਜਾਣਕਾਰੀ ਕਿਸੇ ਨਾਲ ਸਾਂਝੀ ਨਹੀਂ ਕਰਨੀ ਚਾਹੀਦੀ। ਜੇਕਰ ਤੁਸੀ ਅਜਿਹਾ ਕਰਦੇ ਹੋ ਤਾਂ ਮੁਸ਼ਕਿਲ ਵਿਚ ਪੈ ਸਕਦੇ ਹੋ। ਅੱਜ ਤੁਸੀ ਕੋਈ ਨਵੀਂ ਪੁਸਤਕ ਖਰੀਦ ਕੇ ਕਿਸੇ ਕਮਰੇ ਵਿਚ ਖੁਦ ਨੂੰ ਬੰਦ ਕਰਕੇ ਉਤਮ ਵਿਚਾਰਾਂ ਨਾਲ ਪੂਰਾ ਦਿਨ ਗੁਜ਼ਾਰ ਸਕਦੇ ਹੋ। ਤੁਹਾਡੇ ਮਾਤਾ ਪਿਤਾ ਤੁਹਾਡੇ ਜੀਵਨਸਾਥੀ ਨੂੰ ਸੱਚਮੁਚ ਕੁਝ ਸ਼ਾਨਦਾਰ ਆਸ਼ੀਰਵਾਦ ਦੇਣ ਜਿਸ ਦੇ ਚਲਦੇ ਤੁਹਾਡੇ ਵਿਵਾਹਿਕ ਜੀਵਨ ਵਿਚ ਹੋਰ ਨਿਖਾਰ ਆਵੇਗਾ।


**ਮਕਰ:** ਆਰਥਿਕ ਦਿੱਕਤਾਂ ਤੁਹਾਡੇ ਲਈ ਪਰੇਸ਼ਾਨੀ ਦਾ ਸਬੱਬ ਬਣ ਸਕਦੀ ਹੈ। ਆਰਥਿਕ ਸਮੱਸਿਆਵਾਂ ਨੇ ਰਚਨਾਤਮਕ ਸੋਚਣ ਦੀ ਤੁਹਾਡੀ ਸ਼ਮਤਾ ਨੂੰ ਬੇਕਾਰ ਕਰ ਦਿੱਤਾ ਹੈ। ਆਪਸੀ ਸੰਵਾਦ ਅਤੇ ਸਹਿਯੋਗ ਤੁਹਾਡੇ ਅਤੇ ਤੁਹਾਡੇ ਜੀਵਨਸਾਥੀ ਦੇ ਵਿਚ ਰਿਸ਼ਤੇ ਨੂੰ ਮਜ਼ਬੂਤ ਬਣਾਵੇਗਾ। ਤੁਹਾਡੇ ਜੀਵਨਸਾਥੀ ਦੇ ਪਰਿਵਾਰਿਕ ਮੈਂਬਰ ਦੀ ਵਜਾਹ ਨਾਲ ਤੁਹਾਡਾ ਦਿਨ ਥੋੜਾ ਪਰੇਸ਼ਾਨੀ ਭਰਿਆ ਹੋ ਸਕਦਾ ਹੈ। ਵੈੱਬ ਡਿਜ਼ਾਇਨਰ ਦੇ ਲਈ ਚੰਗਾ ਦਿਨ ਹੈ ਪੂਰੀ ਈਕਾਗਰਤਾ ਦੇ ਨਾਲ ਕੰਮ ਕਰੋ ਕਿਉਂ ਕਿ ਤੁਸੀ ਚਮਕ ਸਕਦੇ ਹੋ ਕੁਝ ਲੋਕਾਂ ਨੂੰ ਵਿਦੇਸ਼ ਜਾਣ ਦਾ ਮੋਕਾ ਵੀ ਮਿਲ ਸਕਦਾ ਹੈ। ਕੁਝ ਲੋਕਾਂ ਦੇ ਲਈ ਅਣਇੱਛਤ ਯਾਤਰਾ ਭੱਜ ਦੌੜ ਭਰੀ ਅਤੇ ਤਣਾਅਪੂਰਨ ਹੋ ਸਕਦੀ ਹੈ। ਰਿਸ਼ਤੇਦਾਰਾਂ ਦੇ ਕਿਸੇ ਕਾਰਨ ਨੂੰ ਲੈ ਕੇ ਵਾਦ ਵਿਵਾਦ ਹੋ ਸਕਦਾ ਹੈ।

**ਕੁੰਭ:** ਤਨਾਵ ਅਤੇ ਘਬਰਾਹਟ ਤੋਂ ਬਚੋ ਕਿਉਂ ਕਿ ਇਹ ਤੁਹਾਡੀ ਸਿਹਤ ਤੇ ਅਸਰ ਪਾ ਸਕਦੀ ਹੈ। ਅੱਜ ਤੁਸੀ ਆਪਣੇ ਘਰ ਦੇ ਸੀਨੀਅਰਾਂ ਨਾਲ ਪੈਸੇ ਦੀ ਬਚਤ ਕਰਨ ਨੂੰ ਲੈ ਕੇ ਕੋਈ ਸਲਾਹ ਲੈ ਸਕਦੇ ਹੋ ਅਤੇ ਉਸ ਸਲਾਹ ਨੂੰ ਜ਼ਿੰਦਗੀ ਵਿਚ ਜਗ੍ਹਾ ਵੀ ਦੇ ਸਕਦੇ ਹੋ। ਜੇਕਰ ਤੁਸੀ ਦਫਤਰ ਵਿਚ ਜ਼ਿਆਦਾ ਸਮਾਂ ਲਗਾਉਗੇ ਤਾਂ ਤੁਹਾਡੀ ਘਰੇਲੂ ਜ਼ਿੰਦਗੀ ਤੇ ਨਾਕਾਰਤਮਕ ਅਸਰ ਪੈ ਸਕਦਾ ਹੈ। ਪਿਆਰ ਵਿਚ ਉਤਰਾਅ ਚੜਾਅ ਦਾ ਸਾਹਮਣਾ ਕਰਨ ਲਈ ਖੁਸ਼ ਅਤੇ ਹਿੰਮਤੀ ਬਣੋ। ਅੱਜ ਤੁਸੀ ਆਪਣੀ ਕਮਾਈ ਦੀ ਸ਼ਕਤੀ ਨੂੰ ਕਿਵੇਂ ਵਧਾਉਣਾ ਹੈ ਇਸ ਬਾਰੇ ਤੁਹਾਡੇ ਕੋਲ ਸਹਿਜਤਾ ਅਤੇ ਗਿਆਨ ਹੋਵੇਗਾ। ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਦੇ ਵਿਚਕਾਰ ਤੁਸੀ ਆਪਣੇ ਲਈ ਅੱਜ ਕਾਫੀ ਸਮਾਂ ਪ੍ਰਾਪਤ ਕਰੋਂਗੇ ਅਤੇ ਆਪਣੀਆਂ ਮਨਪਸੰਦ ਚੀਜਾਂ ਕਰਨ ਦੇ ਯੋਗ ਹੋਵੋਂਗੇ। ਵਿਵਾਹਕ ਜੀਵਨ ਵਿਚੋਂ ਮੁਸ਼ਕਿਲ ਦੌਰ ਵਿਚੋਂ ਗੁਜ਼ਰਨ ਦੇ ਬਾਅਦ ਤੁਹਾਨੂੰ ਸਭ ਕੁਝ ਤੋਂ ਰਾਹਤ ਦਾ ਅਹਿਸਾਸ ਹੋ ਸਕਦਾ ਹੈ।

**ਮੀਨ:** ਉਦਾਸ ਅਤੇ ਤਨਾਵ ਮਨ ਦੀ ਸ਼ਾਤੀ ਨੂੰ ਖਤਮ ਕਰ ਸਕਦਾ ਹੈ। ਜੋ ਲੋਕ ਪੈਸੇ ਨੂੰ ਬੇਵਜਾਹ ਖਰਚ ਕਰ ਰਹੇ ਹਨ ਅੱਜ ਉਨਾਂ ਨੂੰ ਸਮਝ ਆ ਸਕਦਾ ਹੈ ਕਿ ਪੈਸੇ ਦੀ ਜੀਵਨ ਵਿਚ ਕੀ ਕੀਮਤ ਹੈ ਕਿਉਂ ਕਿ ਅੱਜ ਅਚਾਨਕ ਤੁਹਾਨੂੰ ਪੈਸੇ ਦੀ ਲੋੜ ਪਵੇਗੀ ਅਤੇ ਤੁਹਾਡੇ ਕੋਲ ਜਿਆਦਾ ਪੈਸਾ ਨਹੀਂ ਹੋਵੇਗਾ। ਦਿਨ ਦੇ ਦੂਜੇ ਹਿੱਸੇ ਵਿਚ ਕੁਝ ਦਿਲਚਸਪ ਅਤੇ ਰੋਮਾਂਚਕ ਕੰਮ ਕਰਨ ਦੇ ਲਈ ਵਧੀਆ ਸਮਾਂ ਹੈ। ਉਤੇਜਕ ਦਿਨ ਹੈ ਕਿਉਂ ਕਿ ਤੁਹਾਡਾ ਪਿਆਰਾ ਤੁਹਾਨੂੰ ਤੋਹਫੇ ਦੇ ਸਕਦਾ ਹੈ। ਉਦੋਂ ਤੱਕ ਕੋਈ ਵਾਧਾ ਨਾ ਕਰੋ ਜਦੋਂ ਤੱਕ ਤੁਸੀ ਪੂਰੀ ਤਰਾਂ ਉਸ ਨੂੰ ਪੂਰਾ ਕਰਨ ਵਿਚ ਸਮਰਥ ਨਾ ਹੋਵੋ। ਜੇਕਰ ਤੁਸੀ ਰੁਝੇਵਿਆਂ ਤੋਂ ਬਾਅਦ ਵੀ ਆਪਣੇ ਲਈ ਸਮਾਂ ਕੱਢਣ ਦੇ ਯੋਗ ਹੋਵੋਂਗੇ ਤਾਂ ਤੁਹਾਨੂੰ ਇਸ ਦੀ ਸਹੀ ਵਰਤੋ ਕਰਨੀ ਸਿੱਖਣੀ ਚਾਹੀਦੀ ਹੈ ਅਜਿਹਾ ਕਰਨ ਨਾਲ ਤੁਸੀ ਆਪਣੇ ਭਵਿੱਖ ਨੂੰ ਸੁਧਾਰ ਸਕਦੇ ਹੋ। ਜੇਕਰ ਤੁਸੀ ਆਪਣੇ ਜੀਵਨਸਾਥੀ ਦੇ ਪਿਆਰ ਲਈ ਤਰਸ ਰਹੋ ਹੋ ਤਾਂ ਇਹ ਦਿਨ ਤੁਹਾਡੇ ਲਈ ਅਸੀਸ ਹੋਵੇਗਾ।

## ਪਿੱਠਵਰਤੀ ਗਾਇਕ ਰਫ਼ੀ ਦੀ ਬਰਸੀ 'ਤੇ ਵਿਸ਼ੇਸ਼

# ਤੁਮ ਮੁਝੇ ਯੂੰ ਭੁਲਾ ਨਾ ਪਾਓਗੇ...



ਕੁਝ ਅਵਾਜ਼ਾਂ ਸਿਰਫ਼ ਕੰਨਾਂ ਤੱਕ ਹੀ ਨਹੀਂ, ਸਗੋਂ ਰੂਹ ਤੱਕ ਵੀ ਪਹੁੰਚਦੀਆਂ ਹਨ,ਜੋ ਇਤਿਹਾਸ ਦੀਆਂ ਸਤਰਾਂ 'ਚ ਨਹੀਂ, ਦਿਲਾਂ ਦੇ ਨਕਸ਼ਿਆਂ 'ਚ ਵਸ ਜਾਂਦੀਆਂ ਹਨ। ਅਜਿਹੀ ਹੀ ਇੱਕ ਅਵਾਜ਼ ਸੀ ਮੁਹੰਮਦ ਰਫੀ ਦੀ। ਉਹ ਅਵਾਜ਼ ਜੋ ਦਰਦ ਨੂੰ ਲਫ਼ਜ਼ ਦਿੰਦੀ ਸੀ, ਪ੍ਰੇਮ ਨੂੰ ਰਾਗ ਅਤੇ ਭਗਤੀ ਨੂੰ ਲੈਅ ਬਣਾਉਂਦੀ ਸੀ। ਅੱਜ ਵੀ ਜਦੋਂ ਅਸੀਂ ਰਫੀ ਦੇ ਗੀਤ ਸੁਣਦੇ ਹਾਂ ਤਾਂ ਹਵਾ ਰੁਕ ਜਿਹੀ ਜਾਂਦੀ ਹੈ, ਦਿਲ ਠਹਿਰ ਜਾਂਦਾ ਹੈ ਅਤੇ ਯਾਦਾਂ ਕਿਸੇ ਰੇਲ ਗੱਡੀ ਵਾਂਗ ਸਾਡੇ ਪਿੱਛੋਂ-ਪਿੱਛੇ ਦੌੜ ਪੈਂਦੀਆਂ ਹਨ।

24 ਦਸੰਬਰ 1924 ਨੂੰ ਅੰਮ੍ਰਿਤਸਰ ਦੇ ਨਜ਼ਦੀਕ ਇੱਕ ਛੋਟੇ ਜਿਹੇ ਪਿੰਡ ਕੋਟਲਾ ਸੁਲਤਾਨ ਸਿੰਘ ਵਿੱਚ ਜਨਮੇ ਮੁਹੰਮਦ ਰਫੀ ਨੂੰ ਸੰਗੀਤ ਪਰਿਵਾਰਕ ਵਿਰਾਸਤ ਵਿੱਚ ਨਹੀਂ ਸੀ ਮਿਲਿਆ। ਉਸ ਨੂੰ ਬਚਪਨ ਤੋਂ ਹੀ ਗਾਉਣ ਦਾ ਬਹੁਤ ਸ਼ੌਕ ਸੀ ਪਰ ਉਸਦੇ ਪਿਤਾ ਗਾਉਣ ਦੇ ਸਖਤ ਖਿਲਾਫ ਸਨ ਕਿਉਂਕਿ ਰਫੀ ਦੇ ਪਿਤਾ ਨੂੰ ਰਫੀ ਦਾ ਗਾਇਕ ਬਣਨਾ ਬਿਲਕੁਲ ਵੀ ਪਸੰਦ ਨਹੀਂ ਸੀ। ਜਦੋਂ ਰਫ਼ੀ 15 ਸਾਲ ਦੇ ਹੋਏ ਤਾਂ ਉਸ ਨੇ ਆਪਣੇ ਵੱਡੇ ਭਰਾ ਦੀ ਮਦਦ ਨਾਲ ਸੰਗੀਤ ਸਿੱਖਿਆ ਹਾਸਿਲ ਕੀਤੀ। ਫੇਰ ਉਨ੍ਹਾਂ ਨੂੰ ਲਾਹੌਰ ਤੋਂ ਜਨਾਬ ਹਾਮਿਦ ਸਾਹਿਬ ਨੇ ਆਲ ਇੰਡੀਆ ਰੇਡੀਓ ਤੇ ਕੁੰਦਨ ਲਾਲ ਸਹਿਗਲ ਦੇ ਇਕ ਪ੍ਰੋਗਰਾਮ ਵਿੱਚ ਗਾਉਣ ਦਾ ਮੌਕਾ ਦਿੱਤਾ। ਉਸ ਸਮੇਂ ਦੇ ਮਸ਼ਹੂਰ ਸੰਗੀਤਕਾਰ ਸ਼ਿਆਮ ਸੁੰਦਰ ਨੇ ਰਫੀ ਦੀ ਇਸ ਪ੍ਰਤਿਭਾ ਨੂੰ ਸਮਝਿਆ ਅਤੇ ਉਹ ਰਫ਼ੀ ਦੇ ਇੰਨੇ ਦੀਵਾਨੇ ਹੋ ਗਏ ਕਿ ਉਸ ਨੂੰ ਮੁੰਬਈ ਲੈ ਆਏ,ਜਿੱਥੇ ਰਫੀ ਨੂੰ ਪਹਿਲੀ ਵਾਰ ਪੰਜਾਬੀ ਫਿਲਮ 'ਗੁਲ-ਬਲੋਚ' 'ਚ ਜੀਨਤ ਬੇਗ਼ਮ ਨਾਲ ਗਾਉਣ ਦਾ ਮੌਕਾ ਮਿਲਿਆ, ਜਿਸ ਦੇ ਬੋਲ ਸਨ 'ਸੋਹਣੀਏ ਨੀਂ, ਹੀਰੀਏ ਨੀਂ'। ਸਿਰਫ 17 ਸਾਲ ਦੀ ਉਮਰ ਤੋਂ ਹੀ ਰਫੀ ਨੇ ਆਪਣਾ ਸੰਗੀਤਕ ਸਫ਼ਰ ਸ਼ੁਰੂ ਕੀਤਾ, ਜੋ ਉਨ੍ਹਾਂ ਦੀ ਮੌਤ ਤੱਕ ਨਿਰੰਤਰ ਜਾਰੀ ਰਿਹਾ।

ਰਫੀ ਸਾਹਿਬ ਜੀ ਨੇ ਨੌਸ਼ਾਦ, ਸਚਿਨ ਦੇਵ ਬਰਮਨ, ਸੀ.ਰਾਮਚੰਦਰ, ਮਦਨ ਮੋਹਨ, ਓ.ਪੀ. ਨਈਅਰ, ਕਲਿਆਣ ਜੀ, ਆਨੰਦ ਜੀ, ਲਕਸ਼ਮੀਕਾਂਤ ਪਿਆਰੇ ਲਾਲ,ਰਵਿੰਦਰ ਜੈਨ, ਇਕਬਾਲ ਕੁਰੈਸ਼ੀ ਆਦਿ ਸੰਗੀਤਕਾਰਾਂ ਨਾਲ ਮਿਲ ਕੇ ਆਪਣੀ ਆਵਾਜ਼ ਦਾ ਅਜਿਹਾ ਜਾਦੂ ਬਿਖੇਰਿਆ ਜਿਸ ਨਾਲ ਪਲੇਅਬੈਕ ਗੀਤਾਂ ਨੂੰ ਇਕ ਨਵੀਂ ਪਰਿਭਾਸ਼ਾ ਮਿਲੀ। ਹਰੇਕ ਫ਼ਿਲਮੀ ਹੀਰੋ ਤੇ ਰਫ਼ੀ ਦੀ ਆਵਾਜ਼ ਫਿੱਟ ਬੈਠਦੀ ਸੀ, ਗੀਤ ਭਾਵੇਂ ਸਾਦਾ ਹੀ ਹੋਵੇ ਪਰ ਰਫੀ ਦੀ ਆਵਾਜ਼ ਦਾ ਜਾਦੂ ਉਸ ਗੀਤ ਵਿਚ ਅਜਿਹਾ ਰਸ ਘੋਲਦਾ ਕਿ ਗੀਤ ਕਿਤੋਂ ਦਾ ਕਿਤੇ ਪਹੁੰਚ ਜਾਂਦਾ। ਇਸ ਪਿੱਠਵਰਤੀ ਗਾਇਕ ਨੇ ਆਪਣੀ ਜਾਦੂਈ ਆਵਾਜ਼ ਵਿੱਚ ਬੇਹੱਦ ਹਿਟ ਗੀਤ ਦਿੱਤੇ ਜਿਵੇਂ:-

ਕਿਆ ਹੁਆ ਤੇਰਾ ਵਾਅਦਾ..
ਲਿਖੇ ਜੋ ਖ਼ਤ ਤੁਝੇ..
ਚਾਹੂੰਗਾ ਮੈਂ ਤੁਝੇ ਸਾਂਝ ਸਵੇਰੇ..
ਮੈਂ ਜੱਟ ਯਮਲਾ ਪਗਲਾ ਦੀਵਾਨਾ..
ਪੱਥਰ ਕੇ ਸਨਮ..
ਦਸ ਮੇਰਿਆ ਦਿਲਬਰਾ ਵੇ..
ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ..
ਲੱਗੀ ਵਾਲੇ ਤਾਂ ਕਦੇ ਨਹੀਂ ਸੌਂਦੇ..
ਚਿੱਟੇ ਦੰਦ ਹੱਸਣੋਂ ਨਹੀਓ ਰਹਿੰਦੇ..
ਦਾਣਾ ਪਾਣੀ ਖਿੱਚ ਲਿਆਉਂਦਾ...

ਜਿਹੇ ਹਿੰਦੀ-ਪੰਜਾਬੀ ਗੀਤਾਂ ਤੋਂ ਇਲਾਵਾ ਰਫ਼ੀ ਸਾਹਿਬ ਨੇ ਭਾਰਤ ਦੀਆਂ ਲਗਭਗ 35 ਭਾਸ਼ਾਵਾਂ ਵਿੱਚ ਚਾਰ ਦਹਾਕਿਆਂ ਤਕ ਕੋਈ 26 ਹਜ਼ਾਰ ਤੋਂ ਵੀ ਵੱਧ ਗੀਤ ਗਾਏ। ਜਿਨ੍ਹਾਂ ਵਿੱਚ ਧਾਰਮਿਕ ਗੀਤ,ਸ਼ਬਦ,ਭਜਨ,ਦੇਸ਼-ਭਗਤੀ ਗੀਤ, ਕਵਾਲੀਆਂ ਆਦਿ ਵੀ ਸ਼ਾਮਿਲ ਹਨ।

ਜਦੋਂ ਰਫੀ ਨੇ ਫ਼ਿਲਮ 'ਨੀਲ ਕਮਲ' ਲਈ 'ਬਾਬੁਲ ਕੀ ਦੁਆਏਂ ਲੇਤੀ ਜਾ' ਗੀਤ ਦੀ ਰਿਕਾਰਡਿੰਗ ਕੀਤੀ, ਤਾਂ ਉਨ੍ਹਾਂ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। ਇਹ ਗੀਤ ਉਨ੍ਹਾਂ ਲਈ ਨਿੱਜੀ ਤੌਰ 'ਤੇ ਵੀ ਖਾਸ ਸੀ, ਕਿਉਂਕਿ ਉਨ੍ਹਾਂ ਦੀ ਧੀ ਦੀ ਮੰਗਣੀ ਸਿਰਫ਼ ਇੱਕ ਦਿਨ ਪਹਿਲਾਂ ਹੀ ਹੋਈ ਸੀ। ਇਹ ਗੀਤ ਉਨ੍ਹਾਂ ਨੇ ਆਪਣੀਆਂ ਭਾਵਨਾਵਾਂ ਨਾਲ ਭਰਪੂਰ ਇਸ ਤਰੀਕੇ ਨਾਲ ਗਾਇਆ ਕਿ ਜਿਸ ਲਈ ਉਨ੍ਹਾਂ ਨੂੰ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਗਿਆ। ਆਪਣੇ ਸੰਗੀਤਕ ਸਫ਼ਰ ਦੌਰਾਨ ਰਫ਼ੀ ਸਾਹਿਬ ਨੂੰ ਬਹੁਤ ਸਾਰੇ ਮਾਣ-ਸਨਮਾਨ ਮਿਲੇ,ਜਿਸ ਵਿਚ ਫ਼ਿਲਮ ਫੇਅਰ ਐਵਾਰਡ ਤੋਂ ਇਲਾਵਾ ਉਨ੍ਹਾਂ ਨੂੰ 1965 ਵਿਚ ਪਦਮ ਸ੍ਰੀ ਨਾਲ ਵੀ ਨਿਵਾਜਿਆ ਗਿਆ। ਇਸ ਤੋਂ ਇਲਾਵਾ ਸੰਗੀਤਕ ਅਸਮਾਨ ਦੇ ਇਸ ਚਮਕਦੇ ਤਾਰੇ ਦੀ ਯਾਦ 'ਚ, ਭਾਰਤ ਸਰਕਾਰ ਦੇ ਡਾਕ ਵਿਭਾਗ ਨੇ ਉਨ੍ਹਾਂ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ ਡਾਕ ਟਿਕਟ ਜਾਰੀ ਕਰਕੇ ਉਨ੍ਹਾਂ ਦੀ ਮਹਾਨਤਾ ਤੇ ਮੋਹਰ ਲਗਾਈ।

ਸੰਗੀਤ ਦੀ ਦੁਨੀਆਂ ਦੀ ਇਹ ਅਮਰ ਆਵਾਜ਼ 31 ਜੁਲਾਈ 1980 ਨੂੰ ਹਮੇਸ਼ਾ ਲਈ ਖ਼ਾਮੋਸ਼ ਤਾਂ ਜ਼ਰੂਰ ਹੋ ਗਈ ਪਰ ਆਪਣੇ ਵਲੋਂ ਗਾਏ ਗੀਤਾਂ ਨੂੰ ਇਕ ਵਿਰਾਸਤ ਦੇ ਰੂਪ 'ਚ ਸਾਡੇ ਲਈ ਰਹਿੰਦੀ ਦੁਨੀਆਂ ਤੀਕ ਛੱਡ ਗਏ, ਜਿਨ੍ਹਾਂ ਦਾ ਅਸੀਂ ਅੱਜ ਵੀ ਆਨੰਦ ਮਾਣ ਰਹੇ ਹਾਂ। ਬਲੈਕ ਐਂਡ ਵ੍ਹਾਈਟ ਫਿਲਮਾਂ ਦੇ ਦੌਰ ਤੋਂ ਸ਼ੁਰੂ ਹੋਇਆ ਗੀਤਾਂ ਦਾ ਇਹ ਸਫ਼ਰ ਉਨ੍ਹਾਂ ਦੇ ਇਸ ਜਹਾਨ ਤੋਂ ਰੁਖ਼ਸਤ ਹੋਣ ਤੋਂ ਬਾਅਦ ਅੱਜ ਵੀ ਬਰਕਰਾਰ ਹੈ,ਰਫ਼ੀ ਦੀ ਆਵਾਜ਼ ਰੂਹ ਬਣ ਕੇ ਦੇਸ਼-ਵਿਦੇਸ਼ ਦੇ ਲੋਕਾਂ ਦੇ ਕੰਨਾਂ 'ਚ ਸੰਗੀਤ ਦਾ ਰਸ ਘੋਲ ਰਹੀ ਹੈ। ਅੱਜ ਵੀ ਜਦੋਂ ਅਸੀਂ ਰਫੀ ਸਾਹਿਬ ਦਾ ਕੋਈ ਗੀਤ ਸੁਣਦੇ ਹਾਂ ਤਾਂ ਆਪਣੇ ਆਪ ਨੂੰ ਗੁਣ-ਗੁਣਾਉਣ ਤੋਂ ਨਹੀਂ ਰੋਕ ਪਾਉਂਦੇ।



ਬਲਦੇਵ ਸਿੰਘ ਬੇਦੀ, ਜਲੰਧਰ,
9041925181

# ਸਿਹਤ ਦਾ ਖਿਆਲ



ਹਰਪ੍ਰੀਤ ਕੌਰ ਸੰਧੂ

ਬੰਦਾ ਜਦੋਂ ਕੋਈ ਗੱਡੀ ਖਰੀਦਦਾ ਉਸੇ ਸਮੇਂ ਨੋਟ ਕਰ ਲੈਂਦਾ ਕਿ ਕਿਸ ਦਿਨ ਇਸ ਦੀ ਸਰਵਿਸ ਕਰਾਉਣੀ ਹੈ। ਸਰਵਿਸ ਕਰਾਉਣ ਤੋਂ ਹਫਤਾ ਪਹਿਲਾਂ ਹੀ ਇਹ ਫਿਕਰ ਸਤਾਉਣ ਲੱਗ ਪੈਂਦਾ ਕਿ ਫਲਾਣੇ ਦਿਨ ਗੱਡੀ ਦੀ ਸਰਵਿਸ ਜ਼ਰੂਰ ਕਰਾਉਣੀ ਹੈ।ਪਹਿਲੀ ਸਰਵਿਸ ਤੋਂ ਬਾਅਦ ਹਰ ਸਰਵਿਸ ਦੀ ਤਰੀਕ ਨੋਟ ਹੁੰਦੀ। ਏਜੰਸੀ ਵਾਲੇ ਵੀ ਫੋਨ ਕਰੀ ਜਾਂਦੇ ਕਿ ਸਰਵਿਸ ਕਰਵਾ ਲਓ। ਅਸੀਂ ਵੀ ਇੰਨੇ ਫਰਮਾਬਰਦਾਰ ਹਾਂ ਕਿ ਕੋਈ ਸਰਵਿਸ ਮਿਸ ਨਹੀਂ ਕਰਦੇ। ਆਖਿਰ ਸਾਡੀ ਲੱਖਾਂ ਰੁਪਈਆਂ ਦੀ ਗੱਡੀ ਦਾ ਸਵਾਲ ਹੈ। ਇਸ ਦੀ ਸਿਹਤ ਦਾ ਖਿਆਲ ਰੱਖਣਾ ਬਹੁਤ ਜ਼ਰੂਰੀ ਹੈ। ਇਸ ਵਿੱਚ ਤੇਲ ਪਾਣੀ ਬਰਾਬਰ ਹੋਣਾ ਚਾਹੀਦਾ ਹੈ। ਪਰ ਇੱਕ ਗੱਲ ਦੱਸੋ ਇਹ ਜਿਹੜਾ ਬੇਸ਼ਕੀਮਤੀ ਸਰੀਰ ਹੈ ਸਾਡੇ ਕੋਲ ਕੀ ਅਸੀਂ ਇਸਦਾ ਵੀ ਇਸੇ ਤਰ੍ਹਾਂ ਖਿਆਲ ਰੱਖਦੇ ਹਾਂ? ਕਿ ਤੁਸੀਂ ਹਰ ਛੇ ਮਹੀਨਿਆਂ ਬਾਅਦ ਪੂਰੇ ਚੈਕ ਅਪ ਕਰਵਾਉਂਦੇ ਹੋ? 40 ਦੀ ਉਮਰ ਤੋਂ ਬਾਅਦ ਹਰ ਛੇ ਮਹੀਨਿਆਂ ਬਾਅਦ ਰੈਗੂਲਰ ਚੈਕ ਅਪ ਕਰਾਉਣਾ ਚਾਹੀਦਾ ਹੈ। ਆਪਣੇ ਚੋਂ ਕਿੰਨੇ ਕੁ ਲੋਕ ਕਰਵਾਉਂਦੇ ਹਨ? ਮੈਂ ਵੀ ਨਹੀਂ ਕਰਵਾਉਂਦੀ।

ਸਿਹਤ ਦੀ ਕੀਮਤ ਸਾਨੂੰ ਤਦੋਂ ਤੱਕ ਪਤਾ ਨਹੀਂ ਲੱਗਦੀ ਜਦ ਤੱਕ ਅਸੀਂ ਇਸ ਨੂੰ ਗਵਾ ਨਹੀਂ ਲੈਂਦੇ। ਫਿਰ ਉਸ ਤੋਂ ਬਾਅਦ ਹੱਥ ਪੱਲੇ ਕੁਝ ਨਹੀਂ ਪੈਂਦਾ। ਮੇਰੇ ਇੱਕ ਮਰਹੂਮ ਹਾਰਟ ਸਪੈਸ਼ਲਿਸਟ ਮਿੱਤਰ ਨੇ ਮੈਨੂੰ ਦੱਸਿਆ ਸੀ ਕੀ ਬਲੱਡ ਪ੍ਰੈਸ਼ਰ ਜਾਂ ਦਿਲ ਨਾਲ ਸੰਬੰਧਿਤ ਕੋਈ ਸਮੱਸਿਆ ਹੋਵੇ ਤਾਂ ਪਹਿਲਾਂ ਲਿਪਟ ਪ੍ਰੋਫਾਈਲ ਕਰਾਓ। ਜੇਕਰ ਕੋਈ ਰਿਪੋਰਟ ਉੱਪਰ ਥੱਲੇ ਹੋਵੇ ਤਾਂ ਈਸੀਜੀ ਹੋਣੀ ਚਾਹੀਦੀ। ਜੇਕਰ ਈਸੀਜੀ ਠੀਕ ਨਾ ਹੋਵੇ ਤਾਂ ਇਕੋ ਕਰਵਾਓ। ਬਈ ਘਰ ਵਿੱਚ ਰੱਖੇ ਟੁੱਲੂ ਪੰਪ ਦੀ ਤਾਂ ਸਾਨੂੰ ਪੂਰੀ ਫਿਕਰ ਰਹਿੰਦੀ। ਪਰ ਇਹ ਜੋ ਪੰਪ ਹਰ ਵੇਲੇ ਦਿਨ ਰਾਤ ਬਿਨਾਂ ਰੁਕੇ ਸਰੀਰ ਵਿੱਚ ਖੂਨ ਦੇ ਬਹਾਲ ਹੀ ਕੰਮ ਕਰ ਰਿਹਾ ਹੈ ਸਾਡਾ ਦਿਲ, ਉਸ ਦੀ ਅਸੀਂ ਬਿਲਕੁਲ ਫਿਕਰ ਨਹੀਂ ਕਰਦੇ।

ਸੋ ਭਾਈ ਇਹ ਗਾਣੇ ਕਵਿਤਾਵਾਂ ਛੱਡੋ। 40 ਤੋਂ ਉੱਪਰ ਹੋ ਗਏ ਹੋ ਤਾਂ ਆਪਣੇ ਟੈਸਟ ਕਰਵਾਓ। ਹਰ ਛੇ ਮਹੀਨਿਆਂ ਬਾਅਦ ਰੈਗੂਲਰ ਚੈੱਕ ਅਪ ਕਰਵਾਓ। ਕਿਸੇ ਵੱਡੇ ਹਸਪਤਾਲ ਵਿੱਚ ਜਾਣ ਦੀ ਜ਼ਰੂਰਤ ਨਹੀਂ। ਕਿਸੇ ਵੀ ਚੰਗੇ ਮੈਡੀਸਨ ਵਾਲੇ ਡਾਕਟਰ ਕੋਲ ਚਲੇ ਜਾਓ। ਬਸ ਜਾਂਦੇ ਹੋਏ ਆਪਣਾ ਐਪਲ ਦਾ ਫੋਨ ਘਰ ਰੱਖ ਜਾਇਓ। ਕਿਉਂਕਿ ਇਸ ਨੂੰ ਦੇਖ ਕੇ ਹੋ ਸਕਦਾ ਹੈ ਤੁਹਾਡੇ ਕਈ ਹੋਰ ਟੈਸਟ ਕਰਵਾ ਲਏ ਜਾਣ। ਡਾਕਟਰ ਕੋਲ ਜਾ ਕੇ ਗੂਗਲ ਤੋਂ ਪ੍ਰਾਪਤ ਕੀਤੀ ਆਪਣੀ ਜਾਣਕਾਰੀ ਨਾ ਦੱਸੋ ਉਸ ਦੀ ਸੁਣੋ। ਸਿਹਤ ਹੀ ਅਸਲੀ ਧਨ ਹੈ। ਸਰੀਰ ਹੈ ਤਾਂ ਸਭ ਕੁਝ ਹੈ। ਸਿਆਣੇ ਕਹਿੰਦੇ ਨੇ ਜਾਨ ਹੈ ਤਾਂ ਜਹਾਨ ਹੈ। ਤੁਹਾਡੀ ਜਾਨ ਕੋਈ ਵੀ ਹੋਵੇ ਪਰ ਅਸਲ ਜਾਨ ਉਹੀ ਹੈ ਜੋ ਸਾਡੇ ਅੰਦਰ ਬੋਲ ਰਿਹਾ ਹੈ। ਇਸ ਜਾਨ ਦਾ ਖਿਆਲ ਰੱਖੋ।

# ਦਾਜ ਦੀ ਲਾਹਣਤ

ਬੜਾ ਪੁਰਾਣਾ ਹੈ ਰਿਵਾਜ । ਜਿਸ ਨੂੰ ਕਹਿੰਦੇ ਹਾਂ ਅਸੀਂ ਦਾਜ।
ਸਮਾਜ ਦੇ ਮੱਥੇ ਇਹ ਕਲੰਕ। ਭਾਵੇਂ ਰਾਜਾ ਭਾਵੇਂ ਰੰਕ।
ਘਰ ਘਰ ਦੇ ਵਿੱਚ ਪਾਏ ਪੁਆੜੇ। ਇਸ ਨੇ ਲੱਖਾਂ ਘਰ ਉਜਾੜੇ।
ਗਰੀਬਾਂ ਲਈ ਵਿਆਹ ਕਰਨਾ ਔਖਾ। ਦਾਜ ਬਣਾਉਣਾ ਨਹੀਂ ਕੋਈ ਸੌਖਾ।
ਕਰਜ਼ਾ ਵੀ ਹੈ ਚੁੱਕਣਾ ਪੈਂਦਾ। ਜੋ ਫਿਰ ਸਿਰ ਤੋਂ ਕਦੇ ਨਾ ਲਹਿੰਦਾ।
ਔਖੇ ਹੋ ਕੇ ਵਿਆਹ ਨੇ ਕਰਦੇ। ਸਾਰੀ ਉਮਰ ਵਿਆਜਾਂ ਭਰਦੇ।
ਪੈਲੇਸ ਵੀ ਮੂੰਹ ਖੜੇ ਨੇ ਅੱਡੀ। ਏਨਾਂ ਨੇ ਵੀ ਜਾਨ ਹੈ ਕੱਢੀ।
ਓਨਾਂ ਖਾਣਾ ਨਹੀਂ ਕੋਈ ਖਾਧਾ। ਜਿੰਨਾ ਇਹ ਵਿਅਰਥ ਹੈ ਜਾਂਦਾ।
ਪਹਿਲਾਂ ਕਰਦੇ ਸਭ ਅਰਦਾਸਾਂ। ਰੱਬਾ ਪੂਰੀਆਂ ਕਰਦੇ ਆਸਾਂ।
ਸੋਹਣੀ ਨੂੰਹ ਕੋਈ ਘਰ ਵਿੱਚ ਆਵੇ। ਆ ਕੇ ਘਰ ਨੂੰ ਭਾਗ ਲਗਾਵੇ ।
ਆਖਰ ਓਹ ਫਿਰ ਸਮਾਂ ਹੈ ਆਉਂਦਾ। ਜਿਸ ਦੇ ਤਾਈ ਹਰ ਕੋਈ ਚਾਹੁੰਦਾ।
ਘਰ ਵਿੱਚ ਆਉਂਦੀ ਹੈ ਨੂੰ ਰਾਣੀ। ਜੋ ਹੈ ਕਿਸੇ ਦੀ ਧੀ ਧਿਆਣੀ।
ਮਾਪੇ ਕਰਦੇ ਹਰ ਗੱਲ ਪੂਰੀ। ਬਣ ਜਾਂਦੀ ਹੈ ਇਹ ਮਜਬੂਰੀ।
ਐਪਰ ਦਾਜ ਜੇ ਘੱਟ ਲਿਆਵੇ। ਸੱਸ ਮੱਥੇ ਤੇ ਤਿਊੜੀ ਪਾਵੇ।
ਦਾਜ਼ ਦੇ ਲੋਭੀ ਚੀਜ਼ਾਂ ਮੰਗਣ। ਮੰਗਣ ਤੋਂ ਉਹ ਕਦੇ ਨਾ ਸੰਗਣ।
ਬੋਲਣ ਲੱਗਿਆ ਨਾ ਵਿਚਾਰਣ। ਗੱਲ ਗੱਲ ਉੱਤੇ ਤਾਹਨੇ ਮਾਰਨ।
ਹਰ ਵੇਲੇ ਇਹ ਸਹਿਆ ਨਾ ਜਾਏ। ਆਖਿਰ ਨੂੰਹ ਸਭ ਦਿਲ ਨੂੰ ਲਾਏ।
ਲੈਂਦੀ ਰਹੇ ਉਹ ਹਉਕੇ ਹਾਵੇ। ਨੈਣੋ ਛਮ ਛਮ ਨੀਰ ਵਹਾਏ।
ਹਰ ਗੱਲ ਨੂੰ ਹੈ ਜਰਨਾ ਔਖਾ। ਕਹਿੰਦੀ ਏਦੋ ਮਰਨਾ ਸੌਖਾ।
ਆਖਰ ਐਸੀ ਚੀਜ਼ ਉਹ ਖਾਵੇ। ਦੁਨੀਆ ਵਿੱਚੋਂ ਚਲੀ ਓਹ ਜਾਵੇ।

ਕੁਲਦੀਪ ਕੌਰ (ਦੀਪ ਲੁਧਿਆਣਵੀ)

# ਹਾਸਾ ਕਿੰਨੇ ਪ੍ਰਕਾਰ ਦਾ ਹੁੰਦਾ ਹੈ...?

ਭਗਵਾਨ ਬੁੱਧ ਨੇ ਇੱਕ ਵਾਰ ਸਾਰਿਪੁਤਰ ਨੂੰ ਕਿਹਾ ਕਿ ਤੂੰ ਹਾਸੇ/ਮਜ਼ਾਕ ਨੂੰ ਧਿਆਨ ਨਾਲ ਵੇਖ ਅਤੇ ਮੈਨੂੰ ਦੱਸ ਕਿ ਹਾਸਾ ਕਿੰਨੇ ਪ੍ਰਕਾਰ ਦਾ ਹੁੰਦਾ ਹੈ। ਸਾਰਿਪੁੱਤਰ ਨੇ ਬੁੱਧ ਨੂੰ ਪੂਰਾ ਵੇਰਵਾ ਦੇ ਦਿੱਤਾ। ਸਾਰਿਪੁੱਤਰ ਤੋਂ ਪਹਿਲਾ ਤੇ ਉਸਦੇ ਬਾਅਦ ਕਿਸੇ ਨੇ ਵੀ ਹਾਸੇ ਨੂੰ ਇੰਨੀ ਗਹਿਰਾਈ ਨਾਲ ਨਹੀਂ ਸਮਝਿਆ। ਸਾਰਿਪੁੱਤਰ ਨੇ ਹਾਸੇ ਨੂੰ ਛੇ ਸ਼੍ਰੇਣੀਆਂ ਵਿੱਚ ਵੰਡਿਆ। ਜਿਸ ਵਿੱਚ ਹਾਸੇ ਦੀ ਮਹਿਮਾ ਦੇ ਚੰਗੇ ਤੇ ਮਾੜੇ ਸਾਰੇ ਰੂਪਾਂ ਦਾ ਵਰਣਨ ਕੀਤਾ। ਹਾਸੇ ਨੇ ਆਪਣਾ ਪੂਰਾ ਰੂਪ ਸਾਰਿਪੁੱਤਰ ਦੇ ਸਾਹਮਣੇ ਪ੍ਰਗਟ ਕੀਤਾ।

1. ਸਿਤਾ
2. ਹੰਸਿਤਾ
3. ਵਿਹੰਸਿਤਾ
4. ਉਪਹੰਸਿਤਾ
5. ਅਪਹੰਸਿਤਾ
6. ਅਤਿਹੰਸਿਤਾ

ਪਹਿਲੀ ਸ਼੍ਰੇਣੀ ਨੂੰ ਉਸ ਨੇ ਕਿਹਾ, ਸਿਤਾ : ਇੱਕ ਧੀਮੀ ਤੇ ਲਗਭਗ ਅਦ੍ਰਿਸ਼ ਮੁਸਕਾਨ, ਜੋ ਕਿ ਸੂਖ਼ਮ ਰੂਪ ਵਿੱਚ ਭਾਵ ਮੁਦ੍ਰਾ ਅੰਦਰ ਪ੍ਰਗਟ ਹੁੰਦੀ ਹੈ। ਜੇ ਵਿਅਕਤੀ ਚੇਤੰਨ ਹੈ ਤਾਂ ਤਦ ਹੀ ਇਸ ਹਾਸੇ ਨੂੰ ਦੇਖਿਆ ਜਾ ਸਕਦਾ ਹੈ। ਸਾਰਿਪੁੱਤਰ ਨੇ ਉਸ ਨੂੰ "ਸਿਤਾ" ਕਿਹਾ। ਜੇ ਤੁਸੀਂ ਬੁੱਧ ਦੇ ਚਿਹਰੇ ਨੂੰ ਧਿਆਨ ਨਾਲ ਵੇਖਦੇ ਹੋ ਤਾਂ ਤੁਹਾਨੂੰ ਇਹ ਉੱਥੇ ਮਿਲੇਗਾ। ਇਹ ਮੁਸਕਰਾਹਟ ਬਹੁਤ ਹੀ ਸੂਖ਼ਮ ਅਤੇ ਸ਼ੁੱਧਤਮ ਹੈ। ਇਸ ਨੂੰ ਸਿਰਫ਼ ਇਕਾਗਰ ਚਿੱਤ ਹੋ ਕੇ ਹੀ ਦੇਖਿਆ ਜਾ ਸਕਦਾ; ਨਹੀਂ ਤਾਂ ਤੁਸੀਂ ਇਸ ਨੂੰ ਗੁਆ ਦੇਵੋਗੇ, ਕਿਉਂਕਿ ਇਹ ਸਿਰਫ ਭਾਵ ਅੰਦਰ ਹੀ ਪ੍ਰਗਟ ਹੁੰਦਾ ਹੈ। ਇਸ ਅੰਦਰ ਬੁੱਲ੍ਹ ਤੱਕ ਵੀ ਨਹੀਂ ਹਿੱਲਦੇ।

ਸੱਚ ਤਾਂ ਇਹ ਹੈ ਕਿ ਬਾਹਰੋਂ ਕੁੱਝ ਦਿਖਾਈ ਵੀ ਨਹੀਂ ਦਿੰਦਾ। ਬਸ, ਇਹ ਸਿਰਫ਼ ਇੱਕ ਨਾ ਦਿਸਣ ਵਾਲਾ ਹਾਸਾ ਹੈ। ਸ਼ਾਇਦ ਇਸੇ ਕਾਰਨ ਕਰਕੇ ਈਸਾਈ ਲੋਕ ਸੋਚਦੇ ਹਨ ਕਿ ਜੀਸਸ ਕਦੇ ਹੱਸੇ ਹੀ ਨਹੀਂ। ਇਹ "ਸਿਤਾ" ਵਰਗੀ ਗੱਲ ਹੀ ਹੋਏਗੀ। ਅਜਿਹਾ ਕਿਹਾ ਜਾਂਦਾ ਹੈ ਕਿ ਸਾਰਿਪੁੱਤਰ ਨੂੰ ਬੁੱਧ ਦੇ ਚਿਹਰੇ 'ਤੇ "ਸਿਤਾ" ਦਿਖਾਈ ਦਿੱਤਾ। ਇਹ ਬਹੁਤ ਹੀ ਦੁਰਲੱਭ ਘਟਨਾ ਹੈ ਕਿਉਂਕਿ "ਸਿਤਾ" ਨੂੰ ਵੇਖਣਾ ਸਭ ਤੋਂ ਵੱਧ ਸ਼ੁੱਧਤਮ ਗੱਲ ਹੈ। ਜਦ ਆਤਮਾ ਸਭ ਤੋਂ ਉੱਚਤਮ ਸਿਖਰ 'ਤੇ ਪਹੁੰਚ ਜਾਂਦੀ ਹੈ, ਕੇਵਲ ਤਦ ਹੀ "ਸਿਤਾ" ਉੱਭਰਦੀ ਹੈ। ਤਦ ਇਹ ਕੁੱਝ ਅਜਿਹਾ ਨਹੀਂ ਹੈ, ਜਿਸ ਨੂੰ ਕਿ ਕੁੱਝ ਕਰਨਾ ਪੈਂਦਾ ਹੈ। ਜੋ ਵਿਅਕਤੀ ਵੀ ਥੋੜ੍ਹਾ ਜਿਹਾ ਸੰਵੇਦਨਸ਼ੀਲ ਹੈ, ਉਹ ਇਸ ਨੂੰ ਦੇਖ ਸਕਦਾ ਹੈ।

ਸਾਰਿਪੁੱਤਰ ਨੇ ਦੂਜੇ ਨੂੰ ਕਿਹਾ "ਹੰਸਿਤਾ"। ਉਹ ਮੁਸਕਾਨ, ਉਹ ਹਾਸਾ, ਜਿਸ ਅੰਦਰ ਬੁੱਲ੍ਹਾਂ ਦਾ ਹਿੱਲਣਾ ਸ਼ਾਮਲ ਹੁੰਦਾ ਹੈ ਅਤੇ ਜੋ ਦੰਦਾਂ ਦੇ ਕਿਨਾਰੇ ਤੋਂ ਸਪੱਸ਼ਟ ਤੌਰ ਤੇ ਦਿਖਾਈ ਦਿੰਦਾ ਹੈ।

ਤੀਜੇ ਨੂੰ ਉਸਨੇ ਕਿਹਾ ਹੈ, "ਵਿਹੰਸਿਤਾ"। ਇੱਕਦਮ ਚੋੜੀ ਤੇ ਖੁੱਲ੍ਹੀ ਮੁਸਕਾਨ, ਜਿਸ ਦੇ ਨਾਲ ਛੋਟਾ ਜਿਹਾ ਹਾਸਾ ਵੀ ਸ਼ਾਮਿਲ ਹੋ ਸਕਦਾ ਹੈ।

ਚੌਥੇ ਨੂੰ ਉਸਨੇ ਕਿਹਾ ਹੈ, "ਉਪਸੰਹਿਤਾ"। ਜ਼ੋਰਦਾਰ ਠਹਾਕੇਦਾਰ ਹਾਸਾ। ਜਿਸ ਅੰਦਰ ਉੱਚੀ ਆਵਾਜ਼ ਹੁੰਦੀ ਹੈ ਤੇ ਇਸ ਅੰਦਰ ਸਿਰ, ਮੋਢਿਆਂ ਅਤੇ ਬਾਹਵਾਂ ਦਾ ਹਿੱਲਣਾ ਜੁਲਣਾ ਜੁੜਿਆ ਹੁੰਦਾ ਹੈ।

ਪੰਜਵੇਂ ਨੂੰ ਉਸਨੇ ਕਿਹਾ ਹੈ, "ਅਪਹੰਸਿਤਾ"। ਇੰਨੀ ਜ਼ੋਰ ਦਾ ਹਾਸਾ ਕਿ ਜਿਸ ਵਿੱਚ ਅੱਖਾਂ ਅੰਦਰੋਂ ਹੰਝੂ ਆ ਜਾਂਦੇ ਹਨ।

ਛੇਵੇਂ ਨੂੰ ਉਸਨੇ ਕਿਹਾ "ਅਤਿਸੰਹਿਤਾ"। ਸਭ ਤੋਂ ਵੱਧ ਤੇਜ਼ ਤੇ ਸ਼ੋਰ ਭਰਿਆ ਹਾਸਾ। ਜਿਸ ਨਾਲ ਪੂਰੇ ਸਰੀਰ ਦੀ ਗਤੀ ਜੁੜੀ ਰਹਿੰਦੀ ਹੈ। ਸਰੀਰ ਠਹਾਕਿਆਂ ਨਾਲ ਦੋਹਰਾ ਹੋ ਜਾਂਦਾ ਤੇ ਵਿਅਕਤੀ ਹਾਸੇ ਨਾਲ ਲੋਟ ਪੋਟ ਹੋ ਜਾਂਦਾ ਹੈ। ਜਦੋਂ ਹਾਸੇ ਜਿਹੀ ਛੋਟੀ ਜਿਹੀ ਚੀਜ਼ ਉੱਤੇ ਵੀ ਧਿਆਨ ਕੇਂਦ੍ਰਿਤ ਕੀਤਾ ਜਾਏ ਤਾਂ ਇਹ ਵੀ ਇੱਕ ਸ਼ਾਨਦਾਰ ਅਤੇ ਵਿਰਾਟ ਚੀਜ਼ ਵਿੱਚ ਬਦਲ ਜਾਂਦਾ ਹੈ, ਇੰਜ ਕਿਹਣਾ ਚਾਹੀਦਾ ਕਿ ਸਾਰਾ ਸੰਸਾਰ ਬਣ ਜਾਂਦਾ ਹੈ।

__ ਓਸ਼ੋ, ਪਤੰਜਲੀ ਯੋਗ ਸੂਤਰ







# ਸ਼ਿਵ ਕੁਮਾਰ ਬਟਾਲਵੀ ਦੇ ਜਨਮ ਦਿਨ 'ਤੇ....



ਪਤਾ ਨਹੀਂ ਮੈਨੂੰ ਕਦੇ ਕਦੇ ਇੰਝ ਜਾਪਦੈ ਕਿ ਸ਼ਿਵ ਕੁਮਾਰ ਬਟਾਲਵੀ ਜਿਡਾ ਵੱਡਾ ਗੀਤਕਾਰ ਸੀ, ਓਡਾ ਵੱਡਾ ਰੁੱਤਬਾ ਅਸੀਂ ਉਹਨੂੰ ਨਹੀਂ ਦੇ ਸਕੇ।

ਜਦੋਂ ਵੀ ਸ਼ਿਵ ਦੀ ਗੱਲ ਤੁਰਦੀ ਐ ਤਾਂ "ਬ੍ਰਿਹਾ ਦਾ ਸੁਲਤਾਨ" ਤੋਂ "ਲੂਣਾਂ" ਤੱਕ ਸਿਮਟ ਕੇ ਕਿਉਂ ਰਹਿ ਜਾਂਦੀ ਐ, ਸ਼ਿਵ ਦੇ ਪਾਠਕ, ਸ੍ਰੋਤੇ ਸਿਰਫ ਕਾਲਜਾਂ ਯੂਨਵਰਸਟੀਆਂ ਦੇ ਵਿਦਿਆਰਥੀ ਤੇ ਬੁੱਧੀਜੀਵੀ ਵਰਗ ਹੀ ਕਿਉਂ ਹੈ ਜਦੋਂ ਕਿ ਸ਼ਿਵ ਤਾਂ ਖੇਤਾਂ ਵਿੱਚ ਹਲ ਵਾਹੁੰਦੇ ਹਾਲੀਆਂ ਦਾ ਗੀਤਕਾਰ ਐ, ਸ਼ਿਵ ਤਾਂ ਤ੍ਰਿੰਝਣਾ 'ਚ ਚਰਖਾਂ ਕਤਦੀਆਂ ਤ੍ਰੀਮਤਾਂ ਦਾ ਗੀਤਕਾਰ ਐ, ਸ਼ਿਵ ਤਾਂ ਹੱਟੀਆਂ,ਭੱਠੀਆਂ, ਸੱਥ ਦਰਵਾਜ਼ੇ ਤੇ ਚੁਲ੍ਹੇ ਚੌਂਕਿਆਂ ਦਾ ਗੀਤਕਾਰ ਐ, ਸ਼ਿਵ ਪੰਜਾਬ ਦੇ ਪੇਂਡੂ ਜੀਵਨ ਵਿੱਚ ਗੜੁੱਚ ਸੀ, ਜਦੋਂ ਉਸ ਸਮੇਂ ਦੇ ਹੋਰ ਨਾਮੀ ਕਵੀਆਂ ਗੀਤਕਾਰਾਂ ਨਾਲ ਸ਼ਿਵ ਦੀ ਪੇਂਡੂ ਪਕੜ ਨੂੰ ਸਮਝਣ ਦੀ ਕੋਸ਼ਿਸ਼ ਕਰੀਦੀ ਐ ਤਾਂ ਉਹ ਬਹੁਤ ਵੱਡਾ ਬੰਦਾ ਜਾਪਦੈ, ਸ਼ਿਵ ਦੇ ਸਮਕਾਲੀ ਪੰਜਾਬ ਦੇ ਨਾਮੀ ਕਵੀ ਪ੍ਰੋ ਮੋਹਨ ਸਿੰਘ ਦਾ ਇਕ ਗੀਤ ਸੀ।

ਘੋੜੀ ਤੇਰੀ ਦੇ ਗਲ ਚਾਂਦੀ ਦੇ ਘੁੰਗਰੂ
ਸਾਡੀਆਂ ਤਾਂ ਸੁੱਥਣਾਂ ਨੂੰ ਭੱਖੜਾ ਵੇ ਹੋ

ਹੁਣ ਇਸ ਗੀਤ ਦੀ ਗਹਿਰਾਈ ਵਿੱਚ ਜਾਂਦਿਆਂ ਮੇਰੇ ਮਨ ਵਿੱਚ ਇਕ ਸੁਆਲ ਪੈਦਾ ਹੁੰਦਾ ਹੈ,,,ਕਿ ਭੱਖੜਾ ਭਾਰਾ ਕੰਡਾ ਹੁੰਦੈ ਉਹ ਧਰਤੀ ਦੇ ਸਤਹ ਤੇ ਹੀ ਹੁੰਦੈ,,,,ਭੱਖੜਾ ਪੈਰਾਂ ਵਿੱਚ ਖੁੱਭ ਤੇ ਸਕਦੈ,,ਪਰ ਸੁੱਥਣ ਨੂੰ ਨਹੀਂ ਚਿੰਬੜਦਾ,,, ਹਾਂ ਸੁੱਥਣਾਂ ਨੂੰ ਅਲੇਹਾ ਚਿੰਬੜਦਾ ਐ,,,,ਕਿਉਂਕਿ ਅਲੇਹੇ ਦਾ ਬੂਝਾ ਧਰਤੀ ਦੀ ਸਤਹ ਤੋਂ ਕੁੱਝ ਉਚਾ ਹੁੰਦੈ,, ਹੋ ਸਕਦੈ ਮੈਂ ਗਲਤ ਹੋਵਾਂ ਪਰ,,,ਪਰ ਮੈਂ ਇਹ ਮੰਨਣ ਨੂੰ ਤਿਆਰ ਨਹੀਂ ਕਿ ਇਹ ਗੀਤ ਪੰਜਾਬ ਦੇ ਕਿਸੇ ਪੇਂਡੂ ਸਭਿਆਚਾਰ ਨਾਲ ਗੜੁੱਚ ਗੀਤਕਾਰ ਦੀ ਲਿਖਤ ਐ

ਹਾਂ ਇਹ ਤੇ ਕਿਸੇ ਪੇਂਡੂ ਪੰਜਾਬੀ ਕਵੀ ਦੀ ਰਚਨਾ ਹੋ ਸਕਦੀ ਐ,,,,,,, ਕਿ

"ਭੱਖੜੇ ਦੇ ਕੰਡੇ ਵਾਂਗੂੰ ਖੁੱਭਿਆ ਪਿਆ ਏਂ
ਮੇਰੇ ਦਿਲ ਵਿੱਚ ਤੂੰ

ਜਾਂ ਪੇਂਡੂ ਜੀਵਨ ਹੰਢਾਉਣ ਵਾਲਾ ਗੀਤਕਾਰ ਹੀ ਕਹੂਗਾ ,,,,,,,ਕਿ

"ਰੂੰਗਾ ਭੂੰਗਾ ਜਾਣੀਂ ਨਾ ਤੂੰ ਮੁੰਡੇ ਅਣਦਾੜ੍ਹੀਏ ਨੂੰ
ਕਰਨੀ ਦਾ ਪੂਰਾ ਮਾਲਾ ਮਾਲ ਸੋਹਣੀਏ
ਨੀ ਤੇਰੇ ਲੱਗ ਜੂੰ ਅਲੇਹੇ ਵਾਂਗੂੰ ਨਾਲ ਸੋਹਣੀਏ"

ਜਦੋਂ ਹੋਰ ਗਹੁ ਨਾਲ ਸੋਚਦਾ ਹਾਂ ਤਾਂ ਮੈਨੂੰ ਭਰਮ ਪੈ ਜਾਂਦੈ ਕਿ ਉਸ ਵੇਲੇ ਦੇ ਨਾਮੀ ਲੋਕ-ਗਾਇਕ ਸੁਰਿੰਦਰ ਕੌਰ ਆਸਾ ਸਿੰਘ ਮਸਤਾਨਾ ਕੇ ਦੀਪ ਜਗਮੋਹਨ ਕੌਰ ਨੂੰ ਛੱਡ ਕੇ ਪੰਜਾਬ ਦੇ ਪੇਂਡੂ ਖੇਤਰ ਦੇ ਸਿਰਕੱਢ ਗਾਇਕਾਂ ਨੇ ਸ਼ਿਵ ਨੂੰ ਪਹਿਚਾਣਿਆ ਈ ਨਹੀਂ

ਉਸ ਵੇਲੇ ਨਰਿੰਦਰ ਬੀਬਾ, ਹਰਚਰਨ ਗਰੇਵਾਲ , ਚਾਂਦੀ ਰਾਮ, ਸਵਰਨਲਤਾ, ਮੁਹੰਮਦ ਸਦੀਕ ਕੁਲਦੀਪ ਮਾਣਕ ਜਿਹੇ ਗਵਈਈਏ ਪੰਜਾਬ ਦੇ ਪੇਂਡੂ ਲੋਕਾਂ ਦੇ ਦਿਲਾਂ ਦੀ ਧੜਕਣ ਸਨ।

ਜਦੋਂ ਕਿ ਸੁਰਿਦਰ ਕੌਰ ਆਸਾ ਸਿੰਘ ਮਸਤਾਨਾ ਕੇ ਦੀਪ ਜਗਮੋਹਣ ਕੌਰ ਜ਼ਿਆਦਾ ਤਰ ਸ਼ਹਿਰੀ ਖੇਤਰ ਦੇ ਕਲਾਕਾਰ ਮੰਨੇ ਜਾਂਦੇ ਸਨ। ਮੇਰੀ ਸਮਝ ਮੁਤਾਬਿਕ ਪੰਜਾਬੀ ਜ਼ੁਬਾਨ ਦਾ ਖਜ਼ਾਨਾ ਤਾਂ ਪੇਂਡੂ ਸਮਾਜ ਐ ਨਾਂ ਕਿ ਸ਼ਹਿਰੀ ਲੋਕ। ਪਾੜਾ ਪੇਂਡੂ ਤੇ ਸ਼ਹਿਰੀ ਦਾ ਐ ਨਾ ਕਿ ਕਿਸੇ ਧਰਮ ਮਜ਼ਹਬ ਦਾ

ਸ਼ਿਵ ਦੇ ਗੀਤਾਂ ਵਿੱਚ ਤਾਂ ਪੰਜਾਬ ਦੇ ਪਿੰਡ ਰਮੇ ਪਏ ਹਨ, ਪੇਂਡੂ ਬੋਲੀ ਪੇਂਡੂ ਤਸਵੀਰਾਂ ਆਹ ਦੇਖੋ

ਅਸੀਂ ਕੱਚੀਆਂ ਅਨਾਰਾਂ ਦੀਆਂ ਟਾਹਣੀਆਂ
ਪਈਆਂ ਪਈਆਂ ਝੂਮ ਵੇ ਰਹੀਆਂ
ਅਸੀਂ ਜੰਗਲੀ ਹਿਰਨ ਦੀਆਂ ਅੱਖੀਆਂ
ਪਈਆਂ ਪਈਆਂ ਬਲ ਵੇ ਰਹੀਆਂ
ਅਸੀਂ ਪੱਤਣਾਂ ਤੇ ਪਈਆਂ ਬੇੜੀਆਂ
ਪਈਆਂ ਪਈਆਂ ਡੁੱਬ ਵੇ ਰਹੀਆਂ
ਅਸੀਂ ਖੰਡ ਮਿਸ਼ਰੀ ਦੀਆਂ ਡਲੀਆਂ
ਪਈਆਂ ਪਈਆਂ ਖੁਰ ਵੇ ਰਹੀਆਂ
ਅਸੀਂ ਕਾਲੇ ਚੰਦਨ ਦੀਆਂ ਗੇਲੀਆਂ
ਪਈਆਂ ਪਈਆਂ ਧੁਖ ਵੇ ਰਹੀਆਂ
ਅਸੀਂ ਕੱਚਿਆਂ ਘਰਾਂ ਦੀਆਂ ਕੰਧਾ
ਪਈਆਂ ਪਈਆਂ ਭੁਰ ਵੇ ਰਹੀਆਂ
ਇਕ ਮੇਰੀ ਸੱਸ ਚੰਦਰੀ
ਭੈੜੀ ਰੋਹੀ ਦੇ ਕਿੱਕਰ ਤੋਂ ਕਾਲੀ
ਗੱਲੇ ਕੱਥੇ ਵੀਰ ਪੁਣਦੀ
ਨਿੱਤ ਦੇਵੇ ਮੇਰੇ ਮਾਪਿਆਂ ਨੂੰ ਗਾਲੀ
ਨੀ ਕਿਹੜਾ ਉਸ ਤੱਤੜੀ ਦਾ
ਨੀ ਮੈਂ ਲਾਚੀਆਂ ਦਾ ਬਾਗ ਉਜਾੜਿਆ
ਨੀ ਸ਼ੀਸ਼ੇ ਨੂੰ ਤਰੇੜ ਪੈ ਗਈ
ਵਾਲ ਵਾਹੁੰਦੀ ਨੇ ਧਿਆਨ ਜਦੋਂ ਮਾਰਿਆ
ਨੀ ਇਕ ਮੇਰੀ ਅੱਖ ਕਾਸ਼ਨੀ
ਸੁਬਾਹ ਸਵੇਰੇ ਉੱਠ ਖੂਹੇ ਤੇ ਜਾਨੀਂ ਆਂ
ਸੂਹਾ ਸੂਹਾ ਘੜਾ ਚੁੱਕ ਢਾਕੇ ਮੈਂ ਲਾਨੀ ਆਂ
ਮੈਨੂੰ ਲੱਗਾ ਮੇਰੀ ਵੱਖੀ ਸੰਗ ਜਾਪੇ
ਹਾਏ ਨੀ ਮੁੰਡਾ ਲੰਬੜਾ ਦਾ
ਮੈਨੂੰ ਹੀਰੇ ਹੀਰੇ ਆਖੇ
ਨਰਮੇ ਦੇ ਫੁੱਲ ਜਿਹਾ ਲੌਂਗ ਮੇਰੇ ਨੱਕ ਦਾ
ਇਕ ਗਿੱਠ ਮਰਕੇ ਵੇ ਮੇਚਾ ਮੇਰੇ ਲੱਕ ਦਾ
ਮੇਰੀ ਵੇਖ ਸ਼ਰਾਬੀ ਚਾਲ,
ਕਣਕਾਂ ਝੂਮਣ ਮੇਰੇ ਨਾਲ
ਮੇਰੇ ਕੋਹ ਕੋਹ ਲੰਮੇ ਵਾਲ ਵੇ ਮੇਰੇ ਹਾਣੀਆਂ
ਸਾਹ ਲਵਾਂ ਸੁੱਜ ਜੇ ਕਲੇਜਾ ਠੰਡੀ ਪੌਣ ਦਾ
ਜੰਗਲੀ ਕਬੂਤਰਾਂ ਨੂੰ ਸਾੜਾ ਮੇਰੀ ਧੌਣ ਦਾ
ਮੈਂ ਮਾਰਾਂ ਵੀਹ ਹੱਥ ਛਾਲ,
ਟੱਪ ਜਾਂ ਪਿੰਡ ਤੇਰੇ ਦਾ ਖਾਲ
ਮੇਰੇ ਕੋਹ ਕੋਹ ਲੰਮੇ ਵਾਲ ਵੇ ਮੇਰੇ ਹਾਣੀਆਂ
ਮੁੱਖ ਤੇ ਪਸੀਨਾ ਉਹਦੇ ਖਾਵੇ ਇੰਝ ਮੇਲ ਨੀ
ਜਿਵੇਂ ਹੁੰਦੀ ਕੰਮੀਆਂ 'ਤੇ ਕੱਤੇ ਦੀ ਤ੍ਰੇਲ ਨੀ
ਉਹਦੀ ਹੱਥ ਜਿੱਡੀ ਲੰਮੀ ਧੌਣ ਦੇਖ ਕੇ
ਪੈਲਾਂ ਪਾਉਣੋਂ ਮੋਰ ਵੀ ਡਰੇ
ਕਾਲੀ ਦਾਤਰੀ ਚੰਨਣ ਦਾ ਦਸਤਾ
ਲੱਛੀ ਕੁੜੀ ਵਾਢੀਆਂ ਕਰੇ
ਜੁੱਤੀ ਲੈਣੀ ਜੁੱਤੀ ਲੈਣੀ ਪੋਠੋਹਾਰ ਦੀ
ਜਿਹੜੀ ਪੈਰ ਦੇ ਕਲੇਜੇ ਲੱਗ ਜਾਵੇ
ਜਦ ਪਾਵਾਂ ਤੇ ਤੇਰੀ ਯਾਦ ਆਵੇ
ਚੁੰਨੀ ਲੈਣੀ, ਚੁੰਨੀ ਲੈਣੀ ਚੀਨਮੀਣ ਦੀ
ਜਿਹੜੀ ਸੌ ਦੀ ਸਵਾ ਗਜ ਆਵੇ
ਸਪ ਬਣ ਕੇ ਜਿਹੜੀ ਲੜ ਜਾਵੇ
ਤੇਰੀ ਸਾਡੀ ਤੇ ਕਹਾਣੀ ਮੁੱਕ ਗਈ
ਅੰਨ੍ਹੇ ਭਾਗਾਂ ਦੀ ਡੰਗੋਰੀ ਟੁੱਟ ਗਈ

ਦੋਸਤੋ ਇਹ ਤਾਂ ਚੌਲਾਂ ਦੇ ਕੜਾਹੇ 'ਚੋਂ ਕੁੱਝ ਕੁ ਦਾਣੇ ਤੁਹਾਡੇ ਸਨਮੁੱਖ ਕੀਤੇ ਨੇ, ਕੜਾਹਾ ਤੇ ਹਾਲੇ ਭਰਿਆ ਪਿਆ ਐ, ਜਿਸਨੂੰ ਹੰਘਾਲਣ ਦੀ ਜ਼ਰੂਰਤ ਐ ਪੰਜਾਬੀ ਗੀਤਾਂ ਦਾ ਅਨਮੋਲ ਖਜਾਨਾ ਹੈ ਸ਼ਿਵ ਕੁਮਾਰ ਬਟਾਲਵੀ।

ਅਸ਼ੋਕ ਬਾਂਸਲ ਮਾਨਸਾ

## ਹਨੀ ਸਿੰਘ ਨਾਲ ਨਜ਼ਰ ਆਈ ਸ਼ਹਿਨਾਜ ਗਿੱਲ



ਗਾਇਕਾ-ਅਦਾਕਾਰਾ ਸ਼ਹਿਨਾਜ਼ ਗਿੱਲ ਆਪਣੀ ਆਉਣ ਵਾਲੀ ਫਿਲਮ 'ਇਕ ਕੁੜੀ' ਨੂੰ ਲੈ ਕੇ ਕਾਫੀ ਚਰਚਾ ਵਿੱਚ ਹੈ ਜੋ ਸਤੰਬਰ ਮਹੀਨੇ ਵਿੱਚ ਰਿਲੀਜ਼ ਹੋਣ ਜਾ ਰਹੀ ਹੈ। ਹਾਲ ਹੀ ਵਿੱਚ ਸ਼ਹਿਨਾਜ਼ ਨੇ ਇੰਸਟਾਗ੍ਰਾਮ 'ਤੇ ਕੁਝ ਤਸਵੀਰਾਂ ਸ਼ੇਅਰ ਕੀਤੀਆਂ ਹਨ, ਜੋ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ। ਇਨ੍ਹਾਂ ਵਿੱਚ ਅਦਾਕਾਰਾ ਮਸ਼ਹੂਰ ਰੈਪਰ ਹਨੀ ਸਿੰਘ ਨਾਲ ਨਜ਼ਰ ਆ ਰਹੀ ਹੈ। ਕੁਝ ਮੀਡੀਆ ਰਿਪੋਰਟਾਂ ਕਹਿ ਰਹੀਆਂ ਹਨ ਕਿ ਹਨੀ ਸਿੰਘ ਅਦਾਕਾਰਾ ਦੀ ਆਉਣ ਵਾਲੀ ਫਿਲਮ ਲਈ ਇੱਕ ਧਮਾਕੇਦਾਰ ਗੀਤ ਲੈ ਕੇ ਆਉਣ ਜਾ ਰਹੀ ਹੈ। ਇਨ੍ਹਾਂ ਤਸਵੀਰਾਂ ਬਾਰੇ ਗੱਲ ਕਰੀਏ ਤਾਂ ਪਹਿਲੀ ਤਸਵੀਰ ਵਿੱਚ ਹੀ ਅਦਾਕਾਰਾ ਹਨੀ ਸਿੰਘ ਨਾਲ ਨਜ਼ਰ ਆ ਰਹੀ ਹੈ ਜਿਸ ਵਿੱਚ ਦੋਵੇਂ ਬਹੁਤ ਖੁਸ਼ ਦਿਖਾਈ ਦੇ ਰਹੇ ਹਨ। ਲੁੱਕ ਬਾਰੇ ਗੱਲ ਕਰੀਏ ਤਾਂ ਸ਼ਹਿਨਾਜ਼ ਜਮੈਕਿਨ ਲੁੱਕ ਵਿੱਚ ਨਜ਼ਰ ਆ ਰਹੀ ਹੈ। ਉਨ੍ਹਾਂ ਨੇ ਸੰਤਰੀ ਅਤੇ ਕਾਲੇ ਰੰਗ ਦੀ ਡਰੈੱਸ, ਨੀ-ਹਾਈ ਬੂਟਸ ਅਤੇ ਕੌਰਨੋਜ਼ ਹੇਅਰ ਸਟਾਈਲ ਪਹਿਨੀ ਹੋਈ ਹੈ- ਜੋ ਕਿ ਜਮੈਕਿਨ ਸੱਭਿਆਚਾਰ ਵਿੱਚ ਬਹੁਤ ਮਸ਼ਹੂਰ ਹੈ।

## ਪੰਜਾਬੀ ਗਾਇਕ ਗੁਲਾਬ ਸਿੱਧੂ ਦਾ ਵੱਡਾ ਖੁਲਾਸਾ 'ਮਿਲ ਰਹੀਆਂ ਜਾਨੋਂ ਮਾਰਨ ਦੀਆਂ ਧਮਕੀਆਂ'



ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਚਰਚਿਤ ਗਾਇਕ ਗੁਲਾਬ ਸਿੱਧੂ ਨੇ ਹਾਲ ਹੀ ਵਿੱਚ ਆਪਣੇ ਯੂਰਪ ਟੂਰ ਦੌਰਾਨ ਇਕ ਅਜਿਹਾ ਖੁਲਾਸਾ ਕੀਤਾ, ਜਿਸ ਨੇ ਦਰਸ਼ਕਾਂ ਨੂੰ ਹੈਰਾਨ ਕਰ ਦਿੱਤਾ। ਲੰਘੇ ਦਿਨੀਂ ਇਟਲੀ ਵਿਚ ਹੋਏ ਲਾਈਵ ਸ਼ੋਅ ਦੌਰਾਨ ਗੁਲਾਬ ਸਿੱਧੂ ਨੇ ਮੰਚ 'ਤੇ ਬੈਠੇ ਹੋਏ ਆਪਣੇ ਮਨ ਦੀ ਗੱਲ ਸਾਂਝੀ ਕਰਦਿਆਂ ਦੱਸਿਆ ਕਿ ਉਹਨੂੰ ਹਰ ਰੋਜ਼ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਉਨ੍ਹਾਂ ਨੇ ਦਰਦ ਭਰੀ ਆਵਾਜ਼ ਵਿੱਚ ਕਿਹਾ, "ਜਦੋਂ ਮੈਂ ਯੂਰਪ ਆਉਣ ਲਈ ਜਹਾਜ਼ ਵਿਚ ਚੜ੍ਹਿਆਂ ਤਾਂ ਮੈਂ ਰੋ ਕੇ ਚੜ੍ਹਿਆ। ਮੈਂ ਸੋਚ ਰਿਹਾ ਸੀ ਕਿ ਮੈਂ ਕਿਸੇ ਦਾ ਕੀ ਮਾੜਾ ਕਰ ਦਿੱਤਾ? ਮੇਰਾ ਤਾਂ ਪੰਜਾਬ 'ਚ ਜੁਲੂਸ ਹੀ ਕੱਢਿਆ ਹੋਇਆ ਹੈ। ਸਿੱਧੂ ਨੇ ਇਹ ਵੀ ਦੱਸਿਆ ਕਿ ਬਰਨਾਲਾ ਦਾ ਇੱਕ ਨੌਜਵਾਨ ਉਨ੍ਹਾਂ ਨੂੰ ਲਗਾਤਾਰ ਧਮਕੀਆਂ ਦੇ ਰਿਹਾ ਹੈ। ਉਹ ਕਹਿੰਦਾ ਸੀ - ਤੇਰੀਆਂ ਲੱਤਾਂ ਤੋੜ ਦਿਆਂਗਾ। ਇਸ ਕਾਰਨ ਉਹ ਹੁਣ ਲੋਕਾਂ ਨਾਲ ਖੁੱਲ੍ਹ ਕੇ ਨਹੀਂ ਮਿਲਦੇ, ਕਿਉਂਕਿ ਡਰ ਬਣਿਆ ਰਹਿੰਦਾ ਹੈ ਕਿ ਕੋਈ ਹਮਲਾ ਨਾ ਕਰ ਦੇਵੇ। ਉਨ੍ਹਾਂ ਕਿਹਾ ਜੇ ਮੈਂ ਕਿਸੇ ਨੂੰ ਮਿਲਦਾ ਹਾਂ ਤਾਂ ਲੋਕ ਕਹਿੰਦੇ ਹਨ ਕਿ ਬਾਈ ਸਿੱਧੂ ਬਾਈ ਨੂੰ ਗਵਾ ਦਿੱਤਾ, ਕਿਤੇ ਤੇਰਾ ਨੁਕਸਾਨ ਨਾ ਹੋ ਜਾਵੇ। ਜੇ ਮੈਂ ਕਿਸੇ ਨੂੰ ਨਈ ਮਿਲਦਾ ਤਾਂ ਲੋਕ ਨਾਰਾਜ਼ ਹੋ ਜਾਂਦੇ ਹਨ।

## ਮਹਿਲਾ ਪ੍ਰਸ਼ੰਸਕ ਨੇ ਸੰਜੇ ਦੱਤ ਦੇ ਨਾਮ ਕਰਵਾਈ ਆਪਣੀ 72 ਕਰੋੜ ਰੁਪਏ ਦੀ ਜਾਇਦਾਦ



ਇਹ ਬਹੁਤ ਘੱਟ ਹੁੰਦਾ ਹੈ ਕਿ ਕੋਈ ਵਿਅਕਤੀ ਕਿਸੇ ਅਜਨਬੀ ਦੇ ਨਾਮ ਆਪਣੀ ਪੂਰੀ ਜਾਇਦਾਦ ਲਿਖਵਾ ਦੇਵੇ। ਹਾਲਾਂਕਿ, ਬਾਲੀਵੁੱਡ ਦੇ ਦਿੱਗਜ ਅਦਾਕਾਰ ਸੰਜੇ ਦੱਤ ਨਾਲ ਅਜਿਹਾ ਹੀ ਹੋਇਆ। ਹਾਲ ਹੀ ਵਿੱਚ, ਉਸ ਨੇ ਆਪਣੀ ਜ਼ਿੰਦਗੀ ਦੇ ਇੱਕ ਹੈਰਾਨ ਕਰਨ ਵਾਲੇ ਪਲ ਬਾਰੇ ਦੱਸਿਆ। ਇੱਕ ਔਰਤ ਉਸ ਦੇ ਲਈ 72 ਕਰੋੜ ਰੁਪਏ ਦੀ ਜਾਇਦਾਦ ਛੱਡ ਗਈ ਸੀ। ਅਦਾਕਾਰ ਨੇ ਦੱਸਿਆ ਹੈ ਕਿ ਉਸ ਨੇ ਇਸ ਜਾਇਦਾਦ ਨਾਲ ਕੀ ਕੀਤਾ।

ਇਕ ਇੰਟਰਵਿਊ ਵਿਚ ਦੱਤ ਤੋਂ ਪੁੱਛਿਆ ਗਿਆ ਕਿ ਕੀ ਇਹ ਸੱਚ ਹੈ ਕਿ ਇੱਕ ਮਹਿਲਾ ਪ੍ਰਸ਼ੰਸਕ ਨੇ 2018 ਵਿੱਚ ਆਪਣੀ ਮੌਤ ਤੋਂ ਪਹਿਲਾਂ ਉਸ ਦੇ ਨਾਮ ਜਾਇਦਾਦ ਲਗਵਾ ਦਿੱਤੀ ਸੀ। ਸੰਜੇ ਦੱਤ ਨੇ ਇਸ ਗੱਲ ਦੀ ਪੁਸ਼ਟੀ ਕੀਤੀ। ਇਸ ਮਾਮਲੇ ਦਾ ਜਵਾਬ ਦਿੰਦੇ ਹੋਏ, ਸੰਜੇ ਦੱਤ ਨੇ ਕਿਹਾ ਕਿ 'ਮੈਂ ਜਾਇਦਾਦ ਔਰਤ ਦੇ ਪਰਿਵਾਰ ਨੂੰ ਵਾਪਸ ਕਰ ਦਿੱਤੀ ਹੈ।

ਦਰਅਸਲ, ਸਾਲ 2018 ਵਿੱਚ, ਸੰਜੇ ਦੱਤ ਦੀ ਇੱਕ ਪ੍ਰਸ਼ੰਸਕ ਨਿਸ਼ਾ ਪਾਟਿਲ ਉਸ ਸਮੇਂ ਸੁਰਖੀਆਂ ਵਿੱਚ ਆਈ ਜਦੋਂ ਉਸ ਨੇ ਆਪਣੀ ਪੂਰੀ ਜਾਇਦਾਦ, ਜਿਸ ਦੀ ਕੀਮਤ ਲਗਭਗ 72 ਕਰੋੜ ਰੁਪਏ ਸੀ, ਨੂੰ ਸੰਜੇ ਦੱਤ ਦੇ ਨਾਮ ਲਿਖਾ ਦਿੱਤੀ। ਇਸ ਕਦਮ ਤੋਂ ਸੰਜੇ ਦੱਤ ਹੈਰਾਨ ਰਹਿ ਗਏ। ਮੁੰਬਈ ਦੀ ਰਹਿਣ ਵਾਲੀ 62 ਸਾਲਾ ਨਿਸ਼ਾ ਕਥਿਤ ਤੌਰ 'ਤੇ ਇੱਕ ਲਾਇਲਾਜ ਬਿਮਾਰੀ ਤੋਂ ਪੀੜਤ ਸੀ। ਉਸ ਨੇ ਆਪਣੇ ਬੈਂਕ ਨੂੰ ਕਿਹਾ ਸੀ ਕਿ ਉਸ ਦੀ ਮੌਤ ਤੋਂ ਬਾਅਦ ਉਸ ਦੀ ਸਾਰੀ ਜਾਇਦਾਦ ਸੰਜੇ ਦੱਤ ਨੂੰ ਸੌਂਪ ਦਿੱਤੀ ਜਾਵੇ। ਹਾਲਾਂਕਿ, ਸੰਜੇ ਦੱਤ ਨੇ ਇਹ ਜਾਇਦਾਦ ਔਰਤ ਦੇ ਪਰਿਵਾਰ ਨੂੰ ਸੌਂਪ ਦਿੱਤੀ।

ਤੁਹਾਨੂੰ ਦੱਸ ਦੇਈਏ ਕਿ ਸੰਜੇ ਦੱਤ ਨੇ 1981 ਵਿੱਚ ਫ਼ਿਲਮ 'ਰੌਕੀ' ਨਾਲ ਬਾਲੀਵੁੱਡ ਵਿੱਚ ਆਪਣੀ ਸ਼ੁਰੂਆਤ ਕੀਤੀ ਸੀ। ਹਾਲ ਹੀ ਵਿੱਚ ਉਨ੍ਹਾਂ ਦੀਆਂ ਫ਼ਿਲਮਾਂ 'ਦ ਭੂਤਨੀ' ਅਤੇ 'ਹਾਊਸਫੁੱਲ 5' ਰਿਲੀਜ਼ ਹੋਈਆਂ ਹਨ। ਇਨ੍ਹੀਂ ਦਿਨੀਂ ਦੱਤ ਕਈ ਪ੍ਰੋਜੈਕਟਾਂ ਨਾਲ ਜੁੜੇ ਹੋਏ ਹਨ। ਉਨ੍ਹਾਂ ਦੀਆਂ ਫ਼ਿਲਮਾਂ 'ਅਖੰਡ 2', 'ਧੁਰੰਧਰ' ਅਤੇ 'ਦਿ ਰਾਜਾ ਸਾਬ' ਇਸ ਸਾਲ ਦੇ ਅੰਤ ਵਿੱਚ ਰਿਲੀਜ਼ ਹੋਣ ਜਾ ਰਹੀਆਂ ਹਨ। ਉਹ ਕੰਨੜ ਫਿਲਮ 'ਕੇਡੀ-ਦਿ ਡੇਵਿਲ' ਦਾ ਵੀ ਹਿੱਸਾ ਹਨ, ਜੋ 2026 ਵਿੱਚ ਰਿਲੀਜ਼ ਹੋਣ ਜਾ ਰਹੀ ਹੈ।

## ਪਾਕਿ ਕਾਮੇਡੀਅਨ ਇਫਤਿਖਾਰ ਠਾਕੁਰ ਨੂੰ ਵੱਡਾ ਝਟਕਾ!

## ਫ਼ਿਲਮ 'ਚੱਲ ਮੇਰਾ ਪੁੱਤ-4' 'ਚੋਂ ਇਫਤਿਖਾਰ ਦੇ ਰੋਲ 'ਤੇ ਚੱਲੀ ਕੈਂਚੀ




ਭਾਰਤ ਅਤੇ ਪੰਜਾਬੀ ਫਿਲਮ ਇੰਡਸਟਰੀ ਬਾਰੇ ਵਿਵਾਦਪੂਰਨ ਬਿਆਨ ਦੇਣ ਵਾਲੇ ਪਾਕਿਸਤਾਨੀ ਕਾਮੇਡੀਅਨ-ਅਦਾਕਾਰ ਇਫਤਿਖਾਰ ਠਾਕੁਰ ਨੂੰ ਵੱਡਾ ਝਟਕਾ ਲੱਗਾ ਹੈ। ਫ਼ਿਲਮ 'ਚੱਲ ਮੇਰਾ ਪੁੱਤ'- 4 ਵਿੱਚ ਉਨ੍ਹਾਂ ਦੀ ਭੂਮਿਕਾ ਕੱਟ ਦਿੱਤੀ ਗਈ ਹੈ, ਜੋ ਪਿਛਲੇ ਤਿੰਨ ਹਿੱਸਿਆਂ ਵਿੱਚ ਸੁਪਰਹਿੱਟ ਸਾਬਤ ਹੋਈ ਸੀ। ਐਤਵਾਰ ਨੂੰ ਰਿਲੀਜ਼ ਹੋਈ ਫਿਲਮ ਦੇ ਟ੍ਰੇਲਰ ਵਿੱਚ ਹੋਰ ਪਾਕਿਸਤਾਨੀ ਕਲਾਕਾਰ ਜ਼ਰੂਰ ਨਜ਼ਰ ਆ ਰਹੇ ਹਨ, ਪਰ ਇਫਤਿਖਾਰ ਠਾਕੁਰ ਦੀ ਭੂਮਿਕਾ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ ਗਿਆ ਹੈ।

ਪੂਰੇ ਟ੍ਰੇਲਰ ਵਿੱਚ ਇਫਤਿਖਾਰ ਠਾਕੁਰ ਦੇ ਸਿਰਫ਼ 5 ਦ੍ਰਿਸ਼ ਰੱਖੇ ਗਏ ਹਨ। ਇੰਨਾ ਹੀ ਨਹੀਂ, ਅੰਤ ਵਿੱਚ ਇਫਤਿਖਾਰ ਠਾਕੁਰ ਦਾ ਸਿਰਫ਼ ਇੱਕ ਬਿਆਨ ਰੱਖਿਆ ਗਿਆ ਹੈ। ਖਾਸ ਗੱਲ ਇਹ ਹੈ ਕਿ ਬਿਆਨ ਤੋਂ ਬਾਅਦ, ਉਨ੍ਹਾਂ ਦਾ ਅਪਮਾਨ ਕਰਨ ਵਾਲਾ ਇੱਕ ਦ੍ਰਿਸ਼ ਰੱਖਿਆ ਗਿਆ ਹੈ। ਇਸ ਦ੍ਰਿਸ਼ ਵਿੱਚ, ਠਾਕੁਰ ਨੂੰ ਕਿਹਾ ਗਿਆ ਹੈ ਕਿ "ਤੁਹਾਡੇ ਵਿੱਚ ਗੈਰਤ ਅਤੇ ਛਿੱਤਰਾਂ ਦੀ ਖਾਮੀ ਦੀ ਘਾਟ ਹੈ।" ਇਹ ਲਾਈਨ ਨਾ ਸਿਰਫ਼ ਉਨ੍ਹਾਂ ਦੇ ਕਿਰਦਾਰ 'ਤੇ, ਸਗੋਂ ਉਨ੍ਹਾਂ ਦੀ ਛਵੀ 'ਤੇ ਵੀ ਨਿਸ਼ਾਨਾ ਲਗਾਉਂਦੀ ਜਾਪਦੀ ਹੈ। ਤੁਹਾਨੂੰ ਦੱਸ ਦੇਈਏ ਕਿ ਇਫਤਿਖਾਰ ਠਾਕੁਰ ਲਗਾਤਾਰ ਪੰਜਾਬੀ ਇੰਡਸਟਰੀ ਬਾਰੇ ਗਲਤ ਬਿਆਨ ਦਿੰਦੇ ਰਹੇ ਹਨ।

ਫ਼ਿਲਮ 'ਚੱਲ ਮੇਰਾ ਪੁੱਤ'- 4 ਦੇ ਟ੍ਰੇਲਰ ਵਿੱਚ ਇਫਤਿਖਾਰ ਠਾਕੁਰ ਦੇ ਇਹ 5 ਦ੍ਰਿਸ਼ ਸਮੇਂ ਅਨੁਸਾਰ ਇਸ ਪ੍ਰਕਾਰ ਹਨ। ਜਿਸ ਵਿੱਚ ਪਹਿਲਾ ਦ੍ਰਿਸ਼ 1:15 ਮਿੰਟ 'ਤੇ, ਦੂਜਾ ਦ੍ਰਿਸ਼ 1:43 ਮਿੰਟ 'ਤੇ, ਤੀਜਾ ਦ੍ਰਿਸ਼ 2:37 ਮਿੰਟ 'ਤੇ ਅਤੇ ਚੌਥਾ ਦ੍ਰਿਸ਼ 3:12 ਮਿੰਟ 'ਤੇ ਹੈ। ਟ੍ਰੇਲਰ ਦੇ ਅੰਤ ਵਿੱਚ ਦਿਖਾਇਆ ਗਿਆ ਦ੍ਰਿਸ਼। ਇਸ ਵਿੱਚ, ਇਫਤਿਖਾਰ ਠਾਕੁਰ ਦਾ ਵੌਇਸ ਓਵਰ ਪਹਿਲੀ ਵਾਰ ਲਿਆ ਗਿਆ ਹੈ। ਇਸ ਵਿੱਚ ਵੀ, ਉਸਦਾ ਅਪਮਾਨ ਹੁੰਦਾ ਦਿਖਾਈ ਦੇ ਰਿਹਾ ਹੈ। ਆਖਰੀ ਭਾਗ ਵਿੱਚ, ਪੰਜਵਾਂ ਅਤੇ ਸਭ ਤੋਂ ਅਪਮਾਨਜਨਕ ਸੰਵਾਦ ਦ੍ਰਿਸ਼ ਹੈ।

ਤੁਹਾਨੂੰ ਦੱਸ ਦੇਈਏ ਕਿ 'ਚਲ ਮੇਰਾ ਪੁੱਤ' ਦੇ ਚੌਥੇ ਭਾਗ ਦੀ ਰਿਲੀਜ਼ ਮਿਤੀ ਪ੍ਰਬੰਧਕਾਂ ਦੁਆਰਾ 1 ਅਗਸਤ ਨਿਰਧਾਰਤ ਕੀਤੀ ਗਈ ਹੈ। ਪਰ, ਭਾਰਤ ਵਿੱਚ ਇਸਦੀ ਸਕ੍ਰੀਨਿੰਗ ਸੰਬੰਧੀ ਮਾਮਲਾ ਅਜੇ ਵੀ ਸੈਂਸਰ ਬੋਰਡ ਵਿੱਚ ਫਸਿਆ ਹੋਇਆ ਹੈ। ਹੁਣ ਤੱਕ ਫਿਲਮ ਨੂੰ ਸੈਂਸਰ ਬੋਰਡ ਤੋਂ ਮਨਜ਼ੂਰੀ ਨਹੀਂ ਮਿਲੀ ਹੈ। ਹਾਲਾਂਕਿ, ਸਰਕਾਰ ਵੱਲੋਂ ਸਰਟੀਫਿਕੇਟ ਨਾ ਦੇਣ ਬਾਰੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ, ਪਰ ਇਹ ਸਮਝਿਆ ਜਾਂਦਾ ਹੈ ਕਿ ਇਹ ਕਦਮ ਰਾਸ਼ਟਰੀ ਭਾਵਨਾ ਅਤੇ ਸੰਭਾਵਿਤ ਜਨਤਕ ਗੁੱਸੇ ਨੂੰ ਦੇਖਦੇ ਹੋਏ ਚੁੱਕਿਆ ਗਿਆ ਹੈ।






## ਬਹੁ ਬ੍ਰਹਿਮੰਡਾਂ ਦਾ ਪਸਾਰੇ ਦਾ ਵਿਸਮਾਦ ! !

# ਵਿਗਿਆਨਕ ਅਤੇ ਧਾਰਮਿਕ ਨਜ਼ਰੀਆ



ਜਸਵਿੰਦਰ ਸਿੰਘ ਰੁਪਾਲ
9814715796

ਮਨੁੱਖ ਨੂੰ ਸ਼ੁਰੂ ਤੋਂ ਹੀ ਆਪਣੇ ਆਲੇ ਦੁਆਲੇ ਵਾਪਰਦੀਆਂ ਘਟਨਾਵਾਂ ਬਾਰੇ ਜਾਨਣ ਦੀ ਤਾਂਘ ਅਤੇ ਉਤਸੁਕਤਾ ਰਹੀ ਹੈ। ਇਸੇ ਉਤਸੁਕਤਾ ਕਾਰਨ ਹੀ ਅੱਜ ਵਿਗਿਆਨ ਦਾ ਵੱਡਾ ਪਸਾਰਾ ਸੰਭਵ ਹੋ ਸਕਿਆ ਹੈ ਜਿਸ ਨਾਲ ਉਹ ਬਹੁਤ ਦੂਰ ਅਣਦਿਸਦੇ ਵੱਲ ਝਾਤ ਮਾਰ ਕੇ ਉਸ ਬਾਰੇ ਵੀ ਭਰੋਸੇ ਨਾਲ ਕੁਝ ਕਹਿ ਸਕਣ ਦੇ ਯੋਗ ਹੋ ਸਕਿਆ ਹੈ। ਬੇਅੰਤ ਬ੍ਰਹਿਮੰਡ ਦੀ ਉਲਝਣ ਮਨੁੱਖੀ ਮਨ ਦੀ ਸਭ ਤੋਂ ਗਹਿਰੀ ਅਤੇ ਪੁਰਾਣੀ ਉਤਸੁਕਤਾ ਹੈ। ਇਹ ਉਲਝਣ ਸਿਰਫ ਤਾਰਿਆਂ, ਗਲੈਕਸੀਆਂ ਜਾਂ ਬਿਗ ਬੈਂਗ ਤੱਕ ਸੀਮਿਤ ਨਹੀਂ, ਸਗੋਂ ਜੀਵਨ, ਚੇਤਨਾ ਅਤੇ ਹਕੀਕਤ ਦੀ ਅਸਲ ਪਰਿਭਾਸ਼ਾ ਨਾਲ ਗੰਭੀਰ ਤੌਰ ਤੇ ਜੁੜੀ ਹੋਈ ਹੈ। ਵਿਗਿਆਨ ਅਤੇ ਧਾਰਮਿਕ ਵਿਆਖਿਆਵਾਂ ਇਸ ਉਲਝਣ ਨੂੰ ਵੱਖ-ਵੱਖ ਢੰਗ ਨਾਲ ਸਮਝਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਆਓ ਇਸ ਗਹਿਰਾਈ ਨੂੰ ਵਿਭਿੰਨ ਵਿਸ਼ਿਆਂ ਰਾਹੀਂ ਖੋਜਣ ਦਾ ਯਤਨ ਕਰੀਏ।

1.ਬ੍ਰਹਿਮੰਡ ਦੀ ਉਤਪਤੀ : ਵਿਗਿਆਨਕ ਨਜ਼ਰੀਆ :- ਪ੍ਰਸਿੱਧ ਵਿਗਿਆਨਕ ਥਿਊਰੀ ਬਿਗ ਬੈਂਗ ਮੁਤਾਬਕ ਬ੍ਰਹਿਮੰਡ ਦੀ ਸ਼ੁਰੂਆਤ ਲੱਗਭੱਗ 13.8 ਅਰਬ ਸਾਲ ਪਹਿਲਾਂ ਹੋਈ ਸੀ। ਬ੍ਰਹਿਮੰਡਾਂ ਦੇ ਲਗਾਤਾਰ ਫੈਲਦੇ ਹੋਣ ਦੇ ਸਿਧਾਂਤ ਤੋਂ ਇਹ ਸਿੱਟਾ ਕੱਢਿਆ ਗਿਆ ਸੀ ਕਿ ਕਦੇ ਇਹ ਬ੍ਰਹਿਮੰਡ ਇੱਕ ਬਿੰਦੂ ਤੋਂ ਫੈਲਣਾ ਸ਼ੁਰੂ ਕੀਤਾ ਹੋਵੇਗਾ। ਇਹ ਇੱਕ ਅਤਿ ਸੰਘਣੇ ਅਤਿ ਉੱਚ ਤਾਪਮਾਨ ਵਾਲੇ ਬਿੰਦੂ ਤੋਂ ਵਿਸ਼ਾਲ ਵਿਸਫੋਟ ਰਾਹੀਂ ਫੈਲਣਾ ਸ਼ੁਰੂ ਹੋਇਆ ਜਿਸ ਨੂੰ ਬਿਗ ਬੈਂਗ ਕਿਹਾ ਗਿਆ। ਇਸ ਵਿਸਫੋਟ ਤੋਂ ਹੀ ਤਾਰੇ, ਗਲੈਕਸੀਆਂ, ਗ੍ਰਹਿ ਅਤੇ ਫੇਰ ਜੀਵਨ ਦੀ ਸਰਗਰਮੀ ਉਤਪੰਨ ਹੋਈ।

2.ਬਹੁ ਬ੍ਰਹਿਮੰਡ ਸਿਧਾਂਤ :- ਕੁਝ ਵਿਗਿਆਨਕ ਮਾਡਲਾਂ ਵਿੱਚ Multiverse Theory ਦਾ ਜਿਕਰ ਹੈ ਜਿਸ ਅਨੁਸਾਰ ਬ੍ਰਹਿਮੰਡ ਇੱਕ ਨਹੀਂ, ਸਗੋਂ ਅਨੇਕਾਂ ਬ੍ਰਹਿਮੰਡ ਮਿਲਦੇ ਹਨ, ਜਿਹੜੇ ਇੱਕ ਦੂਜੇ ਤੋਂ ਬਿਲਕੁਲ ਵੱਖਰੇ ਹੋ ਸਕਦੇ ਹਨ। ਕਾਫੀ ਗਲੈਕਸੀਆਂ ਤਾਂ ਵਿਗਿਆਨੀ ਖੋਜ ਵੀ ਕਰ ਚੁੱਕੇ ਹਨ।

3. ਬ੍ਰਹਿਮੰਡਾਂ ਦਾ ਲਗਾਤਾਰ ਫੈਲਦੇ ਹੋਣਾ:- ਵਿਗਿਆਨ ਦੱਸਦਾ ਹੈ ਕਿ Rapid Expansion of Universes ਲਗਾਤਾਰ ਜਾਰੀ ਹੈ। ਬ੍ਰਹਿਮੰਡ ਸਿਰਫ਼ ਫੈਲ ਹੀ ਨਹੀਂ ਰਿਹਾ, ਸਗੋਂ ਬਹੁਤ ਤੇਜ਼ੀ ਨਾਲ ਵਿਸਥਾਰ ਹੋ ਰਿਹਾ ਹੈ।

ਧਾਰਮਿਕ ਨਜ਼ਰੀਆ :- 1.ਹਿੰਦੂ ਧਰਮ :-ਹਿੰਦੂ ਧਰਮ ਅਨੁਸਾਰ ਬ੍ਰਹਮਾ ਸਿਰਜਣਹਾਰ, ਵਿਸ਼ਨੂੰ ਪਾਲਣਹਾਰ ਅਤੇ ਸ਼ਿਵ ਵਿਨਾਸ਼ਕਰਤਾ, ਬ੍ਰਹਿਮੰਡ ਦੇ ਚੱਕਰ ਨੂੰ ਚਲਾਉਂਦੇ ਹਨ। ਵੈਦਿਕ ਧਰਮ ਵਿੱਚ ਅਨੇਕ ਬ੍ਰਹਿਮੰਡਾਂ ਦੀ ਗੱਲ ਕੀਤੀ ਜਾਂਦੀ ਹੈ।

2. ਇਸਲਾਮ ਅਤੇ ਈਸਾਈ ਧਰਮ :- ਕੁਰਾਨ ਵਿੱਚ ਆਉਂਦਾ ਹੈ ਕਿ ਅੱਲ੍ਹਾ ਨੇ ਸੱਤ ਅਸਮਾਨ ਬਣਾਏ। ਬਾਈਬਲ ਵਿੱਚ ਵੀ ਬ੍ਰਹਿਮੰਡ ਦੀ ਵਿਆਪਕਤਾ ਦੀ ਗੱਲ ਕੀਤੀ ਗਈ ਹੈ।

3.ਸਿੱਖ ਧਰਮ :--ਸਭ ਤੋਂ ਵੱਧ ਵਿਗਿਆਨਕ ਮੰਨੇ ਜਾਂਦੇ ਧਰਮ ਸਿੱਖ ਧਰਮ ਵਿੱਚ ਵੀ ਅਨੇਕ ਬ੍ਰਹਿਮੰਡਾਂ ਦੀ ਗੱਲ ਗੁਰਬਾਣੀ ਵਿੱਚ ਕੀਤੀ ਗਈ ਹੈ। ਭਾਵੇਂ ਇੱਥੇ ਕਰਤਾ ਇੱਕ ਅਕਾਲਪੁਰਖ ਨੂੰ ਮੰਨਿਆ ਗਿਆ ਹੈ।



ਕੀਤਾ ਪਸਾਉ ਏਕੋ ਕਵਾਉ ॥........(ਪੰਨਾ 3, ਜਪੁ )

ਕਈ ਕੋਟਿ ਅਕਾਸ ਬ੍ਰਹਮੰਡ ॥............(ਪੰਨਾ 276, ਗਉੜੀ ਸੁਖਮਨੀ ਮ : 5)

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥.......(ਪੰਨਾ 612, ਸੋਰਠਿ ਮਹਲਾ 5)

2.ਅਨਿਸ਼ਚਿਤਤਾ ਸਿਧਾਂਤ (Heisenberg's Uncertainty Principle):- 1927 ਵਿੱਚ Werner Heisenberg ਨੇ ਆਪਣਾ ਅਨਿਸ਼ਚਿਤਤਾ ਸਿਧਾਂਤ ਦਿੱਤਾ। ਇਸ ਸਿਧਾਂਤ ਅਨੁਸਾਰ ਕਿਸੇ ਵੀ ਕਣ ਦੀ ਸਥਿਤੀ ਅਤੇ ਗਤੀ ਨੂੰ ਇੱਕਠੇ ਪੂਰੀ ਨਿਸ਼ਚਿਤਤਾ ਨਾਲ ਨਹੀਂ ਮਾਪਿਆ ਜਾ ਸਕਦਾ। ਇਸ ਦਾ ਬ੍ਰਹਿਮੰਡ ਨਾਲ ਸਿਧਾਂਤ ਇਹ ਦੱਸਦਾ ਹੈ ਕਿ ਹਕੀਕਤ ਅਣ ਨਿਸ਼ਚਿਤ ਹੈ ਅਤੇ ਸਭ ਕੁਝ ਸੰਭਾਵਨਾਵਾਂ 'ਚ ਹੀ ਵਜੂਦ ਰੱਖਦਾ ਹੈ। ਇਹ ਸੰਕਲਪ Schroidnger's Cat ਵਿੱਚ ਦਰਸਾਇਆ ਗਿਆ ਕਿ ਕਿਸੇ ਵਸਤੂ ਦੀ ਅਸਲੀਅਤ ਦੋਹਾਂ ਹਾਲਤਾਂ ਵਿਚ ਇੱਕੋ ਸਮੇਂ ਹੋ ਸਕਦੀ ਹੈ। Quantum Physics ਵਿੱਚ Super position ਇੱਕ ਮੂਲ ਧਾਰਨਾ ਹੈ ਜੋ ਦੱਸਦੀ ਹੈ ਕਿ ਕਿਸੇ ਵੀ ਕਵਾਂਟਮ ਸਿਸਟਮ ਦਾ ਹਾਲ (state) ਇੱਕੋ ਸਮੇਂ ਬਹੁਤ ਸਾਰੀਆਂ ਸੰਭਾਵਿਤ ਹਾਲਤਾਂ ਵਿੱਚ ਹੋ ਸਕਦਾ ਹੈ। ਇਹ ਸੰਕਲਪ ਸਧਾਰਨ ਤੌਰ ਤੇ ਸਾਡੀ ਰੋਜ਼ ਮੱਰਾ ਦੀ ਜ਼ਿੰਦਗੀ ਵਿੱਚ ਨਹੀਂ ਦਿਸਦਾ, ਪਰ ਕਣਾਂ ਦੀ ਦੁਨੀਆ ਵਿੱਚ ਇਹ ਅਨੋਖੇ ਢੰਗ ਨਾਲ ਕੰਮ ਕਰਦਾ ਹੈ।

ਐਰਵਿਨ ਸਕਰੌਂਡਿੰਗਰ ਨੇ ਬਿੱਲੀ ਦੇ ਇੱਕ ਕਾਲਪਨਿਕ ਪ੍ਰਯੋਗ ਦੀ ਵਰਤੋਂ ਸੁਪਰਪੋਜੀਸ਼ਨ ਨੂੰ ਸਮਝਾਉਣ ਲਈ ਕੀਤੀ। ਆਓ ਇਹ ਤਜਰਬਾ ਵੀ ਦੇਖ ਲਈਏ। ਇੱਕ ਬਿੱਲੀ ਨੂੰ ਇੱਕ ਬੰਦ ਡੱਬੇ ਵਿੱਚ ਰੱਖਿਆ ਜਾਂਦਾ ਹੈ। ਡੱਬੇ ਵਿੱਚ ਇੱਕ ਐਟਮੀ ਡੀਕੇਅ ਮਕੈਨਿਜ਼ਮ ਹੁੰਦਾ ਹੈ ਜੋ ਕਿ 50% ਸੰਭਾਵਨਾ ਨਾਲ ਜਹਿਰੀਲੀ ਗੈਸ ਛੱਡ ਸਕਦਾ ਹੈ ਜਾਂ ਨਹੀਂ। ਜਦੋਂ ਤੱਕ ਅਸੀਂ ਡੱਬਾ ਖੋਲ੍ਹ ਕੇ ਨਹੀਂ ਦੇਖਦੇ, ਬਿੱਲੀ ਇੱਕੋ ਸਮੇਂ ਜਿੰਦਾ ਵੀ ਹੁੰਦੀ ਹੈ ਅਤੇ ਮਰੀ ਹੋਈ ਵੀ। (ਸੁਪਰਪੋਜੀਸ਼ਨ)। ਪਰ ਜਦੋਂ ਅਸੀਂ ਡੱਬਾ ਖੋਲ੍ਹ ਕੇ ਵੇਖਦੇ ਹਾਂ ਤਾਂ superposition collapse ਹੋ ਜਾਂਦੀ ਹੈ ਅਤੇ ਅਸੀਂ ਬਿੱਲੀ ਨੂੰ ਜਾਂ ਤਾਂ ਜਿੰਦਾ ਜਾਂ ਮਰੀ ਹੋਈ ਪਾਉਂਦੇ ਹਾਂ। ਸਕਰੌਂਡਿੰਗਰ ਦਾ ਬਿੱਲੀ ਵਾਲਾ ਪ੍ਰਯੋਗ ਇਹ ਦਰਸਾਉਂਦਾ ਹੈ ਕਿ ਜਦੋਂ ਤੱਕ ਅਸੀਂ ਕਿਸੇ ਹਕੀਕਤ ਨੂੰ ਦੇਖਦੇ ਨਹੀਂ, ਉਹ ਕਈ ਸੰਭਾਵਨਾਵਾਂ ਵਿੱਚ ਰਹਿੰਦੀ ਹੈ।

ਸੁਪਰਪੋਜੀਸ਼ਨ ਸਾਨੂੰ ਦੱਸਦੀ ਹੈ ਕਿ ਕਵਾਂਟਮ ਜਗਤ ਦੇ ਨਿਯਮ ਸਾਡੀਆਂ ਰੋਜ਼ਾਨਾ ਦੀਆਂ ਧਾਰਨਾਵਾਂ ਨਾਲੋਂ ਵੱਖਰੇ ਹਨ। ਇਹ ਸੰਕਲਪ ਸਿਰਫ਼ ਵਿਗਿਆਨਕ ਹੀ ਨਹੀਂ, ਧਾਰਮਿਕ ਅਤੇ ਦਾਰਸ਼ਨਿਕ ਵਿਚਾਰਾਂ ਨੂੰ ਵੀ ਚੁਣੌਤੀ ਦਿੰਦਾ ਹੈ।

ਜਿਵੇਂ ਕਵਾਂਟਮ ਪੱਧਰ ਤੇ ਕਣ ਸੁਪਰਪੋਜੀਸ਼ਨ ਵਿੱਚ ਰਹਿੰਦੇ ਹਨ, ਉਸੇ ਤਰਾਂ ਬ੍ਰਹਿਮੰਡ ਦੇ ਸ਼ੁਰੂ ਵਿੱਚ ਵੀ ਕਈ ਸੰਭਾਵਨਾਵਾਂ ਇੱਕੋ ਸਮੇਂ ਮੌਜੂਦ ਸਨ। ਇਹ ਥਿਊਰੀ Many Worlds Hypothesis ਨੂੰ ਜਨਮ ਦਿੰਦੀ ਹੈ, ਜਿੱਥੇ ਹਰ ਫ਼ੈਸਲਾ ਨਵੇਂ ਬ੍ਰਹਿਮੰਡ ਨੂੰ ਜਨਮ ਦਿੰਦਾ ਹੈ।

ਧਾਰਮਿਕ ਨਜ਼ਰੀਆ :- ਕੁਝ ਵਿਦਵਾਨ ਸੁਪਰਪੋਜੀਸ਼ਨ ਦੀ ਤੁਲਨਾ ਅਦਵੈਤਵਾਦ ਨਾਲ ਵੀ ਕਰਦੇ ਹਨ। ਬ੍ਰਹਿਮੰਡ ਵਿੱਚ ਹੋਂਦ (existence) ਅਤੇ ਅਣਹੋਂਦ (non-existence) ਦੇ ਆਪੋ ਆਪਣੇ ਸੰਕਲਪ ਹਨ। ਉਦਾਹਰਣ ਵਜੋਂ ਹਿੰਦੂ ਦਰਸ਼ਨ ਵਿੱਚ ਸ਼ੂਨਯਤਾ ਅਤੇ ਬੁੱਧ ਧਰਮ ਵਿੱਚ ਅਨਿਕ ਸੰਭਾਵਨਾਵਾਂ ਦੀ ਅਵਸਥਾ। ਅਨਿਸ਼ਚਿਤਤਾ ਸਿਧਾਂਤ ਧਾਰਮਿਕ ਦਰਸ਼ਨ ਨਾਲ ਮਿਲਦਾ ਜੁਲਦਾ ਹੈ ਜਿੱਥੇ ਮਾਇਆ (illusion) ਦੀ ਗੱਲ ਕੀਤੀ ਗਈ ਹੈ। ਗੁਰਬਾਣੀ ਵਿੱਚ ਵੀ ਅਸਲੀਅਤ ਨੂੰ ਪੂਰੀ ਤਰਾਂ ਜਾਣ ਸਕਣ ਤੋਂ ਅਸਮਰੱਥਤਾ ਬਾਰੇ ਦਰਸਾਇਆ ਗਿਆ ਹੈ। ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ। .....(ਪੰਨਾ 1403) ਇਹ ਸੰਕਲਪ ਇਹ ਦਰਸਾਉਂਦਾ ਹੈ ਕਿ ਸੱਚਾਈ ਇੱਕ ਪੱਖੀ ਨਹੀਂ, ਸਗੋਂ ਬਹੁ ਪੱਖੀ ਹੈ।

3.ਸਮਾਂ ਅਤੇ ਬ੍ਰਹਮੰਡ :- ਵਿਗਿਆਨ ਸਮੇਂ ਨੂੰ ਸਾਪੇਖ ਮੰਨਦਾ ਹੈ। ਆਈਨਸਟਾਈਨ ਨੇ ਆਪਣੀ ਸਾਪੇਖ ਥਿਊਰੀ ਨਾਲ ਕੁੱਲ ਜਗਤ ਨੂੰ ਹੈਰਾਨੀ ਵਿੱਚ ਪਾ ਦਿੱਤਾ। ਇਸ ਥਿਊਰੀ ਨੂੰ ਵਿਗਿਆਨਕਾਂ ਨੂੰ ਸਮਝ ਆਉਣ ਵਿੱਚ ਹੀ 26 ਵਰ੍ਹੇ ਲੱਗ ਗਏ ਸਨ। ਇੱਕੋ ਵਸਤੂ ਕਿਸੇ ਇੱਕ ਲਈ ਵਿਰਾਮ ਵਿੱਚ ਅਤੇ ਕਿਸੇ ਹੋਰ ਲਈ ਗਤੀ ਵਿਚ ਹੋ ਸਕਦੀ ਹੈ। ਵੱਖੋ ਵੱਖਰੇ ਫਰੇਮ ਵਿੱਚ ਗਤੀ ਅਤੇ ਸਮੇਂ ਲਈ ਵੱਖਰੀਆਂ ਸਮੀਕਰਣਾਂ ਹਨ। ਧਾਰਮਿਕ ਨਜ਼ਰੀਆ : ਵੱਖੋ ਵੱਖਰੇ ਧਰਮ ਆਪੋ ਆਪਣੇ ਅੰਦਾਜ ਵਿੱਚ ਇਸ ਜਗਤ ਨੂੰ ਅਤੇ ਮਨੁੱਖ ਨੂੰ ਸਮੇਂ ਅਤੇ ਸਥਾਨ ਵਿੱਚ ਬੱਝਿਆ ਮੰਨਦੇ ਹਨ ਜਦਕਿ ਇਹਨਾਂ ਦਾ ਕਰਤਾ ਅਕਾਲਪੁਰਖ ਸਮੇਂ ਅਤੇ ਸਥਾਨ ਦੀ ਕੈਦ ਤੋਂ ਬਾਹਰ ਹੈ। ਅਧਿਆਤਮਕਤਾ ਇੱਕ ਇਨਸਾਨ ਨੂੰ ਰੂਹਾਨੀ ਤੌਰ ਤੇ ਸਮੇਂ ਅਤੇ ਸਥਾਨ ਤੋਂ ਉੱਚਾ ਉੱਠਣ ਦੀ ਪ੍ਰੇਰਨਾ ਵੀ ਕਰਦੀ ਹੈ। ਪਰ ਜਨ ਸਾਧਾਰਨ ਲਈ ਇਤਨਾ ਵਿਸ਼ਾਲ ਨਜ਼ਰੀਆ ਕਰ ਸਕਣਾ ਕੋਈ ਸੌਖੀ ਖੇਡ ਨਹੀਂ ਹੈ।

4. ਜੈਨੇਟਿਕ ਇੰਜੀਨੀਅਰਿੰਗ ਅਤੇ ਕਲੋਨਿੰਗ - ਜੀਵਨ ਦੀ ਨਵੀਂ ਪਰਿਭਾਸ਼ਾ :- ਜੈਨੇਟਿਕ ਇੰਜੀਨੀਅਰਿੰਗ ਅਤੇ ਕਲੋਨਿੰਗ ਵਿਗਿਆਨ ਦੀਆਂ ਉਹ ਦਿਸ਼ਾਵਾਂ ਹਨ, ਜਿੱਥੇ ਮਨੁੱਖ ਜੀਵਨ ਦੀ ਰਚਨਾ ਵਿੱਚ ਦਖਲ ਦੇ ਰਿਹਾ ਹੈ। ਜਿਵੇਂ ਕਵਾਂਟਮ ਕਣ ਅਣਨਿਸ਼ਚਿਤ ਹੁੰਦੇ ਹਨ, ਉਵੇਂ ਹੀ ਜੀਵਨ ਦੇ ਜੈਨੇਟਿਕ ਕੋਡ ਵਿੱਚ ਸੋਧ ਕਰਕੇ ਅਸਧਾਰਨ ਨਤੀਜੇ ਪ੍ਰਾਪਤ ਕੀਤੇ ਜਾ ਰਹੇ ਹਨ। ਕਲੋਨਿੰਗ ਜੀਵਨ ਦੀ ਨਕਲ ਬਣਾਉਣ ਦੀ ਕੋਸ਼ਿਸ਼ ਹੈ ,ਜਿੱਥੇ ਅਸਲ ਅਤੇ ਨਕਲ ਦੀ ਹੱਦ ਖਤਮ ਹੋ ਜਾਂਦੀ ਹੈ।

ਧਾਰਮਿਕ ਨਜ਼ਰੀਆ :- :- ਅਨੇਕ ਧਾਰਮਿਕ ਦਰਸ਼ਨਾਂ ਵਿੱਚ ਜੀਵਨ ਦੀ ਪਵਿੱਤਰਤਾ ਅਤੇ ਰਚਨਾ ਦੇ ਨਿਯਮਾਂ ਦੀ ਗੱਲ ਕੀਤੀ ਜਾਂਦੀ ਹੈ। ਇਹ ਪ੍ਰਸ਼ਨ ਉਤਪਨ ਹੁੰਦੇ ਹਨ - ਕੀ ਮਨੁੱਖ ਰਚਨਹਾਰ ਦੀ ਭੂਮਿਕਾ ਨਿਭਾ ਸਕਦਾ ਹੈ ?? ਕੀ ਇਹ ਨੈਤਿਕਤਾ ਦੀਆਂ ਹੱਦਾਂ ਨੂੰ ਲੰਘਣ ਵਾਲਾ ਹੈ ??

5. ਬੇਅੰਤ ਬ੍ਰਹਿਮੰਡ ਅਤੇ ਆਤਮਕ ਸੰਬੰਧ :- ਆਖਰਕਾਰ ਵਿਗਿਆਨ ਅਤੇ ਅਧਿਆਤਮਕਤਾ ਇੱਕੋ ਹੀ ਉਲਝਣ ਵਿੱਚ ਹਨ - ਅਸੀਂ ਕੌਣ ਹਾਂ, ਕਿਉਂ ਹਾਂ ਅਤੇ ਇਹ ਬ੍ਰਹਿਮੰਡ ਕਿਵੇਂ ਕੰਮ ਕਰਦਾ ਹੈ ??

ਵਿਗਿਆਨ ਦੀ ਨਜ਼ਰ ਵਿੱਚ ਅਨਿਸ਼ਚਿਤਤਾ ,ਸੰਭਾਵਨਾਵਾਂ ਅਤੇ ਅਖੰਡ ਊਰਜਾ ਹੀ ਬ੍ਰਹਿਮੰਡ ਦੇ ਅਸਲ ਤੱਤ ਹਨ।

ਧਾਰਮਿਕ ਦ੍ਰਿਸ਼ਟੀਕੋਣ ਵਿੱਚ ਇੱਕ ਓਅੰਕਾਰ, ਪਰਮਾਤਮਾ ਦੀ ਅਨੰਤਤਾ ਅਤੇ ਸੰਸਾਰ ਮਾਇਆ ਦੀ ਗੱਲ ਕੀਤੀ ਜਾਂਦੀ ਹੈ। ਗੁਰਬਾਣੀ ਵਿੱਚ ਆਖਿਆ ਹੈ - ਇੱਕ ਓਅੰਕਾਰ, ਸਤਿਨਾਮ,ਕਰਤਾ ਪੁਰਖ- ਜਿਹੜਾ ਇਹ ਦਰਸਾਉਂਦਾ ਹੈ ਕਿ ਸਾਰਾ ਬ੍ਰਹਿਮੰਡ ਇੱਕੋ ਸਰੋਤ ਤੋਂ ਨਿਕਲਿਆ ਹੈ।


ਨਤੀਜਾ :- ਵਿਗਿਆਨ ਅਤੇ ਧਰਮ ਆਪੋ ਆਪਣੇ ਤਰੀਕੇ ਨਾਲ ਬ੍ਰਹਿਮੰਡ, ਜੀਵਨ ਅਤੇ ਹਕੀਕਤ ਦੀ ਖੋਜ ਕਰਦੇ ਆਏ ਹਨ ਅਤੇ ਕਰ ਰਹੇ ਹਨ। ਨਵੀ ਸੋਚ ਇਹਨਾਂ ਦੋਹਾਂ ਸ਼ਕਤੀਆਂ ਨੂੰ ਆਪਾ ਵਿਰੋਧੀ ਨਹੀਂ ਮੰਨਦੀ, ਸਗੋਂ ਪੂਰਕ ਮੰਨਦੀ ਹੈ। ਭਾਵੇਂ ਦੋਹਾਂ ਧਿਰਾਂ ਦੇ ਕੱਟੜ ਸਮਰਥਕ ਬਹਿਸਾਂ ਅਤੇ ਵਿਵਾਦ ਵੀ ਕਰਦੇ ਦੇਖੇ ਗਏ ਹਨ। ਬੇਅੰਤ ਬ੍ਰਹਿਮੰਡ ਦਾ ਵਿਸ਼ਾ ਬਹੁਤ ਗੰਭੀਰ ਅਤੇ ਖੋਜ ਦਾ ਵਿਸ਼ਾ ਹੈ। ਇਸ ਖੋਜ ਦਾ ਕਿਤੇ ਵੀ ਅੰਤ ਨਹੀਂ ਹੁੰਦਾ ਨਜਰ ਆਉਂਦਾ। ਵਿਗਿਆਨ ਨੇ ਮਨੁੱਖ ਦੀ ਗਿਆਨ ਵਾਲੀ ਅੱਖ ਖੋਲ੍ਹ ਕੇ ਉਸਦੀ ਸੋਚ ਨੂੰ ਬਹੁਤ ਹੀ ਵਿਸ਼ਾਲ ਕਰ ਦਿੱਤਾ ਹੈ। ਪਰ ਧਰਮ, ਆਪੋ ਆਪਣੇ ਪੁਜਾਰੀਆਂ ਦੀ ਕੱਟੜਤਾ ਵਿੱਚ ਪੈ ਕੇ ਸਗੋਂ ਬ੍ਰਹਿਮੰਡੀ ਵਿਸ਼ਾਲਤਾ ਅਤੇ ਪ੍ਰੇਮ ਨਾਲ ਸੋਚਣ ਦੀ ਥਾਂ ਤੇ ਤਕਰਾਰ ਅਤੇ ਵਾਰ ਵਿਰੋਧ ਦਾ ਕਾਰਨ ਬਣ ਬੈਠਦਾ ਹੈ। ਆਮ ਮਨੁੱਖ ਧਰਮ ਦੀ ਖੋਜ ਕਰਨ ਲਈ ਤਿਆਰ ਨਹੀਂ। ਦੋਵੇਂ ਸ਼ਕਤੀਆਂ ਸੱਚ ਦੀ ਗੱਲ ਕਰਦੀਆਂ ਹਨ। ਭਾਵੇਂ ਜਿਵੇਂ ਧਰਮ ਦੀਆਂ ਸੂਖਮ ਗਲਾਂ ਹਰੇਕ ਦੀ ਸਮਝ ਵਿੱਚ ਨਹੀਂ ਆਉਂਦੀਆਂ, ਉਸੇ ਤਰਾਂ ਬਹੁ ਬ੍ਰਹਿਮੰਡ, ਬ੍ਰਹਿਮੰਡਾਂ ਦਾ ਫੈਲਣਾ, ਕੁਆਂਟਮ ਸਿਧਾਂਤ ਆਦਿ ਵੀ ਜਨ ਸਾਧਾਰਨ ਦੀ ਪਹੁੰਚ ਤੋਂ ਦੂਰ ਹਨ। ਸੱਚ ਦੇ ਖੋਜੀਆਂ ਨੂੰ ਨਮਸਕਾਰ ਕਰਦੇ ਹੋਏ ਆਸ ਕਰਦੇ ਹਾਂ ਕਿ ਭਵਿੱਖ ਵਿੱਚ ਹੋਰ ਨਵੇਂ ਦਿਸਹੱਦੇ ਖੁੱਲ੍ਹਣਗੇ ਅਤੇ ਮਨੁੱਖ ਬ੍ਰਹਿਮੰਡਾਂ ਦੀ ਅਨੇਕਤਾ ਅਤੇ ਵਿਸ਼ਾਲਤਾ ਨਾਲ ਇੱਕ ਮਿੱਕ ਹੋ ਕੇ ਏਕਤਾ ਦੇ ਪ੍ਰੇਮ ਨਿਯਮ ਨੂੰ ਸਮਝ ਸਕੇਗਾ।

## (ਇਹ ਤੇਰਾ ਅਹਿਸਾਸ)

ਕਿੰਨਾ ਪਿਆਰਾ ਹੈ
ਇਹ ਤੇਰਾ ਅਹਿਸਾਸ
ਤੈਨੂੰ ਯਾਦ ਕਰਦੇ ਹੀ
ਤੂੰ ਵਿੱਚ ਮੈਂ ਤੇ
ਮੈਂ ਵਿੱਚ ਤੂੰ ਹੋਣ ਦਾ
ਇਹ ਤੇਰਾ ਅਹਿਸਾਸ
ਕਿੰਨਾ ਪਿਆਰਾ ਹੈ
ਮੈਂ ਤੂੰ ਹੋ ਜਾਂਦੀ ਹਾਂ
ਤੂੰ ਮੈਂ ਹੋ ਜਾਂਦਾ ਹੈ
ਰੂਹ ਵਿੱਚ ਰੂਹ ਸਮੋ
ਦੂਰੀ ਖ਼ਤਮ ਹੋ ਜਾਂਦੀ ਹੈ
ਇਹ ਤੇਰਾ ਅਹਿਸਾਸ ਹੈ
ਕਿੰਨਾ ਪਿਆਰਾ ਹੈ
ਮੇਰੇ ਦਿਲ ਵਿੱਚ
ਤੇਰਾ ਵਾਸ ਹੈ ਸੱਜਣਾਂ
ਉਸਨੇ ਮੇਰੇ ਮਨ ਨੂੰ
ਐਸਾ ਹੈ ਮੋਹਿਆ
ਰੂਹ ਤ੍ਰਿਪਤ ਹੋ ਗਈ
ਹੁਣ ਭਟਕਣ ਵੀ
ਖ਼ਤਮ ਹੋ ਗਈ ਹੈ ਸੱਜਣਾਂ
ਇਹ ਤੇਰਾ ਅਹਿਸਾਸ
ਕਿੰਨਾ ਪਿਆਰਾ ਹੈ
ਨਜ਼ਰਾਂ ਤੋਂ ਬੇਸ਼ਕ ਤੂੰ
ਦੂਰ ਹੈ ਮੇਰੇ ਸੱਜਣਾਂ
ਪਰ ਦਿਲ ਵਿੱਚ ਹਰ ਪੱਲ
ਮੌਜੂਦ ਹੈ ਤੂੰ ਮੇਰੇ ਪ੍ਰੀਤਮ
ਲੱਗਦਾ ਹੁਣ ਸੱਭ ਦੂਰੀਆਂ
ਖ਼ਤਮ ਹੋ ਗਈਆਂ
ਤੂੰ ਮੇਰਾ ਮੈਂ ਤੇਰੀ ਹੋ ਗਈ
ਇਹ ਤੇਰਾ ਅਹਿਸਾਸ
ਕਿੰਨਾ ਪਿਆਰਾ ਹੈ
ਇਹ ਤੇਰਾ ਅਹਿਸਾਸ।

(ਰਮਿੰਦਰ ਰੰਮੀ )

## ਪੰਜ ਆਬਾਂ ਦੀ ਧਰਤ



ਪੰਜ ਆਬਾਂ ਦੀ ਧਰਤ ਦੀ
ਅੱਜ 'ਵਾ ਬੜੀ ਉਦਾਸ ਹੈ
ਹੋ ਲਟਬੌਰੀ ਪੈਲਾਂ ਪਾਉਂਦੀ
ਮਹਿਕਾਂ ਵੰਡਦੀ
ਮਾਂਵਾਂ ਜੇਹਾ ਲਾਡ ਲਡਾਉਂਦੀ
ਨਾਲ ਰਾਂਝਿਆਂ ਝੇੜੇ ਕਰਦੀ
ਹਉਕੇ ਭਰਦੀ ਲੰਘਦੀ ਜਾਂਦੀ
ਅੱਜ 'ਵਾ ਬੜੀ ਉਦਾਸ ਹੈ


ਤਾਰਿਆਂ ਦੀ ਲੋਅ ਕੋਲੋਂ
ਸੁੱਖ ਦਾ ਸਿਰਨਾਵਾਂ ਪੁੱਛਦੀ
ਧਰਤੀ ਤੋਂ ਅੰਬਰ ਤੱਕ
ਆਪਣੇ ਗਿਰਦ ਨਮੋਸ਼ੀ ਲਪੇਟੀ
ਸੂਹੀ ਸਰਘੀ ਦੇ ਮੁੱਖ ਤੋਂ
ਪੀੜਾਂ ਦਾ ਸਿਰਨਾਵਾਂ ਚੁਗਦੀ
ਅੱਜ 'ਵਾ ਬੜੀ ਉਦਾਸ ਹੈ

ਖੌਰੇ ਕਿਸ ਇਸ ਦੇ ਪੈਰੀਂ
ਹਾਦਸਿਆਂ ਦਾ ਕਾਲ ਚੱਕਰ ਬੰਨ੍ਹਿਆ
ਤੇ ਦਰ ਬਦਰ ਭਟਕਣ ਦਾ
ਇਹਦੇ ਮੱਥੀ ਸਰਾਪ ਏ ਮੜ੍ਹਿਆ
ਦਿਨ ਦਿਹਾੜੇ ਰਾਤ ਬਰਾਤੇ
ਗਲੀ ਕੂਚੇ ਬਜ਼ਾਰਾਂ ਵਿੱਚ
ਝਟਕਾਈਆਂ ਰੂਹਾਂ ਦੀ ਪੀੜ
ਬੁੱਕਲ ਦੇ ਵਿੱਚ ਸਮੇਟੀ
ਸੁਬ੍ਹਾ ਸਵੇਰੇ
ਖ਼ਬਰ ਜੇਹੀ ਵਗ ਤੁਰਦੀ
ਅੱਜ 'ਵਾ ਬੜੀ ਉਦਾਸ ਹੈ

ਖੌਰੇ ਕੌਣ ਇਸ ਦੀ ਕੁੱਖ ਵਿੱਚ
ਬਰੂਦ ਤੇ ਅਸਲਾ ਰੱਖ ਗਿਆ ਹੈ
ਖੌਰੇ ਕੌਣ ਇਸ ਦੀਆਂ ਬਾਹਾਂ
ਨਾਲ ਸ਼ਮਸ਼ੀਰਾਂ ਕੱਟ ਗਿਆ ਹੈ
ਖੌਰੇ ਕੌਣ ਇਸ ਦੇ ਵਿਹੜੀਂ
ਨਸ਼ਿਆਂ ਦਾ ਅੰਬਾਰ ਧਰ ਗਿਆ ਹੈ
ਖੌਰੇ ਕੌਣ ਇਸ ਦੇ ਸਰਹਾਂਦੀ
ਸੇਹ ਦਾ ਤੱਕਲਾ ਗੱਡ ਗਿਆ ਹੈ
ਚੌ ਮਹੀਨਿਆਂ ਦੀ
ਬੱਚੀ ਦੀ ਰੱਤ ਪੀਂਦੀ
ਧਰਤੀ ਸੋਚੇ
ਇਹ ਮੇਰੀ ਕਿਹੜੀ ਪਿਆਸ ਹੈ
ਅੱਜ ਪੰਜ ਆਬਾਂ ਦੀ ਧਰਤ ਦੀ
ਅੱਜ 'ਵਾ ਬੜੀ ਉਦਾਸ ਹੈ

—ਕੁਲਦੀਪ ਗਿੱਲ

## ਪਿਆਸ



ਇੱਕ ਨਿੱਕੀ ਜਿਹੀ ਕੁੜੀ
ਪਿਆਸ ਨਾਲ ਰੋਣ ਲੱਗੀ
ਇਧਰ ਉਧਰ ਪਾਣੀ ਦੀ ਭਾਲ
ਵਿੱਚ ਨਿਰਾਸ਼ ਹੋਣ ਲੱਗੀ
ਤੁਰਦੀ ਅੱਥਰੂ ਵਹਾਉਣ ਲੱਗੀ

ਦੂਰ ਕਿਤੇ ਲੱਗੇ ਵਾਟਰ ਕੂਲਰ
ਨੂੰ ਦੇਖ ਕੁਝ ਆਸ ਹੋਣ ਲੱਗੀ
ਭੱਜ ਉਸ ਕੋਲ ਜਾ ਆਪਣੀ
ਪਿਆਸ ਨੂੰ ਬੁਝਾਉਣ ਲੱਗੀ
ਚਿਹਰੇ ਉੱਤੇ ਨਿਵੇਕਲੀ ਜਿਹੀ
ਇੱਕ ਮੁਸਕਾਨ ਦਿਖਾਉਣ ਲੱਗੀ

ਮਨ 'ਚ ਵਿਚਾਰ ਲਿਆਉਣ ਲੱਗੀ
ਮੈਂ ਪਿਆਸ ਵਿੱਚ ਰੋਣ ਲੱਗੀ
ਆਪਣੇ ਅੱਥਰੂ ਵਹਾਉਣ ਲੱਗੀ
ਪਾਣੀ ਦੀ ਕੀਤੀ ਹੋਈ ਦੁਰਵਰਤੋਂ
ਉੱਤੇ ਬੜਾ ਪਛਤਾਉਣ ਲੱਗੀ
ਪਾਣੀ ਦੀ ਸਾਂਭ ਸੰਭਾਲ ਲਈ
ਮਨ 'ਚ ਵਿਚਾਰ ਬਣਾਉਣ ਲੱਗੀ

ਪਹਿਲਾ ਆਪਣੇ ਘਰ 'ਚ ਫਿਰ
ਮੁਹੱਲੇ 'ਚ ਦੁਹਰਾਉਣ ਲੱਗੀ
ਪਾਣੀ ਬਚਾਓ ਦੀ ਗੱਲਬਾਤ
ਹਰ ਇੱਕ ਨੂੰ ਸਣਾਉਣ ਲੱਗੀ
ਥਾਂ ਥਾਂ ਰੁੱਖ ਲਗਾਉਣ ਲੱਗੀ
ਵਾਤਾਵਰਨ ਨੂੰ ਬਚਾਉਣ ਲੱਗੀ

ਹਰ ਘਰ ਜਾ ਸੇਵਾ ਇਕੱਠੀ ਕਰ
ਗਰਮੀ ਵਿੱਚ ਕੰਮ ਕਰਦੇ ਮਜ਼ਦੂਰਾਂ
ਲਈ ਵਾਟਰ ਕੂਲਰ ਲਗਾਉਣ ਲੱਗੀ
ਰਾਹੀਆਂ ਨੂੰ ਪਾਣੀ ਪਿਆਉਣ ਲੱਗੀ
ਨਿਵੇਕਲਾ ਅਜਿਹਾ ਪੁੰਨ ਕਮਾਉਣ ਲੱਗੀ
ਪਿਆਸਿਆਂ ਦੀ ਪਿਆਸ ਬੁਝਾਉਣ ਲੱਗੀ
ਪਾਣੀ ਦੀ ਅਹਿਮੀਅਤ ਸਮਝਾਉਣ ਲੱਗੀ

ਪਰਮਬੀਰ ਕੌਰ ਰਿਆੜ

## ਜੜ੍ਹ ਤੋਂ ਚੇਤਨ ਦਾ ਸਫ਼ਰ

ਕਦ ਚਾਹਿਆ ਸੀ
ਭੀੜ ਦੇ ਆਲੇ-ਦੁਆਲੇ
ਝੁਰਮਟ ਪਾਵਾਂ?
ਸ਼ਾਂਤ ਰਹਾਂ,
ਕਿਸੇ ਹੋਰ ਲਈ
ਥਾਂ ਖਾਲੀ ਕਰ ਜਾਵਾਂ।
ਆਪਣੇ ਆਪ ਨੂੰ
ਬਦਲਣ ਲਈ
ਕਦ ਕਦਮ ਵਧਾਵਾਂ?
ਭੀੜ ਜਾਂ ਸ਼ਾਂਤ ਦਾ
ਸਾਥੀ ਬਣ ਰਹਿਣਾ
ਸਭ ਕੁਝ ਨਹੀਂ?
ਸਭ ਲਈ ਸਹਿਣਾ ਹੈ,
ਸਭ ਕੁਝ ਹੈ।
ਦੁਨੀਆ
ਵਾਂਗ ਆਇਆ,
ਵਾਂਗ ਦੁਨੀਆ ਰਵਾਂ!
ਕਿਉਂ ਨਾ ਟਕਰਾਵਾਂ?
ਚਾਅ ਵਿੱਚ
ਰਹਿਣਯੋਗ ਥਾਂ ਬਣਾਵਾਂ।
ਭੀੜ ਹੋਵੇ ਜਾਂ ਸ਼ਾਂਤ,
ਕਿਸੇ ਇੱਕ ਦਾ ਨਾ ਬਣ
ਜਾਵਾਂ।
ਖਾਲੀ ਥਾਂ ਭਰਨ ਦਾ
ਸਬੱਬ ਨਾ ਹੋਵਾਂ।
ਖਲਾਅ ਦੇ ਮੈਂ
ਕਦ ਹਿੱਸੇ ਆਵਾਂ?
ਇਹ ਬੇਪ੍ਰਵਾਹ
ਚਲਦੀ ਜ਼ਿੰਦਗੀ
ਆਪਣੇ ਲਈ ਸ਼ਾਂਤੀ ਬਣੇ,
ਨਾ ਕਿ ਭੀੜ ਦਾ ਹਿੱਸਾ
ਬਣੇ।
ਆਪਣੇ ਆਪ ਨੂੰ
ਨਿਸ਼ਾਨੇ 'ਤੇ ਨਾ ਧਰੇ।

ਮੋਹਨ ਬੇਗੋਵਾਲ



## ਭੈਣ-ਭਰਾ ਦੇ ਅਟੁੱਟ ਪਿਆਰ ਦਾ ਪ੍ਰਤੀਕ ਰਿਸ਼ਤਾ ਰੱਖੜੀ ਦੇ ਤਿਉਹਾਰ

ਰੱਖੜੀ ਜਾਂ ਰਕਸ਼ਾ ਬੰਧਨ ਭੈਣਾਂ ਅਤੇ ਭਰਾਵਾਂ ਦੇ ਪਵਿੱਤਰ ਰਿਸ਼ਤੇ ਨੂੰ ਸਮਰਪਿਤ ਇੱਕ ਮਹੱਤਵਪੂਰਨ ਤਿਉਹਾਰ ਹੈ। ਰਕਸ਼ਾ ਬੰਧਨ ਦੋ ਸ਼ਬਦਾਂ ਦੇ ਮੇਲ ਨਾਲ ਬਣਿਆ ਹੈ ਜਿਸ ਵਿਚ ਰਕਸ਼ਾ ਦਾ ਅਰਥ ਹੈ ਸੁਰੱਖਿਆ ਅਤੇ ਬੰਧਨ ਦਾ ਅਰਥ ਹੈ ਸੂਤਰ। ਰਕਸ਼ਾ ਬੰਧਨ ਨੂੰ ਪੰਜਾਬੀ ਵਿਚ 'ਰੱਖੜੀ' ਜਾਂ 'ਰੱਖੜੀਆਂ' ਵੀ ਕਿਹਾ ਜਾਂਦਾ ਹੈ ਇਸ ਸ਼ੁਭ ਦਿਨ 'ਤੇ, ਭੈਣਾਂ ਆਪਣੇ ਭਰਾ ਦੇ ਗੁੱਟ 'ਤੇ ਧਾਗਾ ਬੰਨ੍ਹਦੀਆਂ ਹਨ ਅਤੇ ਉਸਦੀ ਲੰਬੀ ਅਤੇ ਖੁਸ਼ਹਾਲ ਜ਼ਿੰਦਗੀ ਲਈ ਬੇਅੰਤ ਅਸੀਸਾਂ ਦਿੰਦੀਆਂ ਹਨ। ਰੱਖੜੀ ਬੰਨ੍ਹਣ ਤੋਂ ਬਾਅਦ ਭੈਣ ਆਪਣੇ ਭਰਾ ਨੂੰ ਮਿਠਾਈ ਖੁਆਉਂਦੀ ਹੈ। ਇਸ ਰੱਖੜੀ ਦੇ ਬਦਲੇ, ਵੀਰ ਸਾਰੀ ਉਮਰ ਆਪਣੀ ਭੈਣ ਦੀ ਸੁਰੱਖਿਆ ਕਰਨ ਦਾ ਵਾਅਦਾ ਕਰਦਾ ਹੈ ਅਤੇ ਪਿਆਰ ਨਾਲ ਨਕਦ ਜਾਂ ਕੁਝ ਤੋਹਫ਼ਾ ਦਿੰਦਾ ਹੈ। ਭੈਣ-ਭਰਾ ਦਾ ਸਦਾ ਹੀ ਖਾਸ ਹੁੰਦਾ ਹੈ। ਬਚਪਨ ਤੋਂ ਇੱਕ-ਦੂਜੇ ਨਾਲ ਖੇਡਣਾ, ਗੱਲਾਂ ਸਾਂਝੀਆਂ ਕਰਨਾ, ਇਕੱਠੇ ਸ਼ਰਾਰਤਾਂ ਕਰਨਾ, ਝਿੜਕੀਆਂ ਖਾਣਾ, ਛੇੜ ਛੇੜਛਾੜ ਤੇ ਚਿੜਾਉਣਾ, ਪਿਆਰੀਆਂ ਲੜਾਈਆਂ ਲੜਨਾ, ਪਰ ਇਕ-ਦੂਜੇ ਤੋਂ ਬਿਨਾਂ ਨਾ ਰਹਿਣਾ, ਇਹ ਹੀ ਹੈ ਭੈਣ ਭਰਾ ਦਾ ਅਮੁਲਾ ਤੇ ਅਟੁੱਟ ਪਿਆਰ।

### ਰੱਖੜੀ ਦੇ ਤਿਉਹਾਰ ਦੀਆਂ ਤਿਆਰੀਆਂ,

ਪੰਜਾਬ ਵਿੱਚ ਰੱਖੜੀ ਦੇ ਤਿਉਹਾਰ ਦੀਆਂ ਤਿਆਰੀਆਂ ਪਹਿਲਾਂ ਤੋਂ ਹੀ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਹੋ ਜਾਂਦੀਆਂ ਹਨ। ਦੁਕਾਨਾਂ ਤੇ ਤਰਾਂ-ਤਰਾਂ ਦੀਆਂ ਸੁੰਦਰ ਰੱਖੜੀਆਂ ਮਿਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਕਾਫ਼ੀ ਦਿਨ ਪਹਿਲਾਂ ਤੋਂ ਹੀ ਬਾਜ਼ਾਰਾਂ ਵਿੱਚ ਚਹਿਲ-ਪਹਿਲ ਸ਼ੁਰੂ ਹੋ ਜਾਂਦੀ ਹੈ ਕਿਉਂਕਿ ਲੋਕ ਆਪਣੇ ਭੈਣ-ਭਰਾਵਾਂ ਲਈ ਖੂਬਸੂਰਤ ਰੱਖੜੀਆਂ, ਮਠਿਆਈਆਂ ਅਤੇ ਤੋਹਫ਼ਿਆਂ ਦੀ ਖਰੀਦਦਾਰੀ ਕਰਦੇ ਹਨ। ਤਿਉਹਾਰ ਦੀ ਖੁਸ਼ੀ ਚਾਰੇ ਪਾਸੇ ਮਹਿਸੂਸ ਕੀਤੀ ਜਾ ਸਕਦੀ ਹੈ।

ਰੱਖੜੀ ਦਾ ਤਿਉਹਾਰ ਸਿਰਫ਼ ਸਗੇ ਭੈਣਾਂ-ਭਰਾਵਾਂ ਤੱਕ ਸੀਮਤ ਨਹੀਂ ਹੈ, ਬਲਕਿ ਇਹ ਖ਼ੂਨ ਦੇ ਰਿਸ਼ਤਿਆਂ ਤੋਂ ਪਰੇ ਹੈ। ਸਗੇ ਭਰਾਵਾਂ ਦੇ ਨਾਲ-ਨਾਲ, ਭੈਣਾਂ ਆਪਣੇ ਨਾਨਕੇ ਅਤੇ ਦਾਦਕੇ ਪਰਿਵਾਰ ਦੇ ਭਰਾਵਾਂ ਨੂੰ ਵੀ ਰੱਖੜੀਆਂ ਬੰਨ੍ਹਦੀਆਂ ਹਨ, ਜੋ ਰਿਸ਼ਤੇਦਾਰੀ ਦੇ ਪਿਆਰੇ ਬੰਧਨ ਨੂੰ ਹੋਰ ਮਜ਼ਬੂਤ ਬਣਾਉਂਦਾ ਹੈ। ਰੱਖੜੀ ਦੇ ਤਿਉਹਾਰ 'ਤੇ ਦੂਰੀ ਵੀ ਕੋਈ ਰੁਕਾਵਟ ਨਹੀਂ ਬਣਦੀ ਕਿਉਂਕਿ ਭੈਣਾਂ ਤੋਂ ਦੂਰ ਰਹਿੰਦੇ ਭਰਾ ਰੱਖੜੀ ਦਾ ਤਿਉਹਾਰ ਇਕੱਠੇ ਮਨਾਉਣ ਲਈ ਉਨ੍ਹਾਂ ਕੋਲ ਆਉਂਦੇ ਹਨ।

ਰੱਖੜੀ, ਰਕਸ਼ਾ ਬੰਧਨੁ ਜਾਂ ਰਾਖੀ ਦਾ ਭਾਵ ਹੈ ਵੀਰ ਭੈਣਾਂ ਦੀ ਰੱਖਿਆ ਕਰਨ ਜਾਂ ਕਹਿ ਲਓ ਰੱਖੜੀ ਬੰਨ੍ਹਾ ਕੇ ਵੀਰ ਭੈਣਾਂ ਦੀ ਕਿਸੇ ਔਕੜ ਸਮੇਂ ਰੱਖਿਆ ਕਰਨ ਜਾ ਕੰਮ ਆਉਣ ਲਈ ਬਚਨ ਵੱਧ ਹੋ ਜਾਂਦੇ ਹਨ। ਇਹ ਇੱਕ ਪ੍ਰਸਿੱਧ ਅਤੇ ਪਰੰਪਰਾਗਤ ਤੌਰ 'ਤੇ ਹਿੰਦੂ ਸਲਾਨਾ ਰੀਤੀ ਹੈ ਅਤੇ ਇਹ ਤਿਉਹਾਰ ਹਿੰਦੂ ਸੰਸਕ੍ਰਿਤੀ ਤੋਂ ਪ੍ਰਭਾਵਿਤ ਹੋ ਕੇ ਦੁਨੀਆਂ ਅਤੇ ਖ਼ਾਸਕਰ ਦੱਖਣੀ ਏਸ਼ੀਆ ਦੇ ਕਈ ਭਾਗਾਂ ਅਤੇ ਧਾਰਮਕ ਸਮੂਹਾਂ ਦੁਆਰਾ ਵੀ ਮਨਾਇਆ ਜਾਂਦਾ ਹੈ। ਰਕਸ਼ਾ ਬੰਧਨੁ ਸਾਵਣ ਮਹੀਨੇ ਦੇ ਅੰਤਮ ਦਿਨ ਤੇ ਮਨਾਇਆ ਜਾਂਦਾ ਹੈ, ਜੋ ਆਮ ਤੌਰ 'ਤੇ ਅਗਸਤ ਵਿੱਚ ਆਉਂਦਾ ਹੈ। ਇਸ ਦਿਨ, ਹਰ ਉਮਰ ਦੀਆਂ ਭੈਣਾਂ ਆਪਣੇ ਭਰਾਵਾਂ ਦੇ ਗੁੱਟ ਦੇ ਦੁਆਲੇ ਰੱਖੜੀ ਨਾਮਕ ਇੱਕ ਤਵੀਤ ਜਾਂ ਤਾਜ਼ੀ ਬੰਨ੍ਹਦੀਆਂ ਹਨ। ਇਹ ਵੀ ਧਾਰਨਾ ਹੈ ਕਿ ਭੈਣਾਂ ਇਸ ਮੌਕੇ ਭਰਾਵਾ ਦੀ ਸੁੱਖ ਮੰਗਦੀਆਂ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕਰਦੀਆਂ ਹਨ ਤੇ ਭਰਾਵਾਂ ਦੀ ਉਮਰ ਦਰਾਜ ਹੋ ਜਾਂਦੀ ਹੈ। ਭੈਣ ਭਰਾਵਾਂ ਦਾ ਇੱਕ ਦੂਜੇ ਨੂੰ ਮਿਲਣ ਦਾ ਸਬੱਬ ਬਣ ਜਾਂਦਾ ਹੈ ਇਹ ਤਿਉਹਾਰ। ਕਿਉਂਕਿ ਇਸ ਮਸ਼ੀਨੀ ਯੁੱਗ ਵਿੱਚ ਇੱਕ ਦੂਜੇ ਨੂੰ ਮਿਲਣ ਲਈ ਸਮੇਂ ਦਾ ਜਿਵੇਂ ਕਾਲ ਪੈ ਗਿਆ ਹੈ।

ਸਾਉਣ ਮਹੀਨੇ ਦੀ ਪੂਰਨਮਾਸ਼ੀ ਨੂੰ ਜੋ ਤਿਉਹਾਰ ਮਨਾਇਆ ਜਾਂਦਾ ਹੈ, ਉਸ ਨੂੰ ਰੱਖੜੀ ਕਹਿੰਦੇ ਹਨ। ਕਈ ਇਲਾਕਿਆਂ ਵਿਚ ਰੱਖੜੀ ਨੂੰ ਰਾਖੀ ਕਹਿੰਦੇ ਹਨ। ਇਸ ਦਿਨ ਭੈਣਾਂ ਆਪਣੇ ਵੀਰ ਦੀ ਵੀਣੀ ਤੇ ਰੱਖੜੀ ਬੰਨ੍ਹਦੀਆਂ ਹਨ। ਰੱਖੜੀ ਦਾ ਅਰਥ ਹੈ ਰਾਖੀ ਕਰਨਾ। ਇਸ ਲਈ ਇਸ ਤਿਉਹਾਰ ਸਮੇਂ ਭੈਣਾਂ ਆਪਣੀ ਰਾਖੀ ਲਈ ਆਪਣੇ ਵੀਰਾਂ ਦੇ ਰੱਖੜੀ ਬੰਨ੍ਹਦੀਆਂ ਹਨ। ਆਪਣੇ ਵੀਰਾਂ ਦੀ ਲੰਮੀ ਉਮਰ ਦੀਆਂ ਸੁੱਖਾਂ ਸੁੱਖਦੀਆਂ ਹਨ। ਪਹਿਲੇ ਸਮਿਆਂ ਵਿਚ ਰੱਖੜੀ ਦਾ ਤਿਉਹਾਰ ਬਹੁਤ ਹੀ ਸਾਦਾ ਮਨਾਇਆ ਜਾਂਦਾ ਸੀ। ਦੁਕਾਨ ਤੋਂ ਰੰਗ ਬਰੰਗੀ ਲੋਗੜੀ ਖਰੀਦੀ ਜਾਂਦੀ ਸੀ। ਉਸ ਦੀ ਡੋਰ ਵੱਟ ਕੇ ਵੀਰ ਦੇ ਗੁੱਟ ਤੇ ਬੰਨ੍ਹ ਦਿੱਤੀ ਜਾਂਦੀ ਸੀ। ਵੀਰ ਆਪਣੀ ਭੈਣ ਨੂੰ ਇਕ ਰੁਪਇਆ ਸ਼ਗਨ ਵਜੋਂ ਦੇ ਦਿੰਦਾ ਸੀ। ਕਈ ਭੈਣਾਂ ਵੱਟੀ ਡੋਰ ਵਿਚ ਲੋਗੜੀ ਦਾ ਫੁੱਲ ਬਣਾ ਕੇ ਲਾ ਦਿੰਦੀਆਂ ਸਨ। ਇਹ ਰੱਖੜੀ ਕਈ ਕਈ ਮਹੀਨੇ ਵੀਰਾਂ ਦੇ ਗੁੱਟ ਤੇ ਬੰਨ੍ਹੀ ਰਹਿੰਦੀ ਸੀ। ਪਹਿਲੇ ਸਮਿਆਂ ਵਿਚ ਵੀਰਾਂ ਤੇ ਭੈਣਾਂ ਦਾ ਆਪਸ ਵਿਚ ਪਿਆਰ ਵੀ ਬਹੁਤ ਹੁੰਦਾ ਸੀ।

ਔਕਸਫੋਰਡ ਇੰਗਲਿਸ਼ ਡਿਕਸ਼ਨਰੀ, ਥਰਡ ਐਡੀਸ਼ਨ, 2008 ਦੇ ਅਨੁਸਾਰ, ਸ਼ਬਦ "ਰਾਖੀ" ਸੰਸਕ੍ਰਿਤ "ਰਕਸ਼ਿਕਾ" ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ ਇੱਕ ਜੋੜ ਜਾਂ ਸੁਰੱਖਿਆ ਤਾਵੀਜ਼।

ਪਿਛੋਕੜ, ਰੱਖੜੀ ਬੰਨਣ ਦਾ ਅਸਲ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਦੋਵੇਂ ਧਿਰਾ ਇਕ ਦੂਜੇ ਨੂੰ ਪਿਆਰ ਅਤੇ ਸਤਿਕਾਰ ਦੇਣ। ਅੱਜ ਦੇ ਯੁੱਗ ਵਿੱਚ ਕਹਿ ਲਓ ਜਾਂ ਕਲਯੁੱਗ ਵਿੱਚ ਕਹਿ ਲਓ, ਭੈਣ ਭਰਾ ਦਾ ਪਾਕ ਪਵਿੱਤਰ ਰਿਸ਼ਤਾ ਵੀ ਤਿੜਕ ਗਿਆ ਹੈ। ਕਿਸੇ ਵੇਲੇ ਵੀਰਾਂ ਦੇ ਸਾਹੀਂ ਜਿਉਣ ਵਾਲੀਆਂ ਭੈਣਾਂ ਵੀ ਜਦੋਂ ਉਨ੍ਹਾਂ ਦੇ ਧੀਆਂ ਪੁੱਤਾਂ ਦੇ ਕਾਰਜ ਹੋ ਜਾਣ ਮਾਮੇ ਛੱਕਾਂ ਪੂਰ ਦੇਣ ਤੇ ਉਨ੍ਹਾਂ ਦੇ ਸੱਸ ਸਹੁਰੇ ਦੇ ਮਰਨੇ ਪਰਨੇ ਵੀ ਵੱਡੇ ਕਰ ਆਉਣ ਤਾਂ ਉਹ ਭਰਾਵਾਂ ਨੂੰ ਬੇਲੋੜੀ ਚੀਜ਼ ਵਾਂਗ ਸਮਝ ਛਡਦੀਆਂ ਹਨ ਤੇ ਉਹ ਭਰਾਵਾਂ ਨਾਲ਼ ਉਮਰਾਂ ਦੀ ਵਰਤੋਂ ਵਾਲੀ ਉੱਚੀ ਸੁੱਚੀ ਤਿਆਗ ਕੇ ਭਰਾਵਾਂ ਨੂੰ ਸਿਰਫ ਵਰਤੋਂ ਦੀ ਚੀਜ਼ ਸਮਝਦੀਆਂ ਹਨ। ਉਹ ਇਸ ਬੋਲੀ ਨੂੰ ਭੁਲਾ ਕੇ ਛੁਟਿਆ ਦੇਂਦੀਆਂ ਹਨ ਜਿਸ ਵਿੱਚ ਭੈਣ ਕਹਿੰਦੀ ਹੈ ਕਿ ਇਕ ਵੀਰ ਦੇਵੀਂ ਵੇ ਰੱਬਾ ਮੇਰੀ ਸਾਰੀ ਉਮਰ ਦੇ ਮਾਪੇ। ਕਿਹਾ ਜਾਂਦਾ ਹੈ ਕਿ ਘਰ ਦੀ ਧੀ ਤੇ ਘਰ ਦਾ ਨੌਕਰ ਸਦਾ ਘਰ ਦੀ ਸੁੱਖ ਮੰਗਦੇ ਹਨ ਪਰ ਅੱਜ ਦੇ ਸਮੇਂ ਤਾਂ ਨੋਕਰ ਵੀ ਪੈਸੇ ਦੇ ਪੁੱਤ ਬਣ ਗਏ ਹਨ ਜੋ ਮਾਲਕ ਨੂੰ ਕਤਲ ਤੱਕ ਕਰ ਦੇਂਦੇ ਹਨ।

ਪਿਛਲੇ ਸਮੇਂ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ ਪੈਂਦਾ ਸੀ। ਦਿਖਾਵੇ ਤੇ ਕੱਪੜੇ ਗਹਿਣੇ ਨਾਲ਼ ਨਹੀਂ। ਬੇਸ਼ੱਕ ਅੱਜ ਵੀ ਅਜਿਹੇ ਭਰਾ ਹਨ; ਜੋ ਭੈਣਾਂ ਨੂੰ ਮਾਪੇ ਯਾਦ ਨਹੀਂ ਆਉਣ ਦੇਂਦੇ ਤੇ ਉਨ੍ਹਾ ਦੇ ਸਾਰੀ ਉਮਰ ਦੇ ਮਾਪੇ ਬਣ ਕੇ ਰਹਿੰਦੇ ਹਨ ਤੇ ਅਜਿਹੀਆਂ ਭੈਣਾਂ ਵੀ ਹਨ ਜੋ ਭਰਾਵਾਂ ਨੂੰ ਮਾਪਿਆਂ ਵਾਂਗ ਤੇ ਪੁੱਤਾਂ ਵਾਂਗ ਸਤਿਕਾਰਦੀਆ ਤੇ ਪਿਆਰਦੀਆਂ ਹਨ ਪਰ ਅਜਿਹੇ ਜਿਊਣੇ ਹੁਣ ਬਹੁਤ ਘੱਟ ਹਨ। ਭੈਣ ਵਾਂਗ ਦੇ ਪਿਆਰ ਦੀ ਪ੍ਰਤੀਕ, ਇਹ ਰੱਖੜੀ ਬੰਨ੍ਹਣ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਦੋਵੇਂ ਧਿਰਾਂ ਇਕ ਦੂਜੇ ਨੂੰ ਪਿਆਰ ਸਤਿਕਾਰ ਦੇਣ ਨਹੀਂ ਤਾਂ ਮਹਿੰਗੀਆ ਤੇ ਖ਼ੂਬਸੂਰਤ ਰੱਖੜੀਆ ਦਾ ਕੋਈ ਮਹੱਤਵ ਨਹੀਂ ਹੈ। ਕਈਂ ਭੈਣਾਂ ਸੋਨੇ ਜਾ ਚਾਂਦੀ ਦੀਆਂ ਰੱਖੜੀਆਂ ਵੀ ਭਰਾ ਦੇ ਬੰਨ੍ਹਦੀਆਂ ਹਨ। ਇਹ ਆਪਣੀ ਪਹੁੰਚ ਜਾਂ ਸੋਚ ਤੇ ਨਿਰਭਰ ਹੈ। ਪਰ ਮੋਹ ਦੀ ਤੰਦ ਤਾਂ ਇੱਕ ਧਾਗਾ ਹੀ ਹੋ ਨਿਬੜਦਾ ਹੈ ਜੋ ਤਾਂ ਉਮਰ ਰੂਹ ਨਾਂਲ ਨਿਪਟਿਆ ਰਹੇ। ਅੱਜ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ਼ ਨਹੀਂ ਕੱਪੜੇ ਤੇ ਗਹਿਣੇ ਜਾ ਪੈਸੇ ਨਾਲ਼ ਪੈਂਦਾ ਹੈ। ਕਈਂ ਭੈਣਾਂ ਉਸੇ ਭਰਾ ਨੂੰ ਜਿਆਦਾ ਮਾਣ ਆਦਰ ਦਿੰਦੀਆਂ ਹਨ ਜਿਹੜਾ ਉਨ੍ਹਾ ਦੀ ਰੱਖੜੀ ਦਾ ਜਿਆਦਾ ਮੁੱਲ ਪਾਉਂਦਾ ਹੈ। ਕਈਂ ਘਰਾਂ ਵਿੱਚ ਭਾਬੀਆਂ ਰੱਖੜੀ ਨੂੰ ਮੱਥੇ ਵੱਟ ਵੀ ਪਾਉਂਦੀਆਂ ਹਨ ਤੇ ਖਰਚ ਤੇ ਖੇਚਲ ਦੋਵਾਂ ਤੋਂ ਕਤਰਾਉਂਦੀਆਂ ਹਨ। ਕਈਂ ਆਈਆਂ ਨਨਾਣਾ ਨੂੰ ਦਿਲੋਂ ਜੀ ਆਇਆਂ ਕਹਿੰਦੀਆਂ ਸਰਦਾ ਬਣਦਾ ਮਾਣ ਕਰਦੀਆਂ ਸੋਚਦੀਆਂ ਹਨ ਕਿ ਇਨ੍ਹਾ ਨੂੰ ਭਰਾ ਓਵੇਂ ਹੀ ਪਿਆਰੇ ਹਨ ਜਿਵੇਂ ਸਾਨੂੰ ਆਪਣੇ ਭਰਾ ਹਨ। ਸਾਰੀਆਂ ਭੈਣਾਂ ਨੂੰ ਰੱਖੜੀ ਨੂੰ ਪੈਸੇ ਨਾਲ਼ ਨਹੀਂ ਤੋਲਦੀਆਂ। ਕਈਂ ਭੈਣਾਂ ਵੀਰ ਦੇ ਘਰ ਦਾ ਫੋਕੇ ਪਾਣੀ ਦਾ ਗਲਾਸ ਪੀ ਕੇ ਵੀ ਅਸੀਸਾਂ ਦੇਣ ਵਾਲੀਆਂ ਹੁੰਦੀਆ ਹਨ ਤੇ ਕਈ ਸੂਟ ਦਾ ਰੰਗ ਪਸੰਦ ਨਾ ਹੋਣ ਤੇ ਮੂੰਹ ਮੋਟਾ ਕਰਨ ਵਾਲੀਆਂ ਵੀ।

ਇਹ ਤਾਂ ਭੈਣ ਭਰਾ ਦੀ ਸਾਂਝ ਤੇ ਸਨੇਹ ਦਾ ਪਿਆਰਾ ਤਿਉਹਾਰ ਹੈ। ਇਕ ਨੂੰ ਇਸੇ ਨਜ਼ਰੀਏ ਤੋਂ ਮਨਾਂਉਣਾ ਚਾਹੀਦਾ ਹੈ। ਰੱਖੜੀ ਦੀ ਕਦਰ ਕੀਮਤ ਉਨਾਂ ਭੈਣਾਂ ਨੂੰ ਪੁੱਛ ਕੇ ਵੇਖੋ ਜਿਨ੍ਹਾਂ ਨੂੰ ਰੱਬ ਨੇ ਵੀਰ ਦਿੱਤਾ ਹੀ ਨਾਂ ਹੋਵੇ ਤੇ ਉਹ ਰੱਬ ਨੂੰ ਵਾਰ ਵਾਰ ਬੇਨਤੀਆਂ ਕਰਦੀਆਂ ਰਹੀਆਂ ਇੱਕ ਵੀਰ ਦੇਈਂ ਵੇ ਰੱਬਾ ਸੌਂਹ ਖਾਣ ਨੂੰ ਬੜਾ ਚਿੱਤ ਕਰਦਾ ਫ਼ੇਰ ਰੱਬ ਦੀ ਮਾਰ ਅੱਗੇ ਕੀ ਜ਼ੋਰ। ਉਹ ਭੈਣਾਂ ਕਿਸੇ ਮੂੰਹ ਬੋਲੇ ਭਰਾ ਜਾ ਤਾਏ_ਚਾਚੇ_ਮਾਮੇ_ਭੂਆ ਦੇ ਪੁੱਤ ਭਰਾ ਦੇ ਰੱਖੜੀ ਬੰਨ੍ਹਦੀਆਂ ਵੀ ਹਨ ਤਾਂ ਵੀ ਉਨ੍ਹਾਂ ਦੀ ਰੂਹ ਮਾਂ ਜਾਏ ਵੀਰ ਪਿਆਰ ਨੂੰ ਤਰਸਦੀ ਰਹਿੰਦੀ ਹੈ। ਕਈ ਵਾਰ ਨੇਕ ਦਿਲ ਭਰਾ ਨਾਲ਼ ਜੰਮਿਆਂ ਵਾਂਗ ਨਿਭ ਵੀ ਜਾਂਦੇ ਹਨ ਪਰ ਇਸ ਸਵਾਰਥੀ ਯੁੱਗ ਵਿੱਚ ਅਜਿਹਾ ਬਹੁਤ ਘੱਟ ਸੰਭਵ ਹੈ ਕਈਂ ਲੋਕ ਕਿਸੇ ਦੀ ਇਸ ਘਾਟ ਤੋਂ ਬਹੁਤ ਉਪਰ ਵੀ ਉਠਾ ਜਾਂਦੇ ਹਨ ਤੇ ਇਸ ਪਵਿੱਤਰ ਰਿਸ਼ਤੇ ਦਾ ਨਾਂ ਕਲੰਕਤ ਕਰਦੇ ਹਨ। ਕਈ ਵਾਰ ਕੋਈ ਭੈਣ ਬਾਹਰਾ ਭਰਾ ਵੀ ਭੈਣ ਦੇ ਪਿਆਰ ਨੂੰ ਤਰਸਦਾ ਹੈ, ਕਿਸੇ ਨੂੰ ਮੂੰਹ ਬੋਲੀ ਭੈਣ ਬਣਾ ਲਵੇ ਤਾਂ ਸਾਡਾ ਸਮਾਜ ਉਸਨੂੰ ਛੇਤੀ ਛੇਤੀ ਸਵੀਕਾਰ ਨਹੀਂ ਕਰਦਾ। ਕਈਂ ਵਾਰ ਇਸ ਪਾਕ ਪਵਿੱਤਰ ਰਿਸ਼ਤੇ ਤੇ ਊਜਾਂ ਦਾ ਚਿੱਕੜ ਵੀ ਪੈਂਦਾ ਹੈ। ਮੂੰਹ ਬੋਲੇ ਰਿਸ਼ਤੇ ਦੀ ਤਸਵੀਰ ਦੇ ਇਹ ਦੋ ਪਾਸੇ ਹਨ, ਅਜਿਹੇ ਰਿਸ਼ਤੇ ਵੀ ਬਹੁਤ ਸੋਚ ਸਮਝ ਕੇ ਬਣਾਉਣੇ ਚਾਹੀਦੇ ਹਨ ਤਾਂ ਜੋ ਰੱਖੜੀ ਦੀ ਮੋਹ ਭਰੀ ਸੁੱਚੀ ਡੋਰ ਮੈਲੀ ਨਾ ਹੋਵੇ।

ਉਹ ਭੈਣਾਂ ਜਿਨ੍ਹਾ ਨੂੰ ਭਰਾ ਦੇ ਕੇ ਇਸ ਰੂਹਾਨੀ ਰਿਸ਼ਤੇ ਦਾ ਅਹਿਸਾਸ ਤੇ ਮਾਣ ਕਰਾ ਕੇ ਡਾਹਡਾ ਰੱਬ, ਭਰਾ ਬਾਹਰੀਆਂ ਕਰ ਦੇਂਦਾ ਹੈ, ਉਨ੍ਹਾ ਦੀ ਰੱਖੜੀ ਵਾਲੀ ਕਲਾਈ ਪਲ ਵਿੱਚ ਲੁੱਟ ਕੇ ਲੈ ਜਾਂਦਾ ਹੈ। ਭੈਣਾਂ ਦੀ ਰੱਖੜੀ ਜਾਂਦੇ ਵੀਰ ਦੀ ਬਾਂਹ ਨਹੀਂ ਫੜ ਸਕਦੀ ਤੇ ਉਸਦੀ ਉਮਰ ਦਰਾਂ ਨਹੀਂ ਕਰ ਸਕਦੀ। ਅਜਿਹੀਆਂ ਭੈਣਾਂ ਤੇ ਰੱਖੜੀ ਵਾਲੇ ਦਿਨ ਕੀ ਬੀਤਦੀ ਹੈ ਇਹ ਉਹ ਹੀ ਜਾਣਦੀਆਂ ਹਨ। ਜਦੋਂ ਉੱਚੇ ਲੰਮੇ ਗੱਭਰੂ ਭਰਾ ਦੀ ਕੜੀ ਵਰਗੀ ਕਲਾਈ ਦੀ ਥਾਂ ਉਸਦੇ ਨਿੱਕੇ ਜਿਹੇ ਪੱਤ ਦੀ ਲਗਰ ਵਰਗੀ ਸੋਹਲ ਕਲਾਈ ਤੇ ਰੱਖੜੀ ਬੰਨ੍ਹਣ ਦੀ ਨੌਬਤ ਆਉਂਦੀ ਹੈ ਤਾਂ ਗਲੀਆਂ ਦੇ ਕੱਖ ਵੀ ਰੋਂਦੇ ਹਨ। ਭੈਣਾਂ ਦਾ ਹਰ ਸਾਹ ਹਉਂਕਾ ਬਣ ਜਾਂਦਾ ਹੈ। ਕਿਸੇ ਤਿਉਹਾਰ ਵਿਹਾਰ ਤੇ ਜਦੋਂ ਭਰਾ ਦੇ ਥਾਂ ਪੁੱਤਾਂ ਵਾਂਗ ਪਾਲੇ ਭਤੀਜੇ ਨੂੰ ਖੜ੍ਹਾ ਕੇ ਭੈਣਾਂ ਕਹਿੰਦੀਆਂ ਹਨ ਪੁੱਤ ਵੀਰ ਦਾ ਭਤੀਜਾ ਮੇਰਾ ਨਿਉਂ ਜੜ੍ਹ ਮਾਪਿਆਂ ਦੀ ਤਾ ਤੁਰ ਗਿਆ ਭਰਾ ਸਾਮਰੱਥ ਉਨ੍ਹਾ ਦੀਆਂ ਅੱਖਾਂ ਅੱਗੇ ਆ ਖੜ੍ਹਦਾ ਹੈ।

ਬੇਸ਼ੱਕ ਅੱਜ ਰਿਸ਼ਤਿਆ ਵਿੱਚ ਪਹਿਲਾਂ ਵਾਲੀ ਨਿੱਘ ਤੇ ਨੇੜਤਾ ਨਹੀਂ ਰਹੀ ਪਰ ਅਜੇ ਵੀ ਕੁਝ ਲੋਕ ਮੋਹ ਭਰੇ ਦਿਲ ਰੱਖਦੇ ਹਨ। ਰੱਖੜੀ ਬਾਰੇ ਇਸ ਲਿਖਤ ਵਿੱਚ ਕੌੜੀਆਂ ਸੱਚਾਈਆਂ ਨੂੰ ਬਿਆਨ ਕੀਤਾ ਗਿਆ ਹੈ। ਉਹ ਸਿਰਫ ਇਸ ਲਈ ਕਿ ਸਾਰੇ ਭੈਣ ਭਰਾ ਇਸ ਰਿਸ਼ਤੇ ਨੂੰ ਮਹਿਜ ਇਕ ਰਸਮੀ ਤਿਉਹਾਰ ਨਾ ਸਮਝਣ। ਇੱਕ ਦੋ ਚਾਰ ਦਿਨ ਬਾਅਦ ਟੁੱਟ ਜਾਣ ਵਾਲੀ ਡੋਰ ਨਾਲ਼ੋਂ ਇਸ ਦੀ ਕਦਰ ਕੀਮਤ ਪੈਂਦੀ ਹੈ। ਦਿਖਾਵਿਆਂ ਨੂੰ ਛੱਡ ਕੇ ਸਾਦਗੀ ਤੇ ਪਿਆਰ ਸਤਿਕਾਰ ਨਾਲ਼ ਇਹ ਮੋਹ ਦੀਆਂ ਤੰਦਾ ਮਜਬੂਤ ਕਰਨੀਆਂ ਭੈਣ ਭਰਾ ਦੇ ਗੂੜ੍ਹੇ ਰਿਸ਼ਤੇ ਲਈ ਵਰਦਾਨ ਬਣ ਜਾਣਗੀਆਂ।

### ਹਿੰਦੂ ਗ੍ਰੰਥਾਂ ਵਿੱਚ ਪ੍ਰਮੁੱਖਤਾ,

ਭਵਿਸ਼ ਪੁਰਾਣ ਅਨੁਸਾਰ ਕ੍ਰਿਸ਼ਨ ਨੇ ਯੁਧਿਸ਼ਠਿਰ ਨੂੰ ਰਾਜ ਪੁਰੋਹਿਤ ਵੱਲੋਂ ਆਪਣੇ ਸੱਜੇ ਗੁੱਟ ਨਾਲ਼ ਇੱਕ ਰਕਸ਼ਾ (ਰੱਖਿਆ) ਬੰਨ੍ਹਣ ਦੀ ਰਸਮ ਦਾ ਵਰਣਨ ਕੀਤਾ ਹੈ।

### ਰਸਮ ਵਿੱਚ ਖੇਤਰੀ ਭਿੰਨਤਾਵਾਂ,

ਨਜ਼ੀਰ ਅਕਬਰਾਬਾਦੀ (1735-1830) ਨੇ ਰੱਖੜੀ ਬਾਰੇ ਉਰਦੂ ਬੋਲੀ ਵਿੱਚ ਨਜ਼ਮ ਲਿਖੀ। ਇਸ ਨਜ਼ਮ ਵਿੱਚ ਉਹ, ਇੱਕ ਮੁਸਲਮਾਨ, ਕਲਪਨਾ ਕਰਦਾ ਹੈ ਕਿ ਤਿਲਕ ਅਤੇ ਪਵਿੱਤਰ ਧਾਗਿਆਂ ਨੂੰ ਲਗਾ ਕੇ ਉਹ ਇੱਕ ਬ੍ਰਾਹਮਣ ਪੁਜਾਰੀ ਦੇ ਰੂਪ ਵਿੱਚ ਵੀ ਆਪਣੇ ਆਲੇ ਦੁਆਲੇ ਦੇ ਸਾਰੇ ਲੋਕਾਂ ਦੇ ਗੁੱਟ 'ਤੇ ਰੱਖੜੀ ਬੰਨ੍ਹ ਸਕੇ।

ਦੱਖਣੀ ਏਸ਼ੀਆ ਦੇ ਵੱਖਰੇ ਭਾਗਾਂ ਵਿੱਚ ਜਦੋਂ ਰਕਸ਼ਾ ਬੰਧਨੁ ਮਨਾਇਆ ਜਾਂਦਾ ਹੈ, ਵੱਖ-ਵੱਖ ਖੇਤਰ ਵੱਖ-ਵੱਖ ਵਿਧੀਆਂ ਨਾਲ਼ ਇਸ ਦਿਨ ਨੂੰ ਮਨਾਉਂਦੇ ਹਨ।

ਪੰਜਾਬ ਵਿੱਚ ਉੱਤਰ ਵਲੋਂ ਹਮੇਸ਼ਾਂ ਹਮਲਾਵਰ ਆਉਂਦੇ ਰਹੇ ਤੇ ਹਰ ਵੈਰੀ ਹਮਲਾਵਰ ਜਾਂਦੀ ਵਾਰੀ ਧੀਆਂ ਭੈਣਾਂ ਨੂੰ ਫੜ ਕੇ ਲੈ ਜਾਂਦਾ ਰਿਹਾ ਤੇ ਗ਼ੁਲਾਮ ਬਣਾ ਲੈਂਦਾ ਰਿਹਾ। ਅਜਿਹੇ ਭੈੜੇ ਵਕਤਾ ਵਿੱਚ ਭੈਣਾਂ ਨੇ ਵੀਰਾਂ ਦੇ ਮਾਣ ਨੂੰ ਵੰਗਾਰਨ ਵਾਸਤੇ ਇਹ ਰਸਮ ਨੂੰ ਅਪਣਾਇਆ। ਭੈਣਾਂ ਹਰ ਸਾਲ ਦੇ ਸਾਲ ਵੀਰਾਂ ਨੂੰ ਰੱਖੜੀ ਬੰਨ੍ਹ ਕੇ ਉਨ੍ਹਾਂ ਦਾ ਧਰਮ ਯਾਦ ਕਰਾਂਦੀਆਂ ਹਨ। ਉਦੋਂ ਤੋਂ ਹੁਣ ਤੱਕ ਇਹ ਰਸਮ ਪ੍ਰਚਲਤ ਹੈ।

ਪੱਛਮੀ ਬੰਗਾਲ ਅਤੇ ਓਡੀਸ਼ਾ ਰਾਜ ਵਿੱਚ, ਇਸ ਦਿਨ ਨੂੰ ਝੂਲਨ ਪੂਰਨੀਮਾ ਵੀ ਕਿਹਾ ਜਾਂਦਾ ਹੈ। ਭਗਵਾਨ ਕ੍ਰਿਸ਼ਨ ਅਤੇ ਰਾਧਾ ਦੀ ਪੂਜਾ ਉੱਥੇ ਕੀਤੀ ਜਾਂਦੀ ਹੈ। ਭੈਣਾਂ ਭਰਾਵਾਂ ਨੂੰ ਰੱਖੜੀ ਬੰਨ੍ਹਦੀਆਂ ਹਨ ਅਤੇ ਅਮਰ ਰਹਿਣ ਦੀ ਇੱਛਾ ਰੱਖਦੀਆਂ ਹਨ।

ਮਹਾਂਰਾਸ਼ਟਰ ਵਿੱਚ, ਕੋਲੀ ਸੰਪ੍ਰਦਾ ਵਿੱਚ, ਰੱਖਿਆ ਬੰਨਣ / ਰੱਖੜੀ ਪੂਰਨਮਾ ਦਾ ਤਿਉਹਾਰ ਨਾਰਲੀ ਪੌਰਨੀਮਾ (ਨਾਰੀਅਲ ਦਿਵਸ ਤਿਉਹਾਰ) ਦੇ ਨਾਲ਼ ਮਨਾਇਆ ਜਾਂਦਾ ਹੈ। ਕੋਲੀਸ ਸਮੁੰਦਰੀ ਕੰਢੇ ਰਾਜ ਦਾ ਮਛੇਰਿਆਂ ਦਾ ਸਮੂਹ ਹੈ। ਮਛੇਰੇ ਸਾਗਰ ਦੇ ਹਿੰਦੂ ਦੇਵਤੇ ਭਗਵਾਨ ਵਰੁਣ ਨੂੰ ਉਨ੍ਹਾਂ ਦੀਆਂ ਅਸੀਸਾਂ ਲੈਣ ਲਈ ਅਰਦਾਸ ਕਰਦੇ ਹਨ। ਰੀਤੀ ਰਿਵਾਜਾਂ ਦੇ ਹਿੱਸੇ ਵੱਜੋਂ, ਨਾਰੀਅਲ ਨੂੰ ਭਗਵਾਨ ਵਰੁਣ ਨੂੰ ਭੇਟ ਵੱਜੋਂ ਸਮੁੰਦਰ ਵਿੱਚ ਸੁੱਟ ਦਿੱਤਾ ਗਿਆ। ਕੁੜੀਆਂ ਅਤੇ ਔਰਤਾਂ ਆਪਣੇ ਭਰਾਵਾਂ ਦੇ ਗੁੱਟ 'ਤੇ ਰੱਖੜੀ ਬੰਨਦੀਆਂ ਹਨ।

ਉੱਤਰੀ ਭਾਰਤ ਦੇ ਖੇਤਰਾਂ ਵਿੱਚ, ਜਿਆਦਾਤਰ ਜੰਮੂ ਵਿੱਚ, ਜਨਮ ਅਸ਼ਟਮੀ ਅਤੇ ਰਕਸ਼ਾ ਬੰਧਨੁ ਦੇ ਨੇੜਲੇ ਮੌਕਿਆਂ ਤੇ ਪਤੰਗ ਉਡਾਉਣਾ ਆਮ ਹੈ। ਅਸਮਾਨ ਨੂੰ ਇਨ੍ਹਾਂ ਦੋ ਤਰੀਕਾਂ ਦੇ ਆਸ ਪਾਸ ਅਤੇ ਆਲੇ ਦੁਆਲੇ, ਸਾਰੇ ਅਕਾਰ ਦੀਆਂ ਪਤੰਗਾਂ ਨਾਲ਼ ਵੇਖਣਾ ਸਧਾਰਨ ਹੈ। ਸਥਾਨਕ ਲੋਕ ਕਿਲੋਮੀਟਰ ਦੇ ਮਜ਼ਬੂਤ ਪਤੰਗ ਦੀਆਂ ਤਾਰਾਂ ਖਰੀਦਦੇ ਹਨ, ਜਿਸ ਨੂੰ ਆਮ ਤੌਰ 'ਤੇ ਸਥਾਨਕ ਭਾਸ਼ਾ ਵਿੱਚ "ਗੱਟੂ ਦਰਵਾਜ਼ਾ" ਕਿਹਾ ਜਾਂਦਾ ਹੈ।

ਹਰਿਆਣੇ ਦੇ ਵਿੱਚ, ਰਕਸ਼ਾ ਬੰਧਨੁ ਮਨਾਂਉਣ ਤੋਂ ਇਲਾਵਾ, ਲੋਕ ਸਲੋਨੋ ਦਾ ਤਿਉਹਾਰ ਮਨਾਉਂਦੇ ਹਨ। ਸਲੋਨੋ ਪੁਜਾਰੀਆਂ ਦੁਆਰਾ ਲੋਕਾਂ ਦੀਆਂ ਗੁੱਟਾਂ 'ਤੇ ਬੁਰਾਈਆਂ ਵਿਰੁੱਧ ਤਵੀਤ ਬੰਨ੍ਹਣ ਦਾ ਤਿਉਹਾਰ ਮਨਾਇਆ ਜਾਂਦਾ ਹੈ।

ਨੇਪਾਲ਼ ਵਿੱਚ, ਰਕਸ਼ਾ ਬੰਧਨੁ ਨੂੰ ਜੈਨਈ ਪੂਰਨੀਮਾ ਜਾਂ ਰਿਸ਼ੀਤਰਪਨੀ ਕਿਹਾ ਜਾਂਦਾ ਹੈ, ਅਤੇ ਇਸ ਵਿੱਚ ਇਕ ਪਵਿੱਤਰ ਧਾਗਾ ਸਮਾਰੋਹ ਸ਼ਾਮਲ ਹੁੰਦਾ ਹੈ। ਇਹ ਨੇਪਾਲ ਦੇ ਹਿੰਦੂਆਂ ਅਤੇ ਬੋਧੀਆਂ ਦੋਵਾਂ ਦੁਆਰਾ ਮਨਾਇਆ ਜਾਂਦਾ ਹੈ। ਹਿੰਦੂ ਪੁਰਸ਼ਾਂ ਉਹ ਧਾਗਾ ਬਦਲਦੇ ਹਨ ਜਿਸ ਨੂੰ ਉਹ ਆਪਣੇ ਛਾਤੀ (ਜੈਨਾਈ) ਦੇ ਦੁਆਲੇ ਪਹਿਨਦੇ ਹਨ, ਜਦੋਂ ਕਿ ਨੇਪਾਲ ਦੇ ਕੁਝ ਭਾਗਾਂ ਵਿੱਚ ਲੜਕੀਆਂ ਅਤੇ ਔਰਤਾਂ ਆਪਣੇ ਭਰਾ ਦੇ ਗੁੱਟ 'ਤੇ ਰੱਖੜੀ ਬੰਨਦੀਆਂ ਹਨ। ਤਿਹਾੜ (ਜਾਂ ਦੀਵਾਲੀ) ਦੇ ਤਿਉਹਾਰ ਦੇ ਇੱਕ ਦਿਨ ਦੌਰਾਨ ਨੇਪਾਲ ਦੇ ਦੂਸਰੇ ਹਿੰਦੂਆਂ ਦੁਆਰਾ ਰੱਖਿਆ ਬੰਧਨੁ ਵਰਗਾ ਭਰਾ ਭੈਣ ਦਾ ਤਿਉਹਾਰ ਮਨਾਇਆ ਜਾਂਦਾ ਹੈ।

ਇਹ ਤਿਉਹਾਰ ਸ਼ੈਵ ਹਿੰਦੂਆਂ ਦੁਆਰਾ ਮਨਾਇਆ ਜਾਂਦਾ ਹੈ, ਅਤੇ ਨੇਵਾਰ ਸੰਪ੍ਰਦਾ ਵਿੱਚ ਗੁਨੂੰ ਪੁਨਹੀ ਦੇ ਨਾਮ ਨਾਲ਼ ਪ੍ਰਸਿੱਧ ਹੈ।

### ਇਤਿਹਾਸਕ ਘਟਨਾਵਾਂ,

1535 ਈ. ਜਦੋਂ ਚਿਤੌੜ ਦੇ ਰਾਜੇ ਦੀ ਵਿਧਵਾ ਮਹਾਂਰਾਣੀ ਕਰਨਾਵਤੀ ਨੂੰ ਪਤਾ ਲੱਗਾ ਕਿ ਉਹ ਗੁਜਰਾਤ ਦੇ ਸੁਲਤਾਨ ਬਹਾਦਰ ਸ਼ਾਹ ਦੇ ਹਮਲੇ ਦਾ ਬਚਾਅ ਨਹੀਂ ਕਰ ਸਕਦੀ, ਤਾਂ ਉਸਨੇ ਮੁਗਲ ਸਮਰਾਟ ਹੁਮਾਯੂੰ ਨੂੰ ਰੱਖੜੀ ਭੇਜੀ। ਸਮਰਾਟ, ਕਹਾਣੀ ਦੇ ਇੱਕ ਸੰਸਕਰਣ ਦੇ ਅਨੁਸਾਰ, ਚਿਤੌੜ ਦੀ ਰੱਖਿਆ ਲਈ ਆਪਣੀਆਂ ਸੈਨਾਵਾਂ ਨਾਲ਼ ਰਵਾਨਾ ਹੋਇਆ। ਉਹ ਬਹੁਤ ਦੇਰ ਨਾਲ਼ ਪਹੁੰਚਿਆ, ਅਤੇ ਬਹਾਦਰ ਸ਼ਾਹ ਪਹਿਲਾਂ ਹੀ ਮਹਾਂਰਾਣੀ ਦੇ ਕਿਲ੍ਹੇ 'ਤੇ ਕਬਜਾ ਕਰ ਚੁੱਕਾ ਸੀ। ਮੁਗਲ ਦਰਬਾਰ ਵਿੱਚ ਇਤਿਹਾਸਕਾਰਾਂ ਦੁਆਰਾ ਰੱਖੜੀ ਦੇ ਕਿੱਸੇ ਦਾ ਉੱਲੇਖ ਨਹੀਂ ਕੀਤਾ ਗਿਆ ਹੈ ਅਤੇ ਕੁੱਝ ਇਤਿਹਾਸਕਾਰਾਂ ਨੇ ਇਨ੍ਹਾਂ ਘਟਨਾਵਾਂ ਦੀ ਅਸਲੀਅਤ ਤੇ ਸੰਦੇਹ ਪ੍ਰਗਟ ਕੀਤਾ ਹੈ।

### ਦਾਵਤ ਅਤੇ ਆਨੰਦ,

ਪੰਜਾਬ ਵਿੱਚ ਰੱਖੜੀ ਦਾ ਤਿਉਹਾਰ ਸਿਰਫ਼ ਰਸਮਾਂ ਨਿਭਾਉਣ ਤੱਕ ਹੀ ਸੀਮਤ ਨਹੀਂ ਹੈ। ਪਰਿਵਾਰ ਦੇ ਸਾਰੇ ਮੈਂਬਰ ਇਕੱਠੇ ਬੈਠ ਕੇ ਵੱਖ-ਵੱਖ ਮਿਠਾਈਆਂ ਤੇ ਪੰਜਾਬੀ ਪਕਵਾਨਾਂ ਦੀ ਸ਼ਾਨਦਾਰ ਦਾਵਤ ਵਿੱਚ ਸ਼ਾਮਲ ਹੁੰਦਾ ਹੈ। ਇਹ ਦਿਨ ਖੁਸ਼ੀ, ਪਿਆਰ ਅਤੇ ਪਰਿਵਾਰ ਤੇ ਰਿਸ਼ਤੇਦਾਰਾਂ ਦੇ ਇਕੱਠੇ ਹੋਣ ਦਾ ਸਮਾਂ ਹੈ। ਰੱਖੜੀ ਦਾ ਤਿਉਹਾਰ ਪੰਜਾਬ ਵਿੱਚ ਖੁਸ਼ੀ, ਪਿਆਰ ਅਤੇ ਏਕਤਾ ਦਾ ਸਮਾਂ ਹੈ। ਇਹ ਤਿਉਹਾਰ ਨਾ ਸਿਰਫ਼ ਭੈਣ-ਭਰਾ ਦੇ ਰਿਸ਼ਤੇ ਨੂੰ ਮਜ਼ਬੂਤ ਕਰਦਾ ਹੈ ਸਗੋਂ ਸਾਰੇ ਲੋਕਾਂ ਵਿੱਚ ਪਿਆਰ, ਦਇਆ ਅਤੇ ਏਕਤਾ ਦੀਆਂ ਕਦਰਾਂ-ਕੀਮਤਾਂ ਨੂੰ ਵੀ ਮਜ਼ਬੂਤ ਕਰਦਾ ਹੈ। ਰੱਖੜੀ ਦਾ ਇਹ ਧਾਗਾ ਭੈਣ-ਭਰਾ ਦੇ ਅਟੁੱਟ ਅਤੇ ਅਮਰ ਪਿਆਰ ਦਾ ਪ੍ਰਤੀਕ ਹੈ ਜੋ ਜੀਵਨ ਭਰ ਰਹਿੰਦਾ ਹੈ।



ਡਾ.ਦਵਿੰਦਰ ਕੌਰ ਖੁਸ਼ ਧਾਲੀਵਾਲ,ਖੋਜਕਰਤਾ,ਧੂਰਕੋਟ
ਮੋਗਾ,8847227740

# ਜੀ.ਐਚ.ਜੀ. ਅਕੈਡਮੀ ਵੱਲੋਂ ਕਰਵਾਏ 15ਵੇਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲੇ ਨੇ ਛੱਡੀਆਂ ਅਮਿੱਟ ਪੈੜਾ

## "ਸਾਰੇ ਪ੍ਰਬੰਧਕ ਅਤੇ ਸਹਿਯੋਗੀ ਵਧਾਈ ਦੇ ਪਾਤਰ"



ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਜੀ.ਐਚ.ਜੀ. ਡਾਂਸ ਅਤੇ ਸੰਗੀਤ ਅਕੈਡਮੀ ਫਰਿਜ਼ਨੋ ਵੱਲੋਂ ਪੰਦਰਵਾਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲਾ ਫਰਿਜ਼ਨੋ ਦੇ "ਵਿਲੀਅਮ ਸਰੋਏਨ ਥੀਏਟਰ" (ਿਲਿਓਮ ਸ਼ਓਰੋਓਨ ਠਹਏਟਏਰ) ਵਿੱਚ ਕਰਵਾਇਆ ਗਿਆ। ਜਿਸ ਦੀ ਸੁਰੂਆਤ ਜੀ. ਐਚ. ਜੀ. ਖਾਲਸਾ ਦੀ ਚਲੀ ਆ ਰਹੀ ਮਰਿਯਾਦਾ ਅਨੁਸਾਰ ਸਭ ਨੇ ਰਲ ਕੇ ਪ੍ਰੋਗਰਾਮ ਦੀ ਸਫਲਤਾ ਲਈ ਅਰਦਾਸ ਕੀਤੀ। ਇਸ ਉਪਰੰਤ ਪੰਜਾਬੀ ਸੱਭਿਆਚਾਰ ਨੂੰ ਸਿਜਦਾ ਕਰਦੇ ਹੋਏ ਗਿੱਧੇ ਅਤੇ ਭੰਗੜੇ ਦਾ ਦੌਰ ਵਿੱਚ ਪਹਿਲਾ ਜੀ. ਐਚ. ਜੀ. ਅਕੈਡਮੀਂ ਦੇ ਵੱਲੋਂ ਤਿਆਰ ਟੀਮਾਂ ਦੇ ਬੱਚਿਆਂ ਦੀਆਂ ਟੀਮਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।

ਇਸ ਸਮੇਂ ਅਕੈਡਮੀ ਦੇ ਕੈਂਪ ਦੌਰਾਨ ਸਿਖਲਾਈ ਪ੍ਰਾਪਤ 500 ਤੋਂ ਵਧੀਕ ਬੱਚਿਆਂ ਦੀਆਂ ਟੀਮਾਂ ਨੇ ਸਟੇਜ਼ ਤੋਂ ਆਪਣੀ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜਿੰਨਾਂ ਵਿੱਚ 20 ਸਥਾਨਕ ਕੈਂਪ ਦੀਆਂ 8 ਅੰਤਰਰਾਸ਼ਟਰੀ ਪੱਧਰ ਦੀਆਂ ਟੀਮਾਂ ਸਾਮਲ ਸਨ। ਸਮੂੰਹ ਪੇਸ਼ਕਾਰੀ ਕਰਨ ਵਾਲੇ ਬੱਚਿਆਂ ਨੂੰ ਅਕੈਡਮੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਸਮੇਂ ਅੰਤਰਰਾਸ਼ਟਰੀ ਯੁਵਕ ਮੇਲੇ ਦੇ ਚੱਲੇ ਭੰਗੜੇ ਦੇ ਮੁਕਾਬਲੇ ਦੇ ਮਹਾਂ ਯੁੱਧ ਵਿੱਚ ਅਮਰੀਕਾ ਅਤੇ ਕਨੇਡਾਂ ਦੇ ਵੱਖ-ਵੱਖ ਸ਼ਹਿਰਾਂ ਦੀਆਂ ਟੀਮਾਂ ਨੇ ਪੂਰੇ ਜੋਸ਼ ਅਤੇ ਚੜਦੀਕਲਾ ਨਾਲ ਭੰਗੜੇ ਦੇ ਮੁਕਾਬਲੇ ਕਰਦੇ ਹੋਏ ਖੂਬ ਕਲਾ ਦਾ ਪ੍ਰਦਰਸ਼ਨ ਅਤੇ ਹਾਜ਼ਰੀਨ ਦਾ ਮਨੋਰੰਜਨ ਕੀਤਾ।

ਇਹ ਅੰਤਰ-ਰਾਸ਼ਟਰੀ ਪੱਧਰ ਦੀਆਂ ਟੀਮਾਂ ਦੇ ਮੁਕਾਬਲੇ ਬੜੇ ਦਿਲਚਸਪ ਸਨ। ਸਭ ਟੀਮਾਂ ਨੇ ਆਪਣੀ ਪੂਰੀ ਤਿਆਰੀ ਨਾਲ ਪੇਸ਼ਕਾਰੀ ਕੀਤੀ। ਆਪਸੀ ਮੁਕਾਬਲੇ ਵਿੱਚ ਕੁਝ ਨੰਬਰਾਂ ਦੇ ਹਿਸਾਬ ਨਾਲ ਹੀ ਇੱਕ-ਦੂਜੇ ਤੋਂ ਫ਼ਰਕ ਨਾਲ ਰਹੇ। ਟੀਮਾਂ ਲਈ ਇਨਾਮ ਵੱਖ-ਵੱਖ ਸਪਾਂਸਰਾਂ ਵੱਲੋਂ ਦਿੱਤੇ ਗਏ। ਅੰਤਰਰਾਸ਼ਟਰੀ ਟੀਮਾਂ ਦੇ ਮੁਕਾਬਲੇ ਵਿੱਚ ਪਹਿਲਾ ਸਥਾਨ "ਆਪਣਾ ਭੰਗੜਾ ਕਰਿਓ" ਸਿਆਟਲ ਤੋਂ ਆਈ ਟੀਮ ਨੂੰ ਸ਼ਾਨ-ਏ-ਪੰਜਾਬ ਸਟੋਰ ਵੱਲੋਂ ਸਪਾਂਸਰ ਕੀਤਾ ਗਿਆ। ਜਦ ਕਿ ਦੂਜਾ ਸਥਾਨ "ਸ਼ੌਂਕੀ ਜਵਾਨੀ ਦਾ" ਮਿਸ਼ੀਗਨ ਦੀ ਟੀਮ ਨੂੰ ਜਸਪ੍ਰੀਤ ਸਿੰਘ ਅਟਾਰਨੀ ਵੱਲੋਂ ਸਪਾਂਸਰ ਗਿਆ ਅਤੇ ਤੀਜਾ ਸਥਾਨ "ਗੱਭਰੂ ਯੂਨਿਟ" ਬੇ-ਏਰੀਆ ਵੱਲੋ ਪ੍ਰਾਪਤ ਕੀਤਾ। ਜੋ ਜਗਦੀਪ ਸਿੰਘ ਇੰਨਸੋਰੈਂਸ਼ ਵੱਲੋਂ ਸਪਾਂਸਰ ਗਿਆ ਸੀ।

ਇਸ ਸਮੇਂ ਬੈਸਟ ਡਾਂਸਰ ਫੀਮੇਲ ਦਾ ਖਿਤਾਬ ਕਨੇਡਾ ਤੋਂ ਕੋਹੇਨੂਰ ਟੀਮ ਦੀ ਹਰਨੂਰ ਕੌਰ ਨੇ ਜਿੱਤਿਆ। ਜਦ ਕਿ ਬੈਸਟ ਮੇਲ ਡਾਂਸਰ ਦਾ ਖਿਤਾਬ ਗੱਭਰੂ ਯੂਨਿਟ ਦੇ ਮਨਸੁੱਖ ਨੇ ਜਿੱਤਿਆ। ਇਸੇ ਤਰ੍ਹਾਂ ਬੈਸਟ ਜੋੜੀ ਦਾ ਰੁਤਬਾ ਆਪਣਾ ਭੰਗੜਾ ਕਰਿਉ ਦੇ ਈਸ਼ਰ ਅਤੇ ਜੱਸੀ ਨੇ ਪ੍ਰਾਪਤ ਕੀਤਾ। ਜਦ ਕਿ ਬੈਸਟ ਮਿਕਸ "ਸ਼ੌਕ ਜਵਾਨੀ ਦਾ" ਮਿਸੀਗਨ ਨੇ ਪ੍ਰਾਪਤ ਕੀਤਾ।

ਹੁਣ ਸਾਰਾ ਸਾਲ ਆਪਣੇ ਸਟੂਡੀਓ ਵਿੱਚ ਭੰਗੜਾ ਸਿਖਲਾਈ ਦੇਣ ਵਾਲੀ ਜੀ. ਐਚ. ਜੀ. ਅਕੈਡਮੀ ਦੇ ਸਿੱਖਿਆਰਥੀਆਂ ਦੀ ਟੀਮ ਨੇ ਵੀ ਹਮੇਸ਼ਾ ਵਾਂਗ ਬਾ-ਕਮਾਲ ਪੇਸ਼ਕਾਰੀ ਕੀਤੀ। ਜਿਸ ਵਿੱਚ ਭੰਗੜੇ ਤੋਂ ਇਲਾਵਾ ਬਾਬਿਆਂ ਦਾ "ਮਲਵਈ ਗਿੱਧਾ" ਅਤੇ "ਮਾਂਵਾਂ ਦਾ ਗਿੱਧਾ" ਦੀ ਪੇਸ਼ਕਾਰੀ ਨੇ ਪੰਜਾਬੀ ਸੱਭਿਆਚਾਰ ਦੀ ਅਸਲ ਤਸਵੀਰ ਪੇਸ਼ ਕਰਦੇ ਹੋਏ ਰੂਬ ਰੰਗ ਬੰਨੇ। ਇਸੇ ਤਰਾਂ ਸਭ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਨਮਾਨ ਚਿੰਨ ਦਿੱਤੇ ਗਏ।

ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਦੀ ਮੁੱਖ ਭੂਮਿਕਾ ਬੀਬੀ ਆਸ਼ਾ ਸ਼ਰਮਾਂ ਨੇ ਹਮੇਸ਼ਾ ਵਾਂਗ ਬਾਖੂਬੀ ਨਿਭਾਈ। ਜਦ ਕਿ ਉਨ੍ਹਾਂ ਦਾ ਸਾਥ ਅਕੈਡਮੀਂ ਦੇ ਸਰਗਰਮ ਨੌਜਵਾਨ ਆਗੂ ਗੁਰਦੀਪ ਸ਼ੇਰਗਿੱਲ ਅਤੇ ਜਸਪ੍ਰੀਤ ਸਿੰਘ ਸਿੱਧੂ ਨੇ ਦਿੱਤਾ। ਇਸ ਸਮੁੱਚੇ ਕਾਰਜ ਨੂੰ ਨੇਪਰੇ ਚਾੜਨ ਵਿੱਚ ਸਭ ਪ੍ਰਬੰਧਕ ਵਧਾਈ ਦੇ ਪਾਤਰ ਹਨ। ਜਿਸ ਤੋਂ ਸਭ ਹਾਜ਼ਰੀਨ ਬਹੁਤ ਖੁਸ਼ ਸਨ। ਅੱਜ ਦੇ ਸਮੇਂ ਅੰਦਰ ਬੱਚਿਆਂ ਨੂੰ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਕੱਢ ਵੀਡੀਓ ਗੇਮ ਵਰਗੀ ਆਦਤ ਤੋਂ ਦੂਰ ਕਰਨਾ ਅਤੇ ਆਪਣੇ ਸੱਭਿਆਚਾਰਕ ਵਿਰਸੇ ਅਤੇ ਧਰਮ ਨਾਲ ਜੋੜਨ ਦਾ ਇਹ ਇਕ ਪ੍ਰਬੰਧਕਾ ਦਾ ਬਹੁਤ ਵੱਡਾ ਉਪਰਾਲਾ ਹੈ। ਅੱਜ ਇਹ ਲੋੜ ਵੀ ਹੈ ਕਿ ਬੱਚੇ ਘਰ ਦੀ ਚਾਰ ਦੀਵਾਰੀ ਅੰਦਰ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਬਾਹਰ ਬੱਚਿਆਂ ਵਿੱਚ ਲਿਆਉਣਾ ਅਤੇ ਆਪਣੇ ਸੱਭਿਆਚਾਰ ਨਾਲ ਜੋੜਨਾ, ਜਿੱਥੇ ਉਨ੍ਹਾਂ ਦੀ ਮਾਨਸਿਕਤਾ ਨੂੰ ਕਾਇਮ ਰੱਖਦਾ ਹੈ। ਉੱਥੇ ਉਨ੍ਹਾਂ ਵਿੱਚ ਤੰਦਰੁਸਤੀ ਅਤੇ ਸਵੈ-ਵਿਸ਼ਵਾਸ ਵੀ ਪੈਦਾ ਹੁੰਦਾ ਹੈ। ਅੰਤ ਪ੍ਰਬੰਧਕਾਂ ਵੱਲੋਂ ਸਮੂੰਹ ਸਹਿਯੋਗੀਆਂ ਸਨਮਾਨ ਅਤੇ ਹਾਜ਼ਰੀਨ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਅਜਿਹੇ ਪ੍ਰੋਗਰਾਮ ਹੀ ਪੰਜਾਬੀ ਸੱਭਿਆਚਾਰ ਅਤੇ ਬੋਲੀ ਨੂੰ ਆਉਣ ਵਾਲੀਆ ਪੀੜੀਆਂ ਤੱਕ ਚੱਲਦੇ ਰੱਖਣ ਵਿੱਚ ਬਹੁਤ ਸਹਾਇਕ ਹੋਣਗੇ। ਵੀਡੀਓ ਸੇਵਾਵਾਂ ਸਿੰਘ ਪ੍ਰੋਡਕਸ਼ਨ ਵੱਲੋਂ ਨਿਭਾਈਆਂ ਗਈਆਂ। ਇਸ ਸਮੁੱਚੇ ਕਾਰਜ ਲਈ ਪਰਮਜੀਤ ਸਿੰਘ ਧਾਲੀਵਾਲ, ਉਦੈਦੀਪ ਸਿੰਘ ਸਿੱਧੂ, ਗੁਰਦੀਪ ਸਿੰਘ ਸ਼ੇਰਗਿੱਲ ਅਤੇ ਸਮੂੰਹ ਪ੍ਰਬੰਧਕ ਵਧਾਈ ਦੇ ਪਾਤਰ ਹਨ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਹੋਇਆ ਇਹ ਅੰਤਰ-ਰਾਸ਼ਟਰੀ ਯੁਵਕ ਮੇਲਾ ਯਾਦਗਾਰੀ ਹੋ ਨਿਬੜਿਆ।

# ਭਾਰਤ ਮਹਿਲਾ ਏਸ਼ੀਆ ਕੱਪ ਫੁੱਟਬਾਲ ਦੇ ਗਰੁੱਪ 'ਸੀ' ਵਿੱਚ

ਭਾਰਤ ਨੂੰ ਅਗਲੇ ਸਾਲ ਆਸਟਰੇਲੀਆ ਵਿੱਚ ਹੋਣ ਵਾਲੇ ਏਐੱਫਸੀ ਮਹਿਲਾ ਏਸ਼ੀਅਨ ਕੱਪ ਫੁਟਬਾਲ ਟੂਰਨਾਮੈਂਟ ਵਿੱਚ ਜਪਾਨ, ਸਾਬਕਾ ਚੈਂਪੀਅਨ ਚੀਨੀ ਤਾਇਪੇ ਅਤੇ ਵੀਅਤਨਾਮ ਦੇ ਨਾਲ ਗਰੁੱਪ 'ਸੀ' ਵਿੱਚ ਰੱਖਿਆ ਗਿਆ ਹੈ। ਪਹਿਲੀ ਤੋਂ 21 ਮਾਰਚ 2026 ਤੱਕ ਚੱਲਣ ਵਾਲੇ 12 ਟੀਮਾਂ ਦੇ ਟੂਰਨਾਮੈਂਟ ਲਈ ਅੱਜ ਸਿਡਨੀ ਟਾਊਨ ਹਾਲ ਵਿੱਚ ਡਰਾਅ ਕਰਵਾਇਆ ਗਿਆ। ਭਾਰਤੀ ਮਿਡਫੀਲਡਰ ਸੰਗੀਤਾ ਬਾਸਫੋਰ ਤਿੰਨ ਡਰਾਅ ਸਹਾਇਕਾਂ 'ਚੋਂ ਇੱਕ ਸੀ। ਮੁਕਾਬਲੇ ਵਿੱਚ ਹਿੱਸਾ ਲੈਣ ਵਾਲੀਆਂ 12 ਟੀਮਾਂ ਨੂੰ ਚਾਰ-ਚਾਰ ਟੀਮਾਂ ਦੇ ਤਿੰਨ ਗਰੁੱਪਾਂ ਵਿੱਚ ਵੰਡਿਆ ਗਿਆ ਹੈ।

ਭਾਰਤੀ ਟੀਮ ਆਪਣੀ ਮੁਹਿੰਮ ਦੀ ਸ਼ੁਰੂਆਤ 4 ਮਾਰਚ 2026 ਨੂੰ ਪਰਥ ਸਟੇਡੀਅਮ ਵਿੱਚ ਵੀਅਤਨਾਮ ਖ਼ਿਲਾਫ਼ ਮੈਚ ਨਾਲ ਕਰੇਗੀ। ਇਸ ਤੋਂ ਬਾਅਦ ਭਾਰਤ 7 ਮਾਰਚ ਨੂੰ ਉਸੇ ਮੈਦਾਨ 'ਤੇ ਜਪਾਨ ਨਾਲ ਮੁਕਾਬਲਾ ਕਰੇਗਾ ਅਤੇ ਫਿਰ 10 ਮਾਰਚ ਨੂੰ ਪੱਛਮੀ ਸਿਡਨੀ ਸਟੇਡੀਅਮ ਵਿੱਚ ਚੀਨੀ ਤਾਇਪੇ ਨਾਲ ਮੁਕਾਬਲਾ ਹੋਵੇਗਾ। ਹਰ ਗਰੁੱਪ ਦੀਆਂ ਸਿਖਰਲੀਆਂ ਦੋ ਟੀਮਾਂ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੀਆਂ ਦੋ ਸਭ ਤੋਂ ਵਧੀਆ ਟੀਮਾਂ ਕੁਆਰਟਰ ਫਾਈਨਲ ਵਿੱਚ ਪਹੁੰਚਣਗੀਆਂ। ਸੈਮੀਫਾਈਨਲ 'ਚ ਪੁੱਜਣ ਵਾਲੀਆਂ ਚਾਰ ਟੀਮਾਂ ਬ੍ਰਾਜ਼ੀਲ ਵਿੱਚ 2027 'ਚ ਹੋਣ ਵਾਲੇ ਮਹਿਲਾ ਵਿਸ਼ਵ ਕੱਪ ਲਈ ਕੁਆਲੀਫਾਈ ਕਰਨਗੀਆਂ, ਜਦਕਿ ਹਾਰਨ ਵਾਲੀਆਂ ਕੁਆਰਟਰ ਫਾਈਨਲਿਸਟ ਟੀਮਾਂ ਪਲੇਆਫ 'ਚ ਜਾਣਗੀਆਂ, ਜਿੱਥੇ ਵਿਸ਼ਵਵਿਆਪੀ ਮੁਕਾਬਲੇ ਵਿੱਚ ਦੋ ਹੋਰ ਸਥਾਨ ਦਾਅ 'ਤੇ ਲੱਗਣਗੇ। ਜਪਾਨ ਨੇ 2011 ਵਿੱਚ ਮਹਿਲਾ ਵਿਸ਼ਵ ਕੱਪ ਜਿੱਤਿਆ ਸੀ। ਉਹ ਇਸ ਸਮੇਂ ਵਿਸ਼ਵ ਰੈਂਕਿੰਗ ਵਿੱਚ ਸੱਤਵੇਂ ਸਥਾਨ 'ਤੇ ਹੈ। ਵੀਅਤਨਾਮ ਦੀ ਵਿਸ਼ਵ ਰੈਂਕਿੰਗ 37, ਜਦਕਿ ਚੀਨੀ ਤਾਇਪੇ ਦੀ 42 ਹੈ। ਭਾਰਤ ਇਸ ਸਮੇਂ ਦੁਨੀਆ ਵਿੱਚ 70ਵੇਂ ਸਥਾਨ 'ਤੇ ਕਾਬਜ਼ ਹੈ।

# ਸ਼ਤਰੰਜ: ਦਿਵਿਆ ਦੇਸ਼ਮੁਖ ਨੇ ਮਹਿਲਾ ਵਿਸ਼ਵ ਕੱਪ ਦਾ ਖਿਤਾਬ ਜਿੱਤਿਆ



ਭਾਰਤ ਦੀ ਸ਼ਤਰੰਜ ਖਿਡਾਰਨ ਦਿਵਿਆ ਦੇਸ਼ਮੁਖ ਨੇ ਆਪਣੇ ਕਰੀਅਰ ਦੀ ਸਭ ਤੋਂ ਵੱਡੀ ਸਫ਼ਲਤਾ ਹਾਸਲ ਕਰਦਿਆਂ ਅੱਜ ਇੱਥੇ ਹਮਵਤਨ ਅਤੇ ਆਪਣੇ ਤੋਂ ਕਿਤੇ ਵੱਧ ਤਜਰਬੇਕਾਰ ਕੋਨੇਰੂ ਹੰਪੀ ਨੂੰ ਟਾਈਬ੍ਰੇਕਰ ਵਿੱਚ ਹਰਾ ਕੇ ਫੀਧਓ ਮਹਿਲਾ ਵਿਸ਼ਵ ਕੱਪ ਦਾ ਖਿਤਾਬ ਜਿੱਤਿਆ। ਇਸ ਜਿੱਤ ਨਾਲ 19 ਸਾਲਾ ਦਿਵਿਆ ਨੇ ਨਾ ਸਿਰਫ਼ ਇਹ ਵੱਕਾਰੀ ਟੂਰਨਾਮੈਂਟ ਜਿੱਤਿਆ, ਬਲਕਿ ਨਾਲ ਗਰੈਂਡਮਾਸਟਰ ਵੀ ਬਣ ਗਈ, ਜੋ ਟੂਰਨਾਮੈਂਟ ਦੇ ਸ਼ੁਰੂ ਵਿੱਚ ਅਸੰਭਵ ਲੱਗ ਰਿਹਾ ਸੀ। ਉਹ ਗਰੈਂਡਮਾਸਟਰ ਬਣਨ ਵਾਲੀ ਸਿਰਫ਼ ਚੌਥੀ ਭਾਰਤੀ ਮਹਿਲਾ ਅਤੇ ਕੁੱਲ 88ਵੀਂ ਖਿਡਾਰਨ ਹੈ। ਨਾਗਪੁਰ ਦੀ ਇਸ ਖਿਡਾਰਨ ਨੇ ਸ਼ਨਿੱਚਰਵਾਰ ਅਤੇ ਐਤਵਾਰ ਨੂੰ ਖੇਡੇ ਗਏ ਦੋ ਕਲਾਸੀਕਲ ਮੁਕਾਬਲਿਆਂ ਦੇ ਡਰਾਅ ਹੋਣ ਮਗਰੋਂ ਟਾਈਬ੍ਰੇਕਰ ਵਿੱਚ ਜਿੱਤ ਦਰਜ ਕੀਤੀ।

ਦੋ ਕਲਾਸੀਕਲ ਬਾਜ਼ੀ ਡਰਾਅ ਹੋਣ ਮਗਰੋਂ ਟਾਈਬ੍ਰੇਕਰਾਂ ਦਾ ਪਹਿਲਾ ਗਰੁੱਪ ਫ਼ੈਸਲਾਕੁੰਨ ਸਾਬਤ ਹੋਇਆ, ਜਿਸ 'ਚ ਹੰਪੀ ਨੇ ਆਪਣਾ ਸੰਜਮ ਗੁਆ ਬੈਠੀ। ਵਿਸ਼ਵ ਕੱਪ ਅਤੇ ਮਹਿਲਾ ਵਿਸ਼ਵ ਚੈਂਪੀਅਨਸ਼ਿਪ ਨੂੰ ਛੱਡ ਕੇ ਹੰਪੀ ਨੇ ਕੌਮਾਂਤਰੀ ਸ਼ਤਰੰਜ ਵਿੱਚ ਸਭ ਕੁੱਝ ਜਿੱਤਿਆ ਹੈ ਪਰ ਫਿਰ ਜਲਦਬਾਜ਼ੀ ਕਾਰਨ ਵਿਸ਼ਵ ਕੱਪ ਖਿਤਾਬ ਜਿੱਤਣ 'ਚ ਨਾਕਾਮ ਰਹੀ ਹੈ।

ਦਿਵਿਆ ਨੇ ਅੱਜ ਦ੍ਰਿੜਤਾ ਦਿਖਾਈ ਅਤੇ ਇਸ ਜਜ਼ਬੇ ਦਾ ਬੋਨਸ ਗਰੈਂਡਮਾਸਟਰ ਖਿਤਾਬ ਸੀ, ਜੋ ਇਸ ਟੂਰਨਾਮੈਂਟ ਦੇ ਚੈਂਪੀਅਨ ਲਈ ਰਾਖਵਾਂ ਸੀ। ਅੱਜ ਟਾਈਮ-ਕੰਟਰੋਲਰ ਟਾਈਬ੍ਰੇਕਰ ਦੀ ਪਹਿਲੀ ਬਾਜ਼ੀ 'ਚ ਸਫ਼ੈਦ ਮੋਹਰਿਆਂ ਨਾਲ ਖੇਡਦਿਆਂ ਦਿਵਿਆ ਨੇ ਹੰਪੀ ਨੂੰ ਮੁੜ ਡਰਾਅ 'ਤੇ ਰੋਕਿਆ ਪਰ ਦੂਜੀ ਬਾਜ਼ੀ 'ਚ ਕਾਲੇ ਮੋਹਰਿਆਂ ਨਾਲ ਖੇਡਦਿਆਂ ਉਸ ਨੇ ਦੋ ਵਾਰ ਦੀ ਵਿਸ਼ਵ ਰੈਪਿਡ ਚੈਂਪੀਅਨ ਨੂੰ ਹਰਾ ਕੇ ਜਿੱਤ ਦਰਜ ਕੀਤੀ।

ਦਿਵਿਆ ਹੁਣ ਹੰਪੀ, ਡੀ ਹਰਿਕਾ ਅਤੇ ਆਰ ਵੈਸ਼ਾਲੀ ਨਾਲ ਦੇਸ਼ ਦੀਆਂ ਗਰੈਂਡਮਾਸਟਰ ਬਣਨ ਵਾਲੀਆਂ ਮਹਿਲਾਵਾਂ ਦੀ ਸੂਚੀ 'ਚ ਸ਼ਾਮਲ ਹੋ ਗਈ ਹੈ। ਹੰਪੀ 38 ਸਾਲ ਦੀ ਹੈ ਅਤੇ 2002 ਵਿੱਚ ਗਰੈਂਡਮਾਸਟਰ ਬਣੀ, ਜਦਕਿ ਦਿਵਿਆ ਦਾ ਜਨਮ 2005 ਵਿੱਚ ਹੋਇਆ। ਆਪਣੇ ਤੋਂ ਦੁੱਗਣੀ ਉਮਰ ਦੀ ਵਿਰੋਧੀ ਖਿਡਾਰਨ ਖ਼ਿਲਾਫ਼ ਜਿੱਤ ਮਗਰੋਂ ਦਿਵਿਆ ਭਾਵੁਕ ਹੋ ਗਈ। ਦਿਵਿਆ ਨੇ ਕਿਹਾ, ''ਮੈਨੂੰ ਇਸ ਨੂੰ ਸਮਝਣ ਲਈ ਸਮਾਂ ਚਾਹੀਦਾ ਹੈ। ਮੈਨੂੰ ਲੱਗਦਾ ਹੈ ਕਿ ਇਹ ਕਿਸਮਤ ਸੀ ਕਿ ਮੈਨੂੰ ਇਸ ਤਰ੍ਹਾਂ ਗਰੈਂਡਮਾਸਟਰ ਦਾ ਖਿਤਾਬ ਮਿਲਿਆ। ਮੁਕਾਬਲੇ 'ਤੇ ਨੇੜਿਓਂ ਨਿਗ੍ਹਾ ਰੱਖਣ ਵਾਲੇ ਪੰਜ ਵਾਰ ਦੇ ਸਾਬਕਾ ਵਿਸ਼ਵ ਚੈਂਪੀਅਨ ਵਿਸ਼ਵਨਾਥਨ ਆਨੰਦ ਨੇ ਦਿਵਿਆ ਦੀ ਜਿੱਤ ਦੀ ਸਰਾਹਨਾ ਕੀਤੀ ਅਤੇ ਇਸ ਨੂੰ ਭਾਰਤੀ ਸ਼ਤਰੰਜ ਲਈ ਮਹਾਨ ਜਸ਼ਨ ਕਰਾਰ ਦਿੱਤਾ।

# ਬੈਡਮਿੰਟਨ ਦਰਜਾਬੰਦੀ: ਸਾਤਵਿਕ-ਚਿਰਾਗ ਦੀ ਸਿਖ਼ਰਲੇ 10 'ਚ ਵਾਪਸੀ

ਏਸ਼ੀਅਨ ਖੇਡਾਂ ਵਿੱਚ ਸੋਨ ਤਗ਼ਮਾ ਜੇਤੂ ਸਾਤਵਿਕਸਾਈਰਾਜ ਰੰਕੀਰੈੱਡੀ ਅਤੇ ਚਿਰਾਗ ਸ਼ੈੱਟੀ ਨੇ ਬੀਡਬਲਿਊਐੱਫ ਪੁਰਸ਼ ਡਬਲਜ਼ ਵਿਸ਼ਵ ਰੈਂਕਿੰਗ ਵਿੱਚ ਸਿਖਰਲੇ 10 ਵਿੱਚ ਵਾਪਸੀ ਕਰ ਲਈ ਹੈ। ਇਹ ਦੋਵੇਂ ਪਿਛਲੇ ਹਫ਼ਤੇ ਚਾਈਨਾ ਓਪਨ ਦੇ ਸੈਮੀਫਾਈਨਲ ਵਿੱਚ ਪਹੁੰਚੇ ਸਨ, ਜਿਸ ਨਾਲ ਇਨ੍ਹਾਂ ਨੂੰ ਤਿੰਨ ਸਥਾਨਾਂ ਦਾ ਫਾਇਦਾ ਹੋਇਆ। ਸਾਬਕਾ ਵਿਸ਼ਵ ਨੰਬਰ ਇੱਕ ਜੋੜੀ ਅਤੇ ਮੌਜੂਦਾ ਸਮੇਂ ਦਸਵੇਂ ਸਥਾਨ 'ਤੇ ਕਾਬਜ਼ ਚਿਰਾਗ ਅਤੇ ਸਾਤਵਿਕ ਨੂੰ ਮਲੇਸ਼ੀਆ ਦੀ ਜੋੜੀ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਤੋਂ ਪਹਿਲਾਂ ਉਹ ਸਿੰਗਾਪੁਰ ਓਪਨ ਅਤੇ ਇੰਡੀਆ ਓਪਨ ਦੇ ਸੈਮੀਫਾਈਨਲ ਵਿੱਚ ਵੀ ਪੁੱਜੇ ਸਨ।



ਪੁਰਸ਼ ਸਿੰਗਲਜ਼ ਵਿੱਚ ਭਾਰਤ ਦਾ ਸਿਖਰਲਾ ਖਿਡਾਰੀ ਲਕਸ਼ੈ ਸੇਨ 54442 ਅੰਕਾਂ ਨਾਲ 17ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਇਸੇ ਤਰ੍ਹਾਂ ਐੱਚਐੱਸ ਪ੍ਰਣੌਏ ਦੋ ਸਥਾਨ ਉੱਪਰ 33ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਮਹਿਲਾ ਸਿੰਗਲਜ਼ ਵਿੱਚ ਉੱਨਤੀ ਹੁੱਡਾ ਪਿਛਲੇ ਹਫ਼ਤੇ ਦੋ ਵਾਰ ਦੀ ਓਲੰਪਿਕ ਤਗਮਾ ਜੇਤੂ ਪੀਵੀ ਸਿੰਧੂ ਨੂੰ ਹਰਾ ਕੇ ਕਰੀਅਰ ਦੀ ਸਰਵੋਤਮ 31ਵੀਂ ਰੈਂਕਿੰਗ 'ਤੇ ਪਹੁੰਚ ਗਈ ਹੈ। ਸਿੰਧੂ 15ਵੇਂ ਸਥਾਨ 'ਤੇ ਬਰਕਰਾਰ ਹੈ। ਮਹਿਲਾ ਡਬਲਜ਼ ਵਿੱਚ ਟਰੀਸਾ ਜੌਲੀ ਅਤੇ ਗਾਇਤਰੀ ਗੋਪੀਚੰਦ 11ਵੇਂ ਸਥਾਨ 'ਤੇ ਹਨ, ਜਦਕਿ ਤਨੀਸ਼ਾ ਕਰਾਸਟੋ ਅਤੇ ਅਸ਼ਵਨੀ ਪੋਨੱਪਾ ਦੋ ਸਥਾਨ ਉੱਪਰ 45ਵੇਂ ਸਥਾਨ 'ਤੇ ਪਹੁੰਚ ਗਈਆਂ ਹਨ।

# ਭਾਰਤੀ ਟੀਮ ਦੇ ਅਭਿਆਸ ਦੌਰਾਨ ਕਿਊਰੇਟਰ ਤੇ ਭੜਕੇ ਗੌਤਮ ਗੰਭੀਰ

ਭਾਰਤ ਦੇ ਮੁੱਖ ਕੋਚ ਗੌਤਮ ਗੰਭੀਰ ਮੰਗਲਵਾਰ ਨੂੰ ਓਵਲ ਦੇ ਮੁੱਖ ਕਿਊਰੇਟਰ ਲੀ ਫੋਰਟਿਸ ਨਾਲ ਤਿੱਖੀ ਬਹਿਸ ਵਿੱਚ ਉਲਝ ਗਏ। ਉਨ੍ਹਾਂ ਨੂੰ ਗਰਾਊਂਡ ਸਟਾਫ ਵੱਲ ਉਂਗਲੀ ਕਰਦਿਆਂ ਇਹ ਕਹਿੰਦੇ ਸੁਣਿਆ ਗਿਆ, ''ਤੁਸੀਂ ਸਾਨੂੰ ਇਹ ਨਹੀਂ ਦੱਸੋਗੇ ਕਿ ਅਸੀਂ ਕੀ ਕਰਨਾ ਹੈ।'' ਓਵਲ ਵੀਰਵਾਰ ਤੋਂ ਭਾਰਤ ਅਤੇ ਇੰਗਲੈਂਡ ਵਿਚਕਾਰ ਪੰਜਵੇਂ ਅਤੇ ਆਖਰੀ ਟੈਸਟ ਦੀ ਮੇਜ਼ਬਾਨੀ ਕਰਨ ਜਾ ਰਿਹਾ ਹੈ। ਮੈਨਚੈਸਟਰ ਵਿੱਚ ਚੌਥੇ ਮੈਚ ਵਿੱਚ ਸ਼ਾਨਦਾਰ ਵਾਪਸੀ ਕਰਕੇ ਮੈਚ ਡਰਾਅ ਕਰਨ ਤੋਂ ਦੋ ਦਿਨ ਬਾਅਦ ਹੀ ਭਾਰਤੀ ਟੀਮ ਨੇ ਅਭਿਆਸ ਸ਼ੁਰੂ ਕਰ ਦਿੱਤਾ ਹੈ।

ਅਭਿਆਸ ਸੈਸ਼ਨ ਦੇ ਜੋ ਵੀਡੀਓ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਹਨ, ਉਨ੍ਹਾਂ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਗੰਭੀਰ ਕਿਊਰੇਟਰ ਨਾਲ ਜ਼ੁਬਾਨੀ ਬਹਿਸ ਵਿੱਚ ਉਲਝ ਰਹੇ ਹਨ, ਜਿਸ ਕਾਰਨ ਭਾਰਤੀ ਬੱਲੇਬਾਜ਼ੀ ਕੋਚ ਸਿਟਾਂਸ਼ੂ ਕੋਟਕ ਨੂੰ ਦਖਲ ਦੇ ਕੇ ਸਥਿਤੀ ਨੂੰ ਸ਼ਾਂਤ ਕਰਨਾ ਪਿਆ। ਇਹ ਝਗੜਾ ਉਦੋਂ ਸ਼ੁਰੂ ਹੋਇਆ ਜਦੋਂ ਫੋਰਟਿਸ ਨੇ ਗੰਭੀਰ ਨੂੰ ਕਿਹਾ, ''ਮੈਨੂੰ ਇਸਦੀ ਰਿਪੋਰਟ ਕਰਨੀ ਪਵੇਗੀ'' ਅਤੇ ਇਸ 'ਤੇ ਭਾਰਤੀ ਮੁੱਖ ਕੋਚ ਨੇ ਤਿੱਖੇ ਸ਼ਬਦਾਂ ਵਿੱਚ ਜਵਾਬ ਦਿੱਤਾ, ''ਤੁਸੀਂ ਜਾ ਕੇ ਜੋ ਰਿਪੋਰਟ ਕਰਨਾ ਚਾਹੁੰਦੇ ਹੋ, ਉਹ ਕਰ ਦਿਓ।'' ਫਿਰ ਕੋਟਕ ਨੇ ਦਖਲ ਦਿੱਤਾ ਅਤੇ ਉਸ ਨੂੰ ਇੱਕ ਵੱਖਰੇ ਕੋਨੇ ਵਿੱਚ ਲੈ ਗਏ ਅਤੇ ਕਿਹਾ, ''ਅਸੀਂ ਕੁਝ ਵੀ ਨੁਕਸਾਨ ਨਹੀਂ ਕਰਾਂਗੇ।'' ਭਾਰਤੀ ਸਹਾਇਕ ਸਟਾਫ ਜਿਵੇਂ ਕਿ ਗੇਂਦਬਾਜ਼ੀ ਕੋਚ ਮੋਰਨੇ ਮੋਰਕੇਲ ਅਤੇ ਸਹਾਇਕ ਕੋਚ ਰਿਆਨ ਟੇਨ ਡੋਸਚੇਟ ਵੀ ਬਹਿਸ ਨੂੰ ਦੇਖ ਰਹੇ ਸਨ।







